



Twenty-Fifth Year of Publication
ਨਿਊਯਾਰਕ ਐਡੀਸ਼ਨ
Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Email:punjabtimes1@gmail.com
www.punjabtimesusa.com
Punjab Times, Vol 26, Issue 44; November 1, 2025
20451 N. Plum Grove Rd., Palatine, IL 60074
Ph:847-359-0746, Fax:847-705-9388

## ਭਾਰਤ ਦੀ ਕੀਮਤ ’ਤੇ ਪਾਕਿਸਤਾਨ ਨਾਲ ਰਿਸ਼ਤੇ ਨਹੀਂ: ਮਾਰਕੋ ਰੂਬੀਓ



**ਵਾਸ਼ਿੰਗਟਨ:** ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਦਾ ਦੇਸ਼ ਪਾਕਿਸਤਾਨ ਨਾਲ ਆਪਣੇ ਰਣਨੀਤਕ ਸੰਬੰਧਾਂ ਨੂੰ ਵਧਾਉਣ ਦਾ ਚਾਹਵਾਨ ਤਾਂ ਹੈ ਪਰ ਇਹ ਭਾਰਤ ਨਾਲ ਉਸਦੇ ਇਤਿਹਾਸਕ ਤੇ ਅਹਿਮ ਸੰਬੰਧਾਂ ਦੀ ਕੀਮਤ ‘ਤੇ ਨਹੀਂ ਹੋਵੇਗਾ।

ਰੂਬੀਓ ਨੇ ਕੁਆਲਾਲੰਪੁਰ ‘ਚ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨਾਲ ਮੀਟਿੰਗ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਰੂਸ ਨਾਲ ਭਾਰਤ ਦੇ ਊਰਜਾ ਸੰਬੰਧਾਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਭਾਰਤ ਨੇ ਪਹਿਲਾਂ ਹੀ ਕੱਚੇ ਤੇਲ ਦੀ ਖ਼ਰੀਦ ‘ਚ ਵਿਲੱਖਣਤਾ ਲਿਆਉਣ ਦੀ ਇੱਛਾ ਪ੍ਰਗਟਾਈ ਹੈ। ਅਮਰੀਕੀ ਵਿਦੇਸ਼ ਮੰਤਰੀ ਨੇ ਆਸਿਆਨ ਸਿਖ਼ਰ ਸੰਮੇਲਨ ਲਈ ਮਲੇਸ਼ੀਆ ਦੀ ਯਾਤਰਾ ਤੋਂ ਪਹਿਲਾਂ ਪਾਕਿਸਤਾਨ ਨਾਲ ਅਮਰੀਕਾ ਦੇ ਸੰਬੰਧਾਂ ‘ਤੇ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਭਾਰਤ ਸਪੱਸ਼ਟ ਕਾਰਨਾਂ ਤੋਂ ਚਿੰਤਤ ਹੈ ਤੇ ਅਮਰੀਕਾ ਦਾ ਪਾਕਿਸਤਾਨ ਨਾਲ ਸੰਬੰਧ ਨਵੀਂ ਦਿੱਲੀ ਨਾਲ ਸੰਬੰਧਾਂ ਦੀ ਕੀਮਤ ‘ਤੇ ਨਹੀਂ ਹੋਵੇਗਾ। ਰੂਬੀਓ ਨੇ ਕਿਹਾ, ‘ਪਰ ਮੈਨੂੰ ਲੱਗਦਾ ਹੈ ਕਿ ਭਾਰਤ ਨੂੰ ਇਹ ਸਮਝਣਾ ਹੋਵੇਗਾ ਕਿ ਸਾਨੂੰ ਕਈ ਵੱਖ ਵੱਖ ਦੇਸ਼ਾਂ ਨਾਲ ਸੰਬੰਧ ਰੱਖਣੇ ਹਨ। ਉਨ੍ਹਾਂ ਭਾਰਤੀ ਕੂਟਨੀਤੀ ਦੀ ਮਜ਼ਬੂਤੀ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਭਾਰਤ ਦੇ ਕੁਝ ਅਜਿਹੇ ਦੇਸ਼ਾਂ ਨਾਲ ਰਿਸ਼ਤੇ ਹਨ, ਜਿਨ੍ਹਾਂ ਨਾਲ ਅਮਰੀਕਾ ਦੇ ਸਬੰਧ ਨਹੀਂ ਹਨ।

## ਸਹਿਣਸ਼ੀਲਤਾ ਦੀ ਨੀਤੀ ਜ਼ਰੂਰੀ: ਜੈਸ਼ੰਕਰ



**ਨਵੀਂ ਦਿੱਲੀ:** ਭਾਰਤ ਨੇ ਊਰਜਾ ਵਪਾਰ ਦੇ ਲਗਾਤਾਰ ‘ਸੰਕੁਚਿਤ’ ਹੋਣ, ਨਿਯਮਾਂ ਦੇ ਚੋਣਵੇਂ ਉਪਯੋਗ ਅਤੇ ਬਾਜ਼ਾਰ ਪਹੁੰਚ ਮੁੱਦਿਆਂ ‘ਤੇ ਗੰਭੀਰ ਚਿੰਤਾ ਪ੍ਰਗਟ ਕੀਤੀ। ਇਹ ਟਿੱਪਣੀਆਂ ਰੂਸ ਤੋਂ ਕੱਚੇ ਤੇਲ ਦੀ ਖਰੀਦ ਨੂੰ ਲੈ ਕੇ ਅਮਰੀਕਾ ਨਾਲ ਤਣਾਅਪੂਰਨ ਸੰਬੰਧਾਂ ਦੇ ਪਿਛੋਕੜ ਵਿੱਚ ਆਈਆਂ ਹਨ। ਕੁਆਲਾਲੰਪੁਰ ਵਿੱਚ ਪੂਰਬੀ ਏਸ਼ੀਆ ਸਿਖ਼ਰ ਸੰਮੇਲਨ ਵਿਚ ਆਪਣੇ ਸੰਬੋਧਨ ਵਿਚ, ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਇਹ ਵੀ ਕਿਹਾ ਕਿ ਦੁਨੀਆ ਨੂੰ ਅੱਤਵਾਦ ਪ੍ਰਤੀ ‘ ਸਹਿਣਸ਼ੀਲਤਾ’ ਨੀਤੀ ਅਪਣਾਉਣੀ ਚਾਹੀਦੀ ਹੈ ਕਿਉਂਕਿ ਇਸ ਖਤਰੇ ਤੋਂ ਬਚਾਅ ਦੇ ਅਧਿਕਾਰ ਨਾਲ ਕਦੇ ਵੀ ਸਮਝੌਤਾ ਨਹੀਂ ਕੀਤਾ ਜਾ ਸਕਦਾ। ਬੇਸ਼ੱਕ, ਊਰਜਾ ਵਪਾਰ, ਬਾਜ਼ਾਰ ਪਹੁੰਚ ਅਤੇ ਸਪਲਾਈ ਚੇਨਾਂ ਬਾਰੇ ਉਨ੍ਹਾਂ ਦੀਆਂ ਟਿੱਪਣੀਆਂ ਨੇ ਧਿਆਨ ਖਿੱਚਿਆ। ਉਨ੍ਹਾਂ ਕਿਹਾ ਕਿ ਸਪਲਾਈ ਚੇਨਾਂ ਦੀ ਭਰੋਸੇਯੋਗਤਾ ਅਤੇ ਬਾਜ਼ਾਰਾਂ ਤੱਕ ਪਹੁੰਚ ਬਾਰੇ ਚਿੰਤਾਵਾਂ ਵਧ ਰਹੀਆਂ ਹਨ। ਤਕਨੀਕੀ ਤਰੱਕੀ ਬਹੁਤ ਮੁਕਾਬਲੇ ਵਾਲੀ ਹੋ ਗਈ ਹੈ; ਕੁਦਰਤੀ ਸਰੋਤਾਂ ਦੀ ਖੋਜ ਹੋਰ ਵੀ ਮੁਕਾਬਲੇ ਵਾਲੀ

*(ਬਾਕੀ ਸਫ਼ਾ 6 ’ਤੇ)*

## ਜਥੇਦਾਰ ਗੜਗੱਜ ਦੀ ਦੂਸਰੀ ਵਾਰ ਹੋਈ ਦਸਤਾਰਬੰਦੀ



**ਸ੍ਰੀ ਅਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕਰਵਾਏ ਗਏ ਵਿਸ਼ੇਸ਼ ਸਮਾਗਮ ਦੌਰਾਨ ਤਖ਼ਤ ਸਾਹਿਬਾਨ ਦੇ ਜਥੇਦਾਰ, ਨਿਹੰਗ ਸਿੰਘ ਦਲਾਂ, ਸਿੱਖ ਜਥੇਬੰਦੀਆਂ, ਸੰਪਰਦਾਵਾਂ ਅਤੇ ਸਭਾ ਸੁਸਾਇਟੀਆਂ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਦਸਤਾਰਾਂ ਦੇ ਕੇ ਸਨਮਾਨ ਕੀਤਾ ਗਿਆ। ਇਸ ਸਮਾਗਮ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁੱਖੀ ਜਥੇਦਾਰ. ਬਲਬੀਰ ਸਿੰਘ 96ਵੇਂ ਕਰੋੜੀ, ਦਲ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਤਰਨਾ ਦਲ ਬਾਬਾ ਬਕਾਲਾ ਦੇ ਮੁੱਖੀ ਬਾਬਾ ਜੋਗਾ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ, ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਮੀਤ ਜਥੇਦਾਰ ਗਿਆਨੀ ਜੋਤਇੰਦਰ ਸਿੰਘ, ਬਾਬਾ ਨਿਹਾਲ ਸਿੰਘ ਤਰਨਾ ਦਲ ਹਰੀਆਂ ਵੇਲਾਂ ਵਾਲਿਆਂ ਵੱਲੋਂ ਬਾਬਾ ਨਾਗਰ ਸਿੰਘ, ਸ਼੍ਰੋਮਣੀ ਅਕਾਲੀ ਦਲ ਵੱਲੋਂ ਡਾ. ਦਲਜੀਤ ਸਿੰਘ ਚੀਮਾ, ਬਾਬਾ ਜਗਜੀਤ ਸਿੰਘ ਹਰਖੋਵਾਲ, ਸਮੇਤ ਵੱਖ ਵੱਖ ਸੰਸਥਾਵਾਂ ਦੇ ਮੁਖੀਆਂ ਵਲੋਂ .ਸਿੰਘ ਸਾਹਿਬ ਨੂੰ ਸਨਮਾਨ ਦਿੱਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖ ਪੰਥ ਦੀ ਇਹ ਵਿਲੱਖਣਤਾ ਹੈ ਕਿ ਇਸ ਦੀਆਂ ਜਥੇਬੰਦੀਆਂ ਨੇ ਹਮੇਸ਼ਾ ਪੰਥਕ ਰਵਾਇਤਾਂ ‘ਤੇ ਪਹਿਰਾ ਦਿੱਤਾ ਹੈ। ਉਨ੍ਹਾਂ ਆਖਿਆ ਕਿ ਖਾਲਸਾ ਪੰਥ ਵੱਡਾ ਹੈ ਅਤੇ ਵੱਡਾ ਰਹੇਗਾ, ਜਦਕਿ ਮੈਂ ਪੰਥ ਸਾਹਮਣੇ ਇਕ ਵਾਰ ਨਹੀਂ ਹਜ਼ਾਰ ਵਾਰ ਝੁਕਦਾ ਹਾਂ। ਖਾਲਸਾ ਪੰਥ ਗੁਰੂ ਦਾ ਰੂਪ ਹੈ ਅਤੇ ਮੈਂ ਹਮੇਸ਼ਾ ਪੰਥ ਦੀਆਂ ਰਵਾਇਤਾਂ, ਪ੍ਰੰਪਰਾਵਾਂ ਤੇ ਸਿਧਾਂਤਾਂ ਅਨੁਸਾਰ ਪੰਥ ਦੀ ਸੇਵਾ ਕਰਨ ਦੀ ਕੋਸ਼ਿਸ਼ ਕੀਤੀ ਹੈ।

ਗਿਆਨੀ ਕੁਲਦੀਪ ਸਿੰਘ ਨੇ ਕਿਹਾ ਕਿ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਪੰਥ ਦਾ ਇਕੱਠੇ ਹੋਣਾ ਪੰਥਕ ਏਕਤਾ ਦਾ ਪ੍ਰਗਟਾਵਾ ਹੈ। ਉਨ੍ਹਾਂ ਸਿੱਖ ਜਥੇਬੰਦੀਆਂ ਅਤੇ ਸੰਪ੍ਰਦਾਵਾਂ ਦੇ ਇਤਿਹਾਸ ਨੂੰ ਮਹਾਨ ਕਰਾਰ ਦਿੰਦਿਆਂ ਕਿਹਾ ਕਿ ਇਨ੍ਹਾਂ ਜਥੇਬੰਦੀਆਂ, ਸੰਪ੍ਰਦਾਵਾਂ ਤੇ ਟਕਸਾਲਾਂ ਸਦਕਾ ਹੀ ਕੌਮ ਦੀਆਂ ‘ਰਵਾਇਤਾਂ ਜ਼ਿੰਦਾ ਹਨ।

*(ਬਾਕੀ ਸਫ਼ਾ 6 ’ਤੇ)*







# ਭਗਵਦ ਗੀਤਾ ਭਾਰਤ ਦਾ ਦਾਰਸ਼ਨਿਕ ਵਿਸ਼ਵਕੋਸ਼: ਚੀਨੀ ਬੁੱਧੀਜੀਵੀ

**ਬੀਜਿੰਗ:** ਪੁਰਾਤਨ ਭਾਰਤੀ ਧਰਮਗ੍ਰੰਥ ਸ਼੍ਰੀਮਦ ਭਗਵਦ ਗੀਤਾ ਦੀ ਮਹਿਮਾ ਅੱਗੇ ਹੁਣ ਚੀਨੀ ਬੁੱਧੀਜੀਵੀ ਵੀ ਨਤਮਸਤਕ ਹੋ ਰਹੇ ਹਨ। ਉਨ੍ਹਾਂ ਇਸ ਪ੍ਰਤੀ ਸਤਿਕਾਰ ਤੇ ਸ਼ਰਧਾ ਜ਼ਾਹਿਰ ਕਰਦੇ ਹੋਏ ਕਿਹਾ ਹੈ ਕਿ ਭਗਵਦ ਗੀਤਾ 'ਗਿਆਨ ਦਾ ਅੰਮ੍ਰਿਤ' ਤੇ 'ਭਾਰਤੀ ਸੱਭਿਅਤਾ ਦਾ ਲਘੂ ਇਤਿਹਾਸ' ਹੈ, ਜੋ ਆਧੁਨਿਕ ਸਮੇਂ 'ਚ ਲੋਕਾਂ ਸਾਹਮਣੇ ਆਉਣ ਵਾਲੀਆਂ ਅਧਿਆਤਮਕ ਤੇ ਭੌਤਿਕ ਮੁਸ਼ਕਲਾਂ ਦਾ ਹੱਲ ਪੇਸ਼ ਕਰਦੀ ਹੈ। 'ਸੰਗਮ- ਭਾਰਤੀ ਦਾਰਸ਼ਨਿਕ ਪਰੰਪਰਾਵਾਂ ਦਾ ਸੰਗਮ' ਵਿਸ਼ੇ 'ਤੇ ਭਾਰਤੀ ਦੂਤਘਰ ਵੱਲੋਂ ਕਰਵਾਈ ਗਈ ਇਕ ਗੋਸ਼ਟੀ 'ਚ ਚੀਨੀ ਬੁੱਧੀਜੀਵੀਆਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਗੀਤਾ ਨੂੰ ਭਾਰਤ ਦਾ ਦਾਰਸ਼ਨਿਕ ਵਿਸ਼ਵਕੋਸ਼ ਦੱਸਿਆ ਤੇ ਭੌਤਿਕ ਤੇ ਅਧਿਆਤਮਕ ਸਰਗਰਮੀਆਂ ਵਿਚਾਲੇ ਤਾਲਮੇਲ ਸਥਾਪਿਤ ਕਰਨ ਦੀ ਇਸਦੀ ਸਦੀਵੀ ਅੰਤਰਦ੍ਰਿਸ਼ਟੀ 'ਤੇ ਰੋਸ਼ਨੀ ਪਾਈ।ਇਸ ਪ੍ਰੋਗਰਾਮ ਦੇ ਮੁੱਖ ਬੁਲਾਰੇ 88 ਸਾਲਾ ਪ੍ਰੋਫੈਸਰ ਝਾਂਗ ਬਾਓਸ਼ੇਗ ਸੀ, ਜਿਨ੍ਹਾਂ ਨੇ ਭਗਵਦ ਗੀਤਾ ਦਾ ਚੀਨੀ ਭਾਸ਼ਾ 'ਚ ਅਨੁਵਾਦ ਕੀਤਾ ਹੈ। ਗੀਤਾ ਨੂੰ ਇਕ ਅਧਿਆਤਮਕ ਮਹਾਕਾਵਿ ਦੱਸਦੇ ਹੋਏ ਉਨ੍ਹਾਂ ਕਿਹਾ ਕਿ ਇਸਦਾ ਅਨੁਵਾਦ ਜ਼ਰੂਰੀ ਸੀ ਕਿਉਂਕਿ ਇਹ ਭਾਰਤ ਦੇ ਅਧਿਆਤਮਕ ਨਜ਼ਰੀਏ- ਫ਼ਰਜ਼, ਕਰਮ ਤੇ ਵੈਰਾਗ ਦੇ ਵਿਚਾਰ ਨੂੰ ਪ੍ਰਗਟ ਕਰਦਾ ਹੈ, ਜੋ ਅੱਜ ਵੀ ਭਾਰਤੀ ਜੀਵਨ ਨੂੰ ਆਕਾਰ ਦਿੰਦੇ ਹਨ। ਦੱਖਣ 'ਚ ਕੰਨਿਆਕੁਮਾਰੀ ਤੋਂ ਲੈ ਕੇ ਉੱਤਰ 'ਚ ਗੋਰਖਪੁਰ ਤੱਕ ਭਾਰਤ (1984-86) 'ਚ ਆਪਣੇ ਤਜਰਬਿਆਂ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਉਨ੍ਹਾਂ ਹਰ ਥਾਂ ਭਗਵਾਨ ਕ੍ਰਿਸ਼ਣ ਦੀ ਹਾਜ਼ਰੀ ਨੂੰ ਮਹਿਸੂਸ ਕੀਤਾ ਹੈ। ਉਨ੍ਹਾਂ ਦੇਖਿਆ ਕਿ ਇਸ ਗ੍ਰੰਥ ਦਾ ਭਾਰਤੀ ਮਨੋਵਿਗਿਆਨ, ਨੈਤਿਕਤਾ ਤੇ ਸਮਾਜਿਕ ਜੀਵਨ 'ਤੇ ਇਕ ਜੀਵੰਤ ਪ੍ਰਭਾਵ ਹੈ। ਇਸ ਨੂੰ 'ਭਾਰਤੀ ਸੱਭਿਅਤਾ ਦਾ ਇਕ ਲਘੂ ਇਤਿਹਾਸ' ਦੱਸਦੇ ਹੋਏ ਉਨ੍ਹਾਂ ਕਿਹਾ ਕਿ ਭਗਵਦ ਗੀਤਾ ਨੇ ਚੀਨ ਸਮੇਤ ਦੁਨੀਆ ਦੇ ਬਾਕੀ ਹਿੱਸਿਆਂ 'ਚ ਵੀ ਡੂੰਘੀ ਛਾਪ ਛੱਡੀ, ਜਿਸ ਕਾਰਨ ਇਸਦਾ ਸਾਰੀਆਂ ਅਹਿਮ ਭਾਸ਼ਾਵਾਂ 'ਚ ਅਨੁਵਾਦ ਹੋਇਆ ਹੈ।

ਝੇਜੀਆਂਗ ਯੂਨੀਵਰਸਿਟੀ 'ਚ ਪੂਰਬ ਦਰਸ਼ਨ ਖੋਜ ਕੇਂਦਰ ਦੇ ਡਾਇਰੈਕਟਰ ਪ੍ਰੋਫੈਸਰ ਵਾਂਗ ਝੀ-ਚੇਂਗ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਭਗਵਦ ਗੀਤਾ 5000 ਸਾਲ ਪਹਿਲਾਂ ਭਾਰਤੀ ਜੰਗਭੂਮੀ 'ਤੇ ਆਧਾਰਿਤ ਇਕ ਸੰਵਾਦ ਹੈ, ਜੋ ਸਮੇਂ ਤੋਂ ਪਰੇ ਜਾ ਕੇ ਅੱਜ ਦੀਆਂ ਚਿੰਤਾਵਾਂ ਤੇ ਉਲਝਣਾਂ ਦਾ ਹੱਲ ਦੱਸਦੀ ਹੈ।

ਗੀਤਾ ਨੂੰ ਗਿਆਨ ਦਾ ਅੰਮ੍ਰਿਤ ਦੱਸਦੇ ਹੋਏ ਉਨ੍ਹਾਂ ਕਿਹਾ ਕਿ ਭਗਵਾਨ ਸ੍ਰੀਕ੍ਰਿਸ਼ਣ ਦੇ ਉੱਤਰ ਭਗਵਦ ਗੀਤਾ ਦੇ 700 ਸਲੋਕਾਂ 'ਚ ਘੜੇ ਹਨ।




ਇਹ ਸ਼ਬਦ ਪੁਰਾਣੇ ਸਿਧਾਂਤ ਨਹੀਂ ਹਨ, ਬਲਕਿ ਅਧਿਆਤਮਕ ਕੁੰਜੀਆਂ ਹਨ, ਜੋ ਸਦੀਆਂ ਤੋਂ ਚੱਲੀਆਂ ਆ ਰਹੀਆਂ ਹਨ। ਉਨ੍ਹਾਂ ਚੀਨੀ ਸਰੋਤਿਆਂ ਸਾਹਮਣੇ ਭਗਵਾਨ ਸ੍ਰੀ ਕ੍ਰਿਸ਼ਣ ਵੱਲੋਂ ਦਿੱਤੇ 'ਜੀਵਨ ਦੀਆਂ ਸਮੱਸਿਆਵਾਂ ਦੇ ਹੱਲ ਲਈ ਤਿੰਨ ਗਿਆਨ- ਕਰਮ ਯੋਗ, ਸਾਂਖਯ ਯੋਗ ਤੇ ਭਗਤੀ ਯੋਗ- ਦੇ 'ਮੂਲ' ਦੀ ਰੂਪਰੇਖਾ ਪੇਸ਼ ਕੀਤੀ, ਜੋ ਆਧੁਨਿਕ ਵਿਸ਼ਵ 'ਚ ਲੋਕਾਂ ਸਾਹਮਣੇ ਆਉਣ ਵਾਲੀਆਂ ਸਮੱਸਿਆਵਾਂ ਨਾਲ ਨਜਿੱਠਣ ਦਾ ਰਾਹ ਦਿੰਦੇ ਹਨ। ਉਨ੍ਹਾਂ ਕਿਹਾ ਕਿ ਗੀਤਾ ਦਾ ਗਿਆਨ ਉਹ ਰੋਸ਼ਨੀ ਹੈ, ਜੋ ਉਦੋਂ ਪ੍ਰਗਟ ਹੁੰਦਾ ਹੈ, ਜਦੋਂ ਅਸੀਂ ਭਟਕ ਜਾਂਦੇ ਹਾਂ।

ਸ਼ੇਨਜ਼ੇਨ ਯੂਨੀਵਰਸਿਟੀ 'ਚ ਭਾਰਤੀ ਅਧਿਐਨ ਕੇਂਦਰ ਦੇ ਡਾਇਰੈਕਟਰ ਪ੍ਰੋਫੈਸਰ ਯੂ ਲੋਂਗਿਊ ਨੇ ਕਿਹਾ ਕਿ ਵੱਖ ਵੱਖ ਚੀਨੀ ਬੁੱਧੀਜੀਵੀਆਂ ਵੱਲੋਂ ਕੀਤੇ ਗਏ ਅਧਿਐਨਾਂ ਤੋਂ ਉੱਭਰੇ ਮੁੱਖ ਬਿੰਦੂ ਇਹ ਸਨ ਕਿ ਇਕ ਮਹਾਨ ਸੱਭਿਅਤਾ ਦੇ ਤੌਰ 'ਤੇ ਭਾਰਤ ਕੋਲ ਇਕ ਅਹਿਮ ਸੱਭਿਆਚਾਰਕ ਤੇ ਦਾਰਸ਼ਨਿਕ ਵਿਰਾਸਤ ਹੈ, ਜਿਸਦਾ ਡੂੰਘਾਈ ਨਾਲ ਅਧਿਐਨ ਤੇ ਪ੍ਰਸਾਰ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਆਧੁਨਿਕ ਸਮੇਂ 'ਚ ਚੀਨ ਦੇ ਮੁੱਖ ਬੁੱਧੀਜੀਵੀਆਂ ਨੇ ਅਕਸਰ 'ਤਿੰਨ ਸਿੱਖਿਆਵਾਂ- ਚੀਨੀ, ਪੱਛਮੀ ਤੇ ਭਾਰਤੀ ਨੂੰ ਅਪਣਾਇਆ ਹੈ। ਇਸ ਲਈ ਮੈਂ ਚੀਨੀ ਵਿਦਵਾਨਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਸਮਰਪਣ ਨਾਲ ਭਾਰਤੀ ਸੱਭਿਆਚਾਰ ਦਾ ਅਧਿਐਨ ਕਰਨ ਤੇ ਚੀਨ ਦੀ ਕਾਇਆਕਲਪ, ਭਾਰਤ-ਚੀਨ ਸਦਭਾਵਨਾ ਤੇ ਵਿਸ਼ਵ ਸ਼ਾਂਤੀ 'ਚ ਯੋਗਦਾਨ ਦੇਣ।

ਚੀਨੀ ਬੁੱਧੀਜੀਵੀਆਂ ਦਾ ਸਵਾਗਤ ਕਰਦੇ ਹੋਏ ਚੀਨ 'ਚ ਭਾਰਤੀ ਰਾਜਦੂਤ ਪ੍ਰਦੀਪ ਕੁਮਾਰ ਰਾਵਤ ਨੇ ਕਿਹਾ ਕਿ ਇਹ ਗੋਸ਼ਟੀ ਦੂਤਘਰ ਵੱਲੋਂ ਪਿਛਲੇ ਸਾਲ ਕਰਵਾਏ ਗਏ ਰਾਮਾਇਣ ਸੰਮੇਲਨ ਦਾ ਵਿਸਥਾਰ ਸੀ। ਉਨ੍ਹਾਂ ਕਿਹਾ ਕਿ ਹਜ਼ਾਰਾਂ ਸਾਲਾਂ ਤੋਂ ਭਾਰਤ ਦੀਆਂ ਦਾਰਸ਼ਨਿਕ ਰਵਾਇਤਾਂ ਸਭ ਤੋਂ ਬੁਨਿਆਦੀ ਸਵਾਲਾਂ ਦੇ ਜਵਾਬ ਲੱਭਣ ਦੀ ਕੋਸ਼ਿਸ਼ ਕਰਦੀਆਂ ਰਹੀਆਂ ਹਨ : ਸੱਚ ਕੀ ਹੈ? ਅਸਲੀਅਤ ਦਾ ਰੂਪ ਕੀ ਹੈ? ਗਿਆਨ ਤੇ ਧਰਮ ਪਰਮ ਮੋਕਸ਼ ਵੱਲ ਕਿਵੇਂ ਲਿਜਾਂਦੇ ਹਨ? ਦਰਸ਼ਨ ਜਾਂ ਦਾਰਸ਼ਨਿਕ ਵਿਚਾਰਧਾਰਾਵਾਂ - ਨਿਆਂ ਦੇ ਤਰਕ ਤੋਂ ਲੈ ਕੇ ਯੋਗ ਦੇ ਅਨੁਸ਼ਾਸਨ ਤੱਕ, ਵੇਦਾਂਤ ਦੇ ਆਤਮ ਨਿਰੀਖਣ ਤੋਂ ਲੈ ਕੇ ਬੋਧ ਧਰਮ ਦੀ ਦਿਆ ਤੱਕ- ਗਿਆਨ ਤੇ ਸਦਭਾਵਨਾ ਦੀ ਇਕ ਹੀ ਖੋਜ ਦੇ ਵਿਲੱਖਣ ਮਾਰਗ ਪੇਸ਼ ਕਰਦੀਆਂ ਹਨ।

## 2028 'ਚ ਰਾਸ਼ਟਰਪਤੀ ਚੋਣ ਲੜ ਸਕਦੇ ਨੇ ਹੈਰਿਸ

**ਵਾਸ਼ਿੰਗਟਨ:** ਅਮਰੀਕਾ ਦੀ ਸਾਬਕਾ ਉਪ ਰਾਸ਼ਟਰਪਤੀ ਕਮਲਾ ਹੈਰਿਸ 2028 ਦੀ ਰਾਸ਼ਟਰਪਤੀ ਚੋਣ ਲੜ ਸਕਦੇ ਹਨ। ਉਨ੍ਹਾਂ ਇਹ ਸੰਕੇਤ ਹਾਲ ਹੀ ਵਿਚ ਇਕ ਇੰਟਰਵਿਊ ਦੌਰਾਨ ਦਿੱਤੇ। ਇਸ ਵਿਚ ਉਨ੍ਹਾਂ ਵ੍ਹਾਈਟ ਹਾਊਸ ਲਈ ਇਕ ਹੋਰ ਦੌੜ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਉਮੀਦ ਹੈ ਕਿ ਆਉਣ ਵਾਲੇ ਸਾਲਾਂ 'ਚ ਇਕ ਮਹਿਲਾ ਰਾਸ਼ਟਰਪਤੀ ਬਣੇਗੀ ਤੇ ਇਹ ਸੰਭਾਵੀ ਤੌਰ 'ਤੇ ਉਹ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਮੈਂ ਆਪਣਾ ਪੂਰਾ ਕਰੀਅਰ ਸੇਵਾ ਦਾ ਜੀਵਨ ਬਤੀਤ ਕੀਤਾ ਹੈ ਤੇ ਇਹ ਮੇਰੀਆਂ ਰਗਾਂ 'ਚ ਵਸਿਆ ਹੈ। ਤੇ ਸੇਵਾ ਕਰਨ ਦੇ ਕਈ ਤਰੀਕੇ ਹਨ। ਮੈਂ ਕਦੀ ਲੋਕਮਤ ਸਰਵੇਖਣਾਂ 'ਤੇ ਧਿਆਨ ਨਹੀਂ ਦਿੱਤਾ। ਉਨ੍ਹਾਂ ਹਾਲ ਹੀ ਵਿਚ ਆਪਣੀ ਕਿਤਾਬ '107 ਡੇਜ਼' ਦੀ ਘੁੰਡ-ਚੁਕਾਈ ਤੋਂ ਬਾਅਦ ਕਈ ਇੰਟਰਵਿਊ ਦਿੱਤੇ ਹਨ।



## ਇਸ਼ਤਿਹਾਰ ਤੋਂ ਖਿਝੇ ਟਰੰਪ ਨੇ ਕੈਨੇਡਾ 'ਤੇ ਲਗਾਇਆ 10% ਵਾਧੂ ਟੈਰਿਫ

**ਵਾਸ਼ਿੰਗਟਨ:** ਟੀਵੀ ਇਸ਼ਤਿਹਾਰ ਤੋਂ ਖਿਝੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡਾ 'ਤੇ 10 ਫ਼ੀਸਦੀ ਵਾਧੂ ਟੈਰਿਫ ਲਗਾ ਦਿੱਤਾ ਹੈ। ਕਈ ਕੈਨੇਡੀਅਨ ਵਸਤਾਂ 'ਤੇ ਪਹਿਲਾਂ ਹੀ 35 ਫ਼ੀਸਦੀ ਟੈਰਿਫ ਲਾਗੂ ਹੈ ਜਦਕਿ ਸਟੀਲ ਤੇ ਐਲੂਮੀਨੀਅਮ 'ਤੈ 50 ਫ਼ੀਸਦੀ ਟੈਰਿਫ ਹੈ।





ਊਰਜਾ ਉਤਪਾਦਾਂ 'ਤੇ 10 ਫ਼ੀਸਦੀ ਟੈਰਿਫ ਹੈ। ਟਰੰਪ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਵਾਧੂ 10 ਫ਼ੀਸਦੀ ਟੈਰਿਫ ਕਿਹੜੀਆਂ ਵਸਤਾਂ ਜਾਂ ਖੇਤਰਾਂ 'ਤੇ ਲਾਗੂ ਹੋਵੇਗਾ। ਨਾਲ ਹੀ ਟਰੰਪ ਨੇ ਇਸ਼ਤਿਹਾਰ ਨੂੰ ਤੁਰੰਤ ਹਟਾਉਣ ਦੀ ਚਿਤਾਵਨੀ ਦਿੱਤੀ ਹੈ।ਦਰਅਸਲ, ਕੈਨੇਡਾ 'ਚ ਟੀਵੀ 'ਤੇ ਇਕ ਇਸ਼ਤਿਹਾਰ ਦਿਖਾਇਆ ਜਾ ਰਿਹਾ ਹੈ। ਇਸ ਵਿਚ ਰੀਗਨ ਦੇ 1987 ਦੇ ਉਸ ਸੰਬੋਧਨ ਦਾ ਜ਼ਿਕਰ ਹੈ ਜਿਸ ਵਿਚ ਉਨ੍ਹਾਂ ਨੇ ਵਿਦੇਸ਼ੀ ਸਮਾਨ 'ਤੇ ਟੈਰਿਫ ਦੀ ਆਲੋਚਨਾ ਕੀਤੀ ਸੀ ਅਤੇ ਕਿਹਾ ਸੀ ਕਿ ਟੈਰਿਫ ਕਾਰਨ ਨੌਕਰੀਆਂ ਖ਼ਤਮ ਹੁੰਦੀਆਂ ਹਨ ਅਤੇ ਟਰੇਡ ਵਾਰ ਹੁੰਦੇ ਹਨ। ਟਰੰਪ ਨੇ ਕਿਹਾ ਕਿ ਰੋਨਾਲਡ ਰੀਗਨ ਰਾਸ਼ਟਰ ਦੀ ਸੁਰੱਖਿਆ ਅਤੇ ਅਰਥਚਾਰੇ ਲਈ ਟੈਰਿਫ ਦੇ ਹੱਕ ਵਿਚ ਸਨ ਪਰ ਕੈਨੇਡਾ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਪਸੰਦ ਨਹੀਂ! ਕੈਨੇਡਾ ਨੂੰ ਇਸ਼ਤਿਹਾਰ ਤੁਰੰਤ ਹਟਾਉਣਾ ਚਾਹੀਦਾ ਸੀ ਪਰ ਉਨ੍ਹਾਂ ਨੇ ਇਸ ਨੂੰ ਚੱਲਣ ਦਿੱਤਾ, ਇਹ ਜਾਣਦੇ ਹੋਏ ਕਿ ਇਹ ਧੋਖਾਧੜੀ ਹੈ। ਤੱਥਾਂ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨ ਅਤੇ ਦੁਸ਼ਮਣੀ ਵਾਲੇ ਕਾਰਿਆਂ ਕਾਰਨ ਮੈਂ ਕੈਨੇਡਾ 'ਤੇ ਟੈਰਿਫ ਵਿਚ 10 ਫ਼ੀਸਦੀ ਦਾ ਵਾਧਾ ਕਰ ਰਿਹਾ ਹਾਂ।

ਟਰੰਪ ਨੇ ਐਕਸ 'ਤੇ ਪੋਸਟ ਕੀਤਾ, 'ਇਸ ਧੋਖਾਧੜੀ ਦਾ ਇੱਕੋ-ਇਕ ਮਕਸਦ ਕੈਨੇਡਾ ਦੀ ਇਹ ਆਸ ਸੀ ਕਿ ਅਮਰੀਕਾ ਦੀ ਸੁਪਰੀਮ ਕੋਰਟ ਉਨ੍ਹਾਂ ਟੈਰਿਫਾਂ ਦਾ ਬਚਾਅ ਕਰੇਗੀ ਜਿਨ੍ਹਾਂ ਦਾ ਉਨ੍ਹਾਂ ਨੇ ਸਾਲਾਂ ਤੋਂ ਅਮਰੀਕਾ ਨੂੰ ਨੁਕਸਾਨ ਪਹੁੰਚਾਉਣ ਲਈ ਇਸਤੇਮਾਲ ਕੀਤਾ ਹੈ। ਹੁਣ ਅਮਰੀਕਾ ਕੈਨੇਡੀਅਨ ਅਤੇ ਬਾਕੀ ਦੁਨੀਆ ਦੇ ਟੈਰਿਫ ਤੋਂ ਆਪਣੀ ਸੁਰੱਖਿਆ ਕਰ ਸਕਦਾ ਹੈ।'

## ਇਸਰੋ ਦੋ ਨਵੰਬਰ ਨੂੰ ਲਾਂਚ ਕਰੇਗਾ ਸੰਚਾਰ ਸੈਟੇਲਾਈਟ

**ਬੈਂਗਲੁਰੂ:** ਇਸਰੋ ਦੋ ਨਵੰਬਰ ਨੂੰ ਸ੍ਰੀਹਰੀਕੋਟਾ ਸਥਿਤ ਸਤੀਸ਼ ਧਵਨ ਪੁਲਾੜ ਕੇਂਦਰ ਤੋਂ ਸੀਐੱਮਐੱਸ-03 ਸੰਚਾਰ ਸੈਟੇਲਾਈਟ ਲਾਂਚ ਕਰੇਗਾ। ਇਹ ਭਾਰਤੀ ਧਰਤੀ ਤੋਂ ਭੋਂ-ਸਮਕਾਲੀ ਟ੍ਰਾਂਸਫਰ ਪੰਧ (ਜੀਟੀਓ) 'ਚ ਲਾਂਚ ਹੋਣ ਵਾਲਾ ਸਭ ਤੋਂ ਭਾਰਾ ਸੰਚਾਰ ਸੈਟੇਲਾਈਟ ਹੋਵੇਗਾ। ਭੋਂ-ਸਮਕਾਲੀ ਟ੍ਰਾਂਸਫਰ ਪੰਧ ਇਕ ਲੰਬੀ ਅੰਡਾਕਾਰ ਪੰਧ ਹੈ, ਜਿਸਦੀ ਵਰਤੋਂ ਸੈਟੇਲਾਈਟਸ ਨੂੰ ਉਨ੍ਹਾਂ ਦੀ ਆਖ਼ਰੀ ਭੋਂ-ਸਮਕਾਲੀ ਪੰਧ 'ਚ ਪਹੁੰਚਾਉਣ ਲਈ ਕੀਤੀ ਜਾਂਦੀ ਹੈ। ਇਹ ਲਾਂਚ ਐੱਲਵੀਐੱਮ-3 ਲਾਂਚਿੰਗ ਵਾਹਨ ਨਾਲ ਕੀਤੀ ਜਾਵੇਗੀ। ਐੱਲਵੀਐੱਮ-3 ਲਾਂਚਿੰਗ ਵਾਹਨ ਦਾ ਇਹ ਪੰਜਵਾਂ ਮਿਸ਼ਨ ਹੋਵੇਗਾ। ਪੁਲਾੜ ਏਜੰਸੀ ਅਨੁਸਾਰ, ਸੀਐੱਮਐੱਸ-03 ਇਕ ਬਹੁ-ਬੈਂਡ ਸੰਚਾਰ ਸੈਟੇਲਾਈਟ ਹੈ, ਜਿਸ ਨੂੰ ਭਾਰਤੀ ਹਿੱਸੇ ਸਮੇਤ ਇਕ ਵਿਸਥਾਰ ਸਮੁੰਦਰੀ ਖੇਤਰ 'ਚ ਸੇਵਾਵਾਂ ਦੇਣ ਲਈ ਡਿਜ਼ਾਈਨ ਕੀਤਾ ਗਿਆ ਹੈ। ਇਸਦਾ ਭਾਰ ਲਗਪਗ 4400 ਕਿੱਲੋ ਹੈ। ਐੱਲਵੀਐੱਮ-3 ਦੇ ਪਿਛਲੇ ਮਿਸ਼ਨ ਨੇ ਚੰਦਰਯਾਨ-3 ਮਿਸ਼ਨ ਨੂੰ ਲਾਂਚ ਕੀਤਾ ਸੀ, ਜਿਸ ਵਿਚ ਭਾਰਤ ਚੰਦਰਮਾ ਦੇ ਦੱਖਣੀ ਧੁਰੇ ਕੋਲ ਸਫਲਤਾਪੂਰਵਕ ਉਤਰਨ ਵਾਲਾ ਪਹਿਲਾ ਦੇਸ਼ ਬਣਿਆ ਸੀ।



Maxspurt

Sell, Buy, Invest, Finance or Insure Real Estate & Business In State Of Texas.

MAXSPURT 'ਤੇ ਅਸੀਂ ਇਹ ਸੇਵਾਵਾਂ ਦਿੰਦੇ ਹਾਂ!

REAL ESTATE (RESIDENTIAL & COMMERCIAL)
* ਘਰ ਜਾਂ ਕਮਰਸ਼ੀਅਲ ਜਾਇਦਾਦ ਵੇਚੋ, ਖਰੀਦੋ ਜਾਂ ਕਿਰਾਏ 'ਤੇ ਲਵੋ
* ਆਫ ਮਾਰਕੀਟ Opportunities
* ਖਰੀਦਦਾਰ ਅਤੇ ਵੇਚਣ ਵਾਲਿਆਂ ਦੀ ਨੁਮਾਇੰਦਗੀ
* 1031 ਐਕਸਚੇਂਜ Opportunities

LENDING SOLUTIONS
* ਰੈਜ਼ੀਡੈਂਸ਼ਲ ਮਾਰਟਗੇਜ (CONVENTIONAL, FHA, VA, JUMBO)
* ਕਮਰਸ਼ੀਅਲ ਲੋਨ (RETAIL, MULTIFAMILY, OFFICE, SBA)
* ਬ੍ਰਿਜ ਲੋਨ ਅਤੇ ਹਾਰਡ ਮਨੀ ਫਾਇਨੈਂਸਿੰਗ
* ਲੋਨ ਸਟ੍ਰਕਚਰਿੰਗ ਅਤੇ ਰੀਫਾਇਨੈਂਸ

INSURANCE SERVICES
*ਹੋਮ, ਆਟੋ ਤੇ ਬਿਜ਼ਨਸ ਲਈ ਪ੍ਰਾਪਰਟੀ ਅਤੇ ਕੈਜ਼ੁਐਲਿਟੀ ਇਨਸ਼ੋਰੈਂਸ
* ਕਮਰਸ਼ੀਅਲ ਟਰੱਕ ਅਤੇ ਟਰੱਕਿੰਗ ਇਨਸ਼ੋਰੈਂਸ
* ਮਕਾਨ ਮਾਲਕਾਂ ਲਈ ਰੈਂਟਲ ਇਨਸ਼ੋਰੈਂਸ
* ਵਪਾਰ ਲਈ ਕਸਟਮ ਇਨਸ਼ੋਰੈਂਸ ਪੈਕੇਜ

ਭੂੀੇਓ ੰਓੂਡੀਛਓ & ਭੂੋਖਓੂਓਘਓ
* ਬਿਜ਼ਨਸ ਖਰੀਦੋ ਜਾਂ ਵੇਚੋ
* ਬਿਜ਼ਨਸ ਦੀ ਕੀਮਤ ਅਤੇ ਡੀਲ ਸਟਰਕਚਰ ਕਰਨਾ
* LLC ਜਾਂ CORPORATION ਬਣਾਉਣਾ ਅਤੇ ਲਾਇਸੈਂਸ ਲੈਣਾ
* ਬੁੱਕਕੀਪਿੰਗ, ਅਕਾਊਂਟਿੰਗ ਅਤੇ ਟੈਕਸ ਫਾਈਲਿੰਗ

ASSET MANAGEMENT
* HOA ਅਤੇ ਕਮਿਊਨਿਟੀ ਮੈਨੇਜਮੈਂਟ
* ਕਮਰਸ਼ੀਅਲ ਪ੍ਰਾਪਰਟੀ ਮੈਨੇਜਮੈਂਟ
* ਕੋਆਰਡੀਨੇਸ਼ਨ ਅਤੇ ਮੁਰੰਮਤ *ਕਿਰਾਏਦਾਰ ਸਬੰਧੀ ਸੇਵਾਵਾਂ

ASSET MAINTENANCE
* ਰੁਟੀਨ ਸਰਵਿਸ ਅਤੇ ਮੁਰੰਮਤ
* ਸੁਰੱਖਿਆ ਅਤੇ ਕੰਪਲਾਇੰਸ ਚੈਕ
* ਮੁਰੰਮਤ ਦੀਆਂ ਮੰਗਾਂ ਦੇ ਨਿਪਟਾਰੇ




Maxspurt Lending Inc. (NMLS #2021549), MAXSPURT Realty Inc., and, Manxspurt Insurance Agency Inc. are licensed brokerages operating in the state of Texas, providing regulated services in lending , real estate, and insurance under applicable Texas laws

# 21ਵੀਂ ਸਦੀ ਭਾਰਤ ਤੇ ਆਸਿਆਨ ਦੇਸ਼ਾਂ ਦੀ: ਮੋਦੀ

## 2026 ਨੂੰ ਸਮੁੰਦਰੀ ਸਹਿਯੋਗ ਸਾਲ ਵਜੋਂ ਮਨਾਇਆ ਜਾਵੇਗਾ

**ਨਵੀਂ ਦਿੱਲੀ:** ਭਾਰਤ ਤੇ ਆਸਿਆਨ (ਦੱਖਣੀ ਪੂਰਬੀ ਏਸ਼ਿਆਈ ਦੇਸ਼ਾਂ ਦਾ ਸੰਗਠਨ) ਨੇ ਸਾਲ 2026 ਨੂੰ ਸਮੁੰਦਰੀ ਸਹਿਯੋਗ ਸਾਲ ਦੇ ਤੌਰ 'ਤੇ ਮਨਾਉਣ ਦਾ ਫ਼ੈਸਲਾ ਕੀਤਾ ਹੈ। ਇਸ ਗੱਲ ਦਾ ਐਲਾਨ ਪੀਐੱਮ ਨਰਿੰਦਰ ਮੋਦੀ ਨੇ 23ਵੇਂ ਆਸਿਆਨ- ਭਾਰਤ ਸਿਖ਼ਰ ਸੰਮੇਲਨ 'ਚ ਸ਼ੁਰੂਆਤੀ ਭਾਸ਼ਣ ਦਿੰਦੇ ਹੋਏ ਕੀਤਾ। ਪੀ.ਐੱਮ. ਮੋਦੀ ਨੇ ਕਿਹਾ ਕਿ 21ਵੀਂ ਸਦੀ ਭਾਰਤ ਤੇ ਆਸਿਆਨ ਦੇਸ਼ਾਂ ਦੀ ਹੈ ਤੇ ਭਾਰਤ ਦੀ ਐਕਟ ਈਸਟ ਨੀਤੀ 'ਚ ਆਸਿਆਨ ਅਹਿਮ ਥੰਮ੍ਹ ਹੈ। ਇਹ ਸੰਮੇਲਨ ਮਲੇਸ਼ੀਆ 'ਚ ਕਰਵਾਇਆ ਗਿਆ, ਜਿਸ ਨੂੰ ਪੀਐੱਮ ਮੋਦੀ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਸੰਬੋਧਨ ਕੀਤਾ। ਹਿੰਦ ਪ੍ਰਸ਼ਾਂਤ ਖੇਤਰ 'ਚ ਚੀਨ ਦੀਆਂ ਵਧਦੀਆਂ ਹਮਲਾਵਰ ਸਰਗਰਮੀਆਂ ਤੇ ਅਮਰੀਕਾ ਦੀ ਵਧਦੀ ਸਰਗਰਮੀ ਨੂੰ ਦੇਖਦੇ ਹੋਏ ਪੀਐੱਮ ਦੇ ਉਕਤ ਐਲਾਨ ਨੂੰ ਕਾਫੀ ਅਹਿਮ ਮੰਨਿਆ ਜਾ ਰਿਹਾ ਹੈ। ਇਸਦੇ ਤਹਿਤ ਇੰਡੋਨੇਸ਼ੀਆ, ਫਿਲਪੀਨਜ਼, ਮਲੇਸ਼ੀਆ, ਥਾਈਲੈਂਡ, ਮਿਆਂਮਾਰ, ਕੰਬੋਡੀਆ, ਵੀਅਤਨਾਮ, ਬਰੂਨੇਈ, ਲਾਓਸ, ਸਿੰਗਾਪੁਰ ਤੇ ਪੂਰਬੀ ਤਿਮੋਰ ਨਾਲ ਭਾਰਤ ਸਮੁੰਦਰ ਨਾਲ ਜੁੜੇ ਹਰ ਖੇਤਰ 'ਚ ਆਪਸੀ ਸਹਿਯੋਗ ਨੂੰ ਵਧਾਏਗਾ। ਇਸ ਵਿਚ ਕਾਰੋਬਾਰ ਤੇ ਰਣਨੀਤਕ ਖੇਤਰ ਵੀ ਸ਼ਾਮਲ ਹੋਵੇਗਾ। ਪੀਐੱਮ ਮੋਦੀ ਨੇ ਕਿਹਾ ਕਿ ਭਾਰਤ ਹਮੇਸ਼ਾ 'ਆਸਿਆਨ ਸੈਂਟੈਲਿਟੀ (ਆਸਿਆਨ ਦੇਸ਼ਾਂ ਦੀ ਕੇਂਦਰੀ ਭੂਮਿਕਾ) ਤੇ ਹਿੰਦ ਪ੍ਰਸ਼ਾਂਤ ਖੇਤਰ 'ਚ ਆਸਿਆਨ ਦੇ ਨਜ਼ਰੀਏ ਦਾ ਪੂਰਾ ਸਮਰਥਨ ਕਰਦਾ ਰਿਹਾ ਹੈ। ਬੇਯਕੀਨੀਆਂ ਦੇ ਦੌਰ 'ਚ ਵੀ ਭਾਰਤ ਆਸਿਆਨ ਬਰਾਬਰ ਰਣਨੀਤਕ ਭਾਈਵਾਲੀ 'ਚ ਲਗਾਤਾਰ ਤਰੱਕੀ ਹੋਈ ਹੈ। ਸਾਡੀ ਇਹ ਮਜ਼ਬੂਤ ਭਾਈਵਾਲੀ ਆਲਮੀ ਸਥਿਰਤਾ ਤੇ ਵਿਕਾਸ ਦਾ ਮਜ਼ਬੂਤ ਆਧਾਰ ਬਣ ਕੇ ਉੱਭਰ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਭਾਰਤ ਹਰ ਆਫ਼ਤ 'ਚ ਆਪਣੇ ਆਸਿਆਨ ਦੋਸਤਾਂ ਨਾਲ ਮਜ਼ਬੂਤੀ ਨਾਲ ਖੜ੍ਹਾ ਰਿਹਾ ਹੈ। ਐੱਚਏਡੀਆਰ (ਮਨੁੱਖੀ ਮਦਦ ਤੇ ਆਫ਼ਤ ਰਾਹਤ), ਬਲੂ ਇਕੋਨਾਮੀ ਤੇ ਮਹਾਸਾਗਰ ਸੁਰੱਖਿਆ 'ਚ ਸਹਿਯੋਗ ਤੇਜ਼ੀ ਨਾਲ ਵੱਧ ਰਿਹਾ ਹੈ। ਇਸ ਨੂੰ ਦੇਖਦੇ ਹੋਏ ਅਸੀਂ 2026 ਨੂੰ ਆਸਿਆਨ-ਇੰਡੀਆ ਸਮੁੰਦਰੀ ਸਹਿਯੋਗ ਦਾ ਸਾਲ ਐਲਾਨ ਰਹੇ ਹਾਂ। ਨਾਲ ਹੀ ਅਸੀਂਸਿੱਖਿਆ, ਸੈਰ-ਸਪਾਟਾ, ਵਿਗਿਆਨ ਤੇ ਤਕਨੀਕ, ਸਿਹਤ, ਗ੍ਰੀਨ ਊਰਜਾ ਤੇ ਸਾਈਬਰ ਸੁਰੱਖਿਆ 'ਚ ਆਪਸੀ ਸਹਿਯੋਗ ਨੂੰ ਵੀ ਮਜ਼ਬੂਤੀ ਨਾਲ ਅੱਗੇ ਵਧਾ ਰਹੇ ਹਾਂ। ਆਪਣੀ ਸਾਂਝੀ ਸੱਭਿਆਚਾਰਕ ਵਿਰਾਸਤ ਨੂੰ ਸੰਜੋਣ ਤੇ ਆਮ ਜਨਤਾ ਵਿਚਾਲੇ ਸਬੰਧਾਂ ਮਜ਼ਬੂਤ ਕਰਨ ਲਈ ਅਸੀਂ ਨਾਲ ਮਿਲ ਕੇ ਕੰਮ ਕਰਦੇ ਰਹਾਂਗੇ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਦੀ ਐਕਟ ਈਸਟ ਨੀਤੀ 'ਚ ਆਸਿਆਨ ਦੀ ਕੇਂਦਰੀ ਭੂਮਿਕਾ ਹੈ। ਅਸੀਂ ਸਿਰਫ ਭੂਗੋਲ ਹੀਸਾਂਝਾ ਨਹੀਂ ਕਰਦੇ, ਬਲਕਿ ਡੂੰਘੇ ਇਤਿਹਾਸਕ ਸਬੰਧਾਂ ਤੇ ਸਾਂਝੀਆਂ ਕੀਮਤਾਂ ਦੀ ਡੋਰ ਨਾਲ ਵੀ ਜੁੜੇ ਹੋਏ ਹਾਂ। ਅਸੀਂ ਨਾ ਸਿਰਫ ਵਪਾਰਕ ਭਾਈਵਾਰ ਹਾਂ, ਬਲਕਿ ਸੱਭਿਆਚਾਰਕ ਭਾਈਵਾਲ ਵੀ ਹਾਂ।ਮੰਨਿਆ ਜਾ ਰਿਹਾ ਹੈ ਕਿ ਹਿੰਦ ਮਹਾਸਾਗਰ



ਖੇਤਰ 'ਚ ਵਧਦੇ ਭੋਂ-ਸਿਆਸੀ ਤਣਾਵਾਂ ਵਿਚਾਲੇ ਭਾਰਤ ਉਕਤ ਭਾਸ਼ਣ ਦੇ ਤਹਿਤ ਆਸਿਆਨ ਦੇਸ਼ਾਂ ਨਾਲ ਸਮੁੰਦਰੀ ਸੁਰੱਖਿਆ, ਵਪਾਰ ਮਾਰਗਾਂ ਦੀ ਸੁਰੱਖਿਆ ਤੇ ਆਰਥਿਕ ਵਿਕਾਸ ਨੂੰ ਮਜ਼ਬੂਤ ਕਰਨ ਲਈ ਕਦਮਚੁੱਕੇਗਾ। ਪੀਐੱਮ ਮੋਦੀ ਨੂੰ ਵੀ ਆਸਿਆਨ ਮੀਟਿੰਗ 'ਚ ਹਿੱਸਾ ਲੈਣ ਲਈ ਮਲੇਸ਼ੀਆ ਜਾਣਾ ਸੀ ਪਰ ਬਿਹਾਰ ਚੋਣਾਂ ਕਾਰਨ ਇਸ ਨੂੰ ਟਾਲ਼ ਦਿੱਤਾ ਗਿਆ।

ਭਾਰਤੀ ਟੀਮ ਦੀ ਅਗਵਾਈ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਕਰ ਰਹੇ ਹਨ। ਬਾਅਦ 'ਚ ਭਾਰਤ ਤੇ ਆਸਿਆਨ ਵੱਲੋਂ ਸੈਰ-ਸਪਾਟੇ 'ਤੇ ਇਕ ਸਾਂਝਾ ਬਿਆਨ ਜਾਰੀ ਕੀਤਾ ਗਿਆ, ਜਿਸ ਵਿਚ ਸੈਰ-ਸਪਾਟੇ ਨੂੰ ਆਰਥਿਕ ਵਾਧੇ, ਰੁਜ਼ਗਾਰ ਪੈਦਾ ਕਰਨ, ਬੁਨਿਆਦੀ ਢਾਂਚਾ ਵਿਕਾਸ ਤੇ ਸੱਭਿਆਚਾਰਕ ਆਦਾਨ-ਪ੍ਰਦਾਨ ਦਾ ਅਹਿਮ ਸਾਧਨ ਮੰਨਿਆ ਗਿਆ ਹੈ। ਨਾਲ ਹੀ, ਲੋੜ ਤੋਂ ਵੱਧ ਸੈਰਾ-ਸਪਾਟੇ ਦੇ ਵਾਤਾਵਰਣ ਤੇ ਸਥਾਨਕ ਫਿਰਕਿਆਂ 'ਤੇ ਨਕਾਰਾਤਮਕ ਪ੍ਰਭਾਵ ਨੂੰ ਸਵੀਕਾਰ ਕਰਦੇ ਹੋਏ ਅਜਿਹੇ ਸੈਰ-ਸਪਾਟੇ ਦੇ ਪ੍ਰਬੰਧ ਬਣਾਉਣ ਦੀ ਗੱਲ ਕਹੀ ਗਈ ਹੈ, ਜਿਸ ਵਿਚ ਵਾਤਾਵਰਣ ਨੂੰ ਨੁਕਸਾਨ ਨਾ ਹੋਵੇ ਤੇ ਅਰਥਚਾਰੇ ਨੂੰ ਫਾਇਦਾ ਹੋਵੇ। ਭਾਰਤ ਆਸਿਆਨ ਮਿਲ ਕੇ ਪਲਾਸਟਿਕ ਮੁਕਤ ਸੈਰ-ਸਪਾਟੇ ਨੂੰ ਹੱਲਾਸ਼ੇਰੀ ਦੇਣਗੇ, ਇਸਦੇ ਲਈ ਨਵਿਆਉਣਯੋਗ ਊਰਜਾ 'ਤੇ ਜ਼ੋਰ ਦਿੱਤਾ ਜਾਵੇਗਾ ਤੇ ਜੈਵਿਕ ਵਿਲੱਖਣਤਾ ਸੁਰੱਖਿਆ ਦਾ ਕੰਮ ਕੀਤਾ ਜਾਵੇਗਾ। ਸਥਾਨਕ ਫਿਰਕਿਆਂ, ਮਹਿਲਾਵਾਂ ਤੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ 'ਤੇ ਵੀ ਧਿਆਨ ਕੇਂਦਰਤ ਰਹੇਗਾ।

# ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਅਕਤੂਬਰ ਮਹੀਨੇ ਦੀ ਇਕੱਤਰਤਾ

ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਅਕਤੂਬਰ ਮਹੀਨੇ ਦੀ ਮਾਸਿਕ ਇਕੱਤਰਤਾ ਸਥਾਨਕ ਕੋਸੋ ਹਾਲ ਵਿਚ ਲੰਘੇ ਐਤਵਾਰ ਨੂੰ ਸੁਰਿੰਦਰ ਗੀਤ ਦੀ ਪ੍ਰਧਾਨਗੀ ਹੇਠ ਹੋਈ।

ਆਰੰਭ ਵਿਚ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਨੌਜਵਾਨ ਗਾਇਕ ਰਾਜਬੀਰ ਜਵੰਦਾ ਦੀ ਬੇਵਕਤੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ। ਉਪਰੰਤ ਸਾਹਿਤਕ ਰਚਨਾਵਾਂ ਦਾ ਦੌਰ ਆਰੰਭ ਹੋਇਆ। ਸਭ ਤੋਂ ਪਹਿਲਾਂ ਜਰਨੈਲ ਸਿੰਘ ਤੱਗੜ ਨੇ ਸੁਰਜੀਤ ਸਿੰਘ ਸੀਤਲ ਦੀ ਰਚਨਾ 'ਧਰਮ ਬਣੇ ਹਨ ਦੁਨੀਆਂ ਉਤੇ ਪਿਆਰ ਮੁਹੱਬਤ ਸਿਖਾਵਣ ਖਾਤਿਰ' ਨਾਲ ਆਪਣੀ ਸਾਂਝ ਪਾਈ। ਪਰਮਜੀਤ ਭੰਗੂ ਨੇ ਆਪਣੇ ਅੰਦਾਜ਼ ਵਿਚ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦੀ ਇਕ ਰਚਨਾ ਸੁਣਾਈ।

ਸੁਰੀਲੀ ਆਵਾਜ਼ ਦੇ ਮਾਲਕ ਮਨਮੋਹਨ ਸਿੰਘ ਬਾਠ ਨੇ ਗੀਤ 'ਸਿਵਿਆਂ 'ਚ ਸੁਲਗਦੇ ਅੰਗਿਆਰ ਬਾਕੀ ਨੇ' ਗਾ ਕੇ ਹਾਜ਼ਰ ਸਾਹਿਤਕਾਰਾਂ ਦਾ ਮਨੋਰੰਜਨ ਕੀਤਾ। ਪਹਿਲੀ ਵਾਰ ਆਏ ਸੋਹਣ ਸਿੰਘ ਭੁੱਚੋ ਨੇ ਆਪਣੀਆਂ ਕੁਝ ਰਚਨਾਵਾਂ ਦੇ ਮੁੱਖੜੇ ਅਤੇ ਇਕ ਸਲਾਹੁਣਯੋਗ ਗੀਤ ਸੁਣਾਇਆ। ਉਨ੍ਹਾਂ ਨੇ ਜੀਵਨ ਦੀਆਂ ਤੰਗੀਆਂ-ਤੁਰਸ਼ੀਆਂ ਅਤੇ ਤਲਖ਼ ਹਕੀਕਤਾਂ ਦਾ ਵੀ ਵਰਣਨ ਕੀਤਾ।

ਅੰਗਰੇਜ਼ ਸਿੰਘ ਸੀਤਲ ਅਤੇ ਸੁਰਿੰਦਰ ਸਿੰਘ ਢਿੱਲੋਂ ਨੇ ਬੜੇ ਸੁਚੱਜੇ ਅੰਦਾਜ਼ ਅਤੇ ਸਲੀਕੇ ਨਾਲ ਉਰਦੂ ਪੰਜਾਬੀ ਦੇ ਚੋਣਵੇਂ ਸ਼ੇਅਰ ਸੁਣਾਏ। ਸਭਾ ਦੇ ਖ਼ਜ਼ਾਨਚੀ ਮਨਜੀਤ ਬਰਾੜ ਨੇ ਆਪਣੇ ਦੋਸਤ ਨਾਇਬ ਸਿੰਘ ਬਰਾੜ ਦੀ ਕਲਮ 'ਚੋਂ ਉਤਰੀ ਗ਼ਜ਼ਲ 'ਜਗਾਉਂਦਾ ਜਗਾਉਂਦਾ ਬੁਝਾ ਨਾ ਦੇਵੀਂ ਮੋਮਬਤੀਆਂ' ਤਰੰਨਮ ਵਿਚ ਸੁਣਾਈ।

ਜੀਰ ਸਿੰਘ ਬਰਾੜ ਨੇ ਉਸਾਰੂ ਅਤੇ ਸੁਲਝੇ ਵਿਚਾਰ ਸਾਂਝੇ ਕੀਤੇ। ਗੁਰਦਿਆਲ ਸਿੰਘ ਖਹਿਰਾ ਨੇ ਸੁਰਿੰਦਰ ਗੀਤ ਦੀ ਰਚਨਾ 'ਚੋਗ ਟਿਕ ਕੇ ਤਲੀਆਂ ਉੱਤੇ, ਪੰਛੀ ਕੋਲ ਬੁਲਾਇਆ ਮੈਂ' ਤਰੰਨਮ ਵਿਚ ਸੁਣਾਈ। ਅੰਤ ਵਿਚ ਗਿੱਲ ਸੁਖਮੰਦਰ ਨੇ ਆਪਣੇ ਦੋ ਗੀਤ 'ਬਾਹਰ ਬਰੂਹਾਂ 'ਤੇ ਰੱਖ ਰੱਖ ਦੀਵੇ ਜਾਵੇਂ ਜਗਾਈ' ਅਤੇ 'ਯਾਦਾਂ ਦਿਲ 'ਚੋਂ ਭੁਲਾਈਆਂ ਮੈਂ ਮਰ ਮਰ' ਕੇ ਖੂਬਸੂਰਤੀ ਨਾਲ ਪੇਸ਼ ਕੀਤੇ। ਜਗਦੇਵ ਸਿੱਧੂ ਨੇ ਸੁਰਿੰਦਰ ਗੀਤ ਦੀਆਂ ਦੋ ਨਵੀਆਂ ਛਪੀਆਂ ਪੁਸਤਕਾਂ 'ਰੰਗਾਂ ਦੀ ਖੇਡ' ਤੇ ਪੰਜਾਬੀ ਤੋਂ ਅੰਗਰੇਜ਼ੀ ਵਿਚ ਅਨੁਵਾਦਤ ਕਵਿਤਾਵਾਂ



ਦੀ ਕਿਤਾਬ 'Where the Heart Dwells' ਉਤੇ ਚਰਚਾ ਕੀਤੀ। ਪ੍ਰਿਤਪਾਲ ਸਿੰਘ ਨੇ ਸਾਈਬਰ ਸਿਸਟਮ ਬਾਰੇ ਜਾਣਕਾਰੀ ਦਿੱਤੀ। ਮੰਚ ਸੰਚਾਲਨ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਬਾ-ਖੂਬੀ ਨਿਭਾਇਆ। ਮਨਜੀਤ ਕੌਰ ਖਹਿਰਾ ਤੇ ਗੁਰਬਖ਼ਸ਼ ਗਿੱਲ, ਗੁਰਪ੍ਰੀਤ ਲਾਡਾਲ ਤੇ ਹੋਰਾਂ ਨੇ ਆਪਣੀ ਹਾਜ਼ਰੀ ਨਾਲ ਸਮੇਂ ਨੂੰ ਰੌਣਕ ਬਖ਼ਸ਼ੀ।

ਨਵੰਬਰ ਮਹੀਨੇ ਦੀ ਇਕੱਤਰਤਾ 30 ਤਾਰੀਖ ਨੂੰ ਬਾਅਦ ਦੁਪਹਿਰ ਦੋ ਵਜੇ ਕੋਸੋ ਹਾਲ ਵਿਚ ਹੋਵੇਗੀ। ਸਭ ਸਾਹਿਤਕ ਪ੍ਰੇਮੀਆਂ ਨੂੰ ਆਉਣ ਦਾ ਖੁਲ੍ਹਾ ਸੱਦਾ ਦਿੱਤਾ ਜਾਂਦਾ ਹੈ। ਹੋਰ ਜਾਣਕਾਰੀ ਲਈ ਸੁਰਿੰਦਰ ਗੀਤ ਨਾਲ ਫੋਨ ਨੰਬਰ 403-605-3734 ਜਾਂ ਗੁਰਦਿਆਲ ਸਿੰਘ ਖਹਿਰਾ ਨਾਲ 403 968-2880 'ਤੇ ਸੰਪਰਕ ਕੀਤਾ ਜਾ ਸਕਦਾ ਹੈ।

***-ਸੁਰਿੰਦਰ ਗੀਤ***
***ਫੋਨ: 403 605 3734***

# Matrimonials

## ਲੜਕੇ ਦੀ ਲੋੜ ਹੈ

Jat Sikh Sandhu family looking for a suitable match for their daughter, born June 1995, height 5'3". Working as Veterinary Doctor (DVM) in Bay Area California on H1B Visa (Green Card applied). Parents are living in India. Looking for educated and professional match. Preference to Jat Sikh living in U.S. Please contact with full biodata and picture to Bicki Dhillon at Cell/ WhatsApp 630-261-5723 or email bdhillon776@gmail.com. No Marriage bureau contact please. 43-46

Looking for suitable match green card/citizen only for jatsikh girl 30, 5'.4", Masters in environmental Science, working in university. Brother Doctor in Stanford, parents well educated. Caste no bar. Please contact us at: Dhillon 3531@gmail.com With picture &biodata of the boy in question. 39-42

## ਲੜਕੀ ਦੀ ਲੋੜ ਹੈ

ਯੂ.ਐਸ.ਏ. ਵਿਚ ਵਧੀਆ ਸਥਾਪਿਤ, ਆਪਣਾ ਕਾਰੋਬਾਰ ਕਰਦੇ ਯੂ.ਐਸ.ਏ. ਸਿਟੀਜ਼ਨ ਸੈਣੀ ਸਿੱਖ ਕਲੀਨਸ਼ੇਵ ਲੜਕੇ ਉਮਰ 28, ਕੱਦ 5'8" ਲਈ ਪੜ੍ਹੀ- ਲਿਖੀ, ਸੁੰਦਰ, ਸੂਝਵਾਨ ਲੜਕੀ ਦੀ ਲੋੜ ਹੈ। ਲੜਕੇ ਨੇ Business and Accounts Managemengt, ਵਿਚ ਗ੍ਰੈਜੂਏਸ਼ਨ ਕੀਤੀ ਹੋਈ ਹੈ। ਚਾਹਵਾਨ ਯੂਐਸਏ ਨੰਬਰ: (317) 260-8950, ਵ੍ਹਟਸਐਪ ਨੰਬਰ 98720-33235 'ਤੇ ਸੰਪਰਕ ਜਾਂ paramjit12913@gmail.com 'ਤੇ ਈ-ਮੇਲ ਕਰ ਸਕਦੇ ਹਨ।

Jatt Sikh Malhi family looking for a USA citizen/Green card holder match for their Decembe, 1991 born son, height 5'11". He has done Diploma in Hotel Management. Parents are living in India, father retired from government job, mother is housewife and one sister is married. Contact us at: +91 98783 42510 (WhatsApp) 41-44

Seeking an educated and professional match (American citizen or Permanent Resident) for a 1992-born Punjab boy (Ramdasia and others), 5'8". Education: B.Tech, MBA (IIT Delhi), MS in Business Analytics (University of Colorado). Currently working as a Business Analyst in Chicago, USA; H1B picked recently. Belongs to a well-educated and reputed family. Caste no bar. Please contact at +91-7589242016 (WhatsApp) and +1-7204996020. 41-44

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.





ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746

# ਜਗਤਾਰ ਸਿੰਘ ਤਾਰਾ ਨੂੰ ਅਦਾਲਤ ਨੇ ਕੀਤਾ ਬਰੀ



**ਜਲੰਧਰ:** ਅਦਾਲਤ ਤੋਂ ਜਗਤਾਰ ਸਿੰਘ ਤਾਰਾ ਨੂੰ ਵੱਡੀ ਰਾਹਤ ਮਿਲੀ ਹੈ। ਸਾਲ 2009 ਵਿਚ ਭੋਗਪੁਰ ਥਾਣੇ ਵਿਚ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਅਤੇ ਅਸਲਾ ਐਕਟ ਦੀਆਂ ਧਾਰਾਵਾਂ 17, 18, 20 ਤਹਿਤ ਇੱਕ ਕੇਸ ਦਰਜ ਕੀਤਾ ਗਿਆ ਸੀ। ਇਸ ਮਾਮਲੇ ਵਿੱਚ ਜਗਤਾਰ ਸਿੰਘ ਤਾਰਾ ਅੱਜ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਵਿਚ ਪੇਸ਼ ਹੋਇਆ।


ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਅਤੇ ਸੈਸ਼ਨ ਜੱਜ ਰਾਜੀਵ ਕੁਮਾਰ ਬੇਰੀ ਦੀ ਅਦਾਲਤ ਨੇ ਦੋਸ਼ ਸਾਬਤ ਨਾ ਹੋਣ ਕਾਰਨ ਉਸਨੂੰ ਬਰੀ ਕਰਨ ਦਾ ਹੁਕਮ ਦਿੱਤਾ ਹੈ। ਇਸ ਦੌਰਾਨ ਉਸਦੀ ਤਰਫੋਂ ਵਕੀਲ ਐੱਸ.ਕੇ.ਐੱਸ. ਹੁੰਦਲ ਪੇਸ਼ ਹੋਏ। ਅਦਾਲਤ ਵਿੱਚ ਸੁਣਵਾਈ ਖਤਮ ਹੋਣ ਤੋਂ ਬਾਅਦ, ਉਸਨੇ ਜਗਤਾਰ ਤਾਰਾ ਨੂੰ ਬਰੀ ਕਰਨ ਬਾਰੇ ਜਾਣਕਾਰੀ ਦਿੱਤੀ। ਇਹ ਮਾਮਲਾ 28 ਸਤੰਬਰ, 2009 ਨੂੰ ਦਰਜ ਕੀਤਾ ਗਿਆ ਸੀ, ਜਿਸ ਵਿੱਚ ਪੁਲਿਸ ਨੇ ਦੋਸ਼ ਲਗਾਇਆ ਸੀ ਕਿ ਤਾਰਾ ਨੇ ਕੁਝ ਗਤੀਵਿਧੀਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਫੰਡ ਦਿੱਤਾ ਸੀ। ਇਸ ਵਿੱਚ ਸ਼ਾਮਲ ਵਿਅਕਤੀਆਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਸੀ।

# ਲਾਰੈਂਸ ਬਿਸ਼ਨੋਈ ਗੈਂਗ ਨੂੰ ਝਟਕਾ

## ਨਾਮੀ ਗੈਂਗਸਟਰ ਜੱਗਾ ਅਮਰੀਕਾ ਵਿਚ ਗ੍ਰਿਫਤਾਰ

**ਚੰਡੀਗੜ੍ਹ:** ਗੈਂਗਸਟਰ ਲਾਰੈਂਸ ਬਿਸ਼ਨੋਈ ਗੈਂਗ ਦੇ ਇੱਕ ਗੈਂਗਸਟਰ ਨੂੰ ਅਮਰੀਕਾ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਿਫ਼ਤਾਰ ਕੀਤੇ ਗੈਂਗਸਟਰ ਦੀ ਪਛਾਣ ਮੋਸਟ ਵਾਂਟੇਡ ਗੈਂਗਸਟਰ ਜਗਦੀਪ ਸਿੰਘ ਉਰਫ਼ ਜੱਗਾ ਵਜੋਂ ਹੋਈ ਹੈ, ਜਿਸ ਨੂੰ ਅਮਰੀਕਾ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਸਨੂੰ ਅਮਰੀਕੀ ਪੁਲਿਸ ਅਤੇ ਏਜੰਸੀਆਂ ਨੇ ਕੈਨੇਡਾ-ਅਮਰੀਕਾ ਸਰਹੱਦ 'ਤੇ ਗ੍ਰਿਫ਼ਤਾਰ ਕੀਤਾ ਸੀ। ਜੱਗਾ ਨੂੰ ਇਸ ਸਮੇਂ ਰੋਹਿਤ ਗੋਦਾਰਾ ਗੈਂਗ ਦਾ ਕਰੀਬੀ ਦੱਸਿਆ ਜਾ ਰਿਹਾ ਹੈ। ਜੱਗਾ ਨੂੰ ਭਾਰਤ ਹਵਾਲੇ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਏਜੀਟੀਐਫ ਦੇ ਏਡੀਜੀ ਦਿਨੇਸ਼ ਐਮਐਨ ਨੇ ਇਹ ਜਾਣਕਾਰੀ ਦਿੱਤੀ।

ਗੈਂਗਸਟਰ ਲਾਰੈਂਸ ਬਿਸ਼ਨੋਈ ਗੈਂਗ ਦੇ ਇੱਕ ਮੋਸਟ ਵਾਂਟੇਡ ਗੈਂਗਸਟਰ ਨੂੰ ਅਮਰੀਕਾ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁਲਜ਼ਮ, ਜਿਸਦੀ ਪਛਾਣ ਜਗਦੀਪ ਸਿੰਘ ਉਰਫ਼ ਜੱਗਾ ਵਜੋਂ ਹੋਈ ਹੈ, ਲੰਬੇ ਸਮੇਂ ਤੋਂ ਭਗੌੜਾ ਸੀ ਅਤੇ ਵਿਦੇਸ਼ਾਂ ਵਿੱਚ ਇਸ ਗੈਂਗ ਦੀਆਂ ਗਤੀਵਿਧੀਆਂ ਚਲਾ ਰਿਹਾ ਸੀ। ਅਮਰੀਕੀ ਪੁਲਿਸ ਅਤੇ ਏਜੰਸੀਆਂ ਨੇ ਉਸਨੂੰ ਕੈਨੇਡਾ-ਅਮਰੀਕਾ ਸਰਹੱਦ 'ਤੇ ਹਿਰਾਸਤ ਵਿੱਚ



ਲਿਆ। ਜੱਗਾ ਰੋਹਿਤ ਗੋਦਾਰਾ ਗੈਂਗ ਦਾ ਕਰੀਬੀ ਮੈਂਬਰ ਦੱਸਿਆ ਜਾ ਰਿਹਾ ਹੈ, ਅਤੇ ਦੋਵੇਂ ਗੈਂਗ ਭਾਰਤ ਵਿੱਚ ਕਈ ਤਰ੍ਹਾਂ ਦੇ ਅਪਰਾਧ ਕਰਨ ਦੀ ਸਾਜ਼ਿਸ਼ ਰਚ ਰਹੇ ਸਨ। ਪੁਲਿਸ ਸੂਤਰਾਂ ਅਨੁਸਾਰ, ਜਗਦੀਪ ਸਿੰਘ 'ਤੇ ਕਈ ਗੰਭੀਰ ਮਾਮਲਿਆਂ ਵਿੱਚ ਦੋਸ਼ ਲਗਾਏ ਗਏ ਹਨ। ਉਹ ਲਾਰੈਂਸ ਬਿਸ਼ਨੋਈ ਅਤੇ ਰੋਹਿਤ ਗੋਦਾਰਾ ਦੇ ਸੰਪਰਕ ਵਿੱਚ ਸੀ ਤਾਂ ਜੋ ਉਹ ਜਬਰੀ ਵਸੂਲੀ, ਧਮਕੀਆਂ ਅਤੇ ਗੋਲੀਬਾਰੀ ਨੂੰ ਅੰਜਾਮ ਦੇ ਸਕੇ। ਕਈ ਭਾਰਤੀ ਏਜੰਸੀਆਂ ਲੰਬੇ ਸਮੇਂ ਤੋਂ ਜਗਦੀਪ ਵਿਰੁੱਧ ਰੈੱਡ ਕਾਰਨਰ ਨੋਟਿਸ ਜਾਰੀ ਕਰਨ ਦੀ ਤਿਆਰੀ ਕਰ ਰਹੀਆਂ ਸਨ । ਹਾਲਾਂਕਿ, ਉਹ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਕੈਨੇਡਾ ਪਹੁੰਚਣ ਵਿੱਚ ਕਾਮਯਾਬ ਹੋ ਗਿਆ ਅਤੇ ਬਾਅਦ ਵਿੱਚ ਅਮਰੀਕਾ ਵਿੱਚ ਸ਼ਰਨ ਲੈ ਲਈ। ਹਾਲ ਹੀ ਵਿੱਚ, ਅਮਰੀਕੀ ਏਜੰਸੀਆਂ ਨੇ ਉਸ ਦੀਆਂ ਸਰਹੱਦ ਪਾਰ ਗਤੀਵਿਧੀਆਂ ਬਾਰੇ ਜਾਣਕਾਰੀ ਮਿਲਣ ਤੋਂ ਬਾਅਦ ਉਸਨੂੰ ਗ੍ਰਿਫ਼ਤਾਰ ਕਰ ਲਿਆ।

ਪੰਜਾਬ ਪੁਲਿਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ ਦੇ ਐਡੀਸ਼ਨਲ ਦਿਨੇਸ਼ ਐਮ.ਐਨ. ਨੇ ਇਸਦੀ ਪੁਸ਼ਟੀ ਕੀਤੀ। ਉਨ੍ਹਾਂ ਕਿਹਾ ਕਿ ਭਾਰਤ ਨੂੰ ਜਗਦੀਪ ਸਿੰਘ ਦੀ ਗ੍ਰਿਫ਼ਤਾਰੀ ਦੀ ਰਸਮੀ ਸੂਚਨਾ ਮਿਲ ਗਈ ਹੈ। ਏਡੀਜੀ ਨੇ ਕਿਹਾ ਕਿ ਜਗਦੀਪ ਸਿੰਘ ਦੀ ਗ੍ਰਿਫ਼ਤਾਰੀ ਭਾਰਤੀ ਸੁਰੱਖਿਆ ਏਜੰਸੀਆਂ ਲਈ ਇੱਕ ਵੱਡੀ ਸਫਲਤਾ ਹੈ, ਕਿਉਂਕਿ ਉਸਨੂੰ ਕਈ ਵੱਡੀਆਂ ਅਪਰਾਧਿਕ ਘਟਨਾਵਾਂ ਦਾ ਮਾਸਟਰਮਾਈਂਡ ਮੰਨਿਆ ਜਾਂਦਾ ਸੀ।

# ਪੰਜਾਬ ਸਰਕਾਰ ਵਲੋਂ ਯੂਨੀਫਾਈਡ ਬਿਲਡਿੰਗ ਨਿਯਮਾਂ ਨੂੰ ਪ੍ਰਵਾਨਗੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੈਬਨਿਟ ਮੀਟਿੰਗ ਤੋਂ ਬਾਅਦ ਕਈ ਮਹੱਤਵਪੂਰਨ ਫੈਸਲਿਆਂ ਦਾ ਐਲਾਨ ਕੀਤਾ। ਮੀਟਿੰਗ ਨੇ ਯੂਨੀਫਾਈਡ ਬਿਲਡਿੰਗ ਨਿਯਮਾਂ ਨੂੰ ਮਨਜ਼ੂਰੀ ਦੇ ਦਿੱਤੀ, ਜੋ ਘਰਾਂ ਅਤੇ ਇਮਾਰਤਾਂ ਲਈ ਪ੍ਰਵਾਨਗੀ ਪ੍ਰਕਿਰਿਆ ਵਿੱਚ ਲੰਬੇ ਸਮੇਂ ਤੋਂ ਚੱਲ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਨਗੇ। ਇਮਾਰਤ ਦੀ ਉਚਾਈ ਸੀਮਾ ਹੁਣ 15 ਮੀਟਰ ਤੋਂ ਵਧਾ ਕੇ 21 ਮੀਟਰ ਕਰ ਦਿੱਤੀ ਗਈ ਹੈ। ਸਵੈ-ਪ੍ਰਮਾਣੀਕਰਨ ਨਕਸ਼ੇ ਦੀ ਪ੍ਰਵਾਨਗੀ ਨੂੰ ਆਸਾਨ ਬਣਾਏਗਾ, ਦੇਰੀ ਅਤੇ ਭ੍ਰਿਸ਼ਟਾਚਾਰ ਨੂੰ ਰੋਕੇਗਾ। ਜ਼ਮੀਨੀ ਕਵਰੇਜ ਸੀਮਾ ਨੂੰ 100 ਮੀਟਰ ਤੱਕ ਵਧਾ ਦਿੱਤਾ ਗਿਆ ਹੈ, ਅਤੇ ਪਾਰਕਿੰਗ ਅਤੇ ਹੋਰ ਨਿਯਮਾਂ ਵਿੱਚ ਢਿੱਲ ਦਿੱਤੀ ਗਈ ਹੈ।

ਮੰਤਰੀ ਮੰਡਲ ਨੇ ਗਰੀਬਾਂ ਲਈ ਕਿਫਾਇਤੀ ਕਿਰਾਏ ਦੇ ਮਕਾਨ ਮੁਹੱਈਆ ਕਰਵਾਉਣ ਦੇ ਪ੍ਰਸਤਾਵ ਨੂੰ ਵੀ ਮਨਜ਼ੂਰੀ ਦੇ ਦਿੱਤੀ। ਲੋੜਵੰਦ ਪਰਿਵਾਰਾਂ ਨੂੰ ਕਿਫਾਇਤੀ ਦਰਾਂ 'ਤੇ ਘਰ ਮੁਹੱਈਆ ਕਰਵਾਏ ਜਾਣਗੇ। ਲੁਧਿਆਣਾ ਉੱਤਰੀ ਖੇਤਰ ਵਿੱਚ ਸਥਿਤ ਲੁਧਿਆਣਾ ਵਿੱਚ ਇੱਕ ਨਵੀਂ ਸਬ-ਤਹਿਸੀਲ ਬਣਾਉਣ ਨੂੰ ਮਨਜ਼ੂਰੀ ਦਿੱਤੀ ਗਈ। ਇਸ ਵਿੱਚ ਚਾਰ ਪਟਵਾਰ ਸਰਕਲ ਅਤੇ ਅੱਠ ਪਿੰਡ ਸ਼ਾਮਲ ਹਨ। ਇੱਕ ਨਾਇਬ ਤਹਿਸੀਲਦਾਰ ਨਿਯੁਕਤ ਕੀਤਾ ਜਾਵੇਗਾ, ਜਿਸ ਨਾਲ ਸਥਾਨਕ ਪ੍ਰਸ਼ਾਸਨ ਮਜ਼ਬੂਤ ਹੋਵੇਗਾ।

ਬਰਨਾਲਾ ਨਗਰ ਕੌਂਸਲ ਨੂੰ ਨਗਰ ਨਿਗਮ ਵਿੱਚ ਅਪਗ੍ਰੇਡ ਕਰਨ ਦਾ ਵੀ ਫੈਸਲਾ ਲਿਆ ਗਿਆ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਇਹ ਕਦਮ ਬਰਨਾਲਾ ਦੀ ਵਧਦੀ ਆਬਾਦੀ, ਉਦਯੋਗਿਕ ਗਤੀਵਿਧੀਆਂ ਅਤੇ ਜੀਐਸਟੀ ਯੋਗਦਾਨ ਨੂੰ ਧਿਆਨ ਵਿੱਚ ਰੱਖਦੇ ਹੋਏ ਚੁੱਕਿਆ ਗਿਆ ਹੈ। ਸਥਾਨਕ ਲੋਕਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਹੋ ਗਈ ਹੈ।

### ਖੇਡ ਵਿਭਾਗ ਵਿਚ ਨਵੀਂ ਪੋਸਟ ਬਣਾਈ ਗਈ

ਖੇਡ ਵਿਭਾਗ ਵਿੱਚ ਸੁਧਾਰ ਕਰਨ ਲਈ, ਗਰੁੱਪ 14ਓ ਅਤੇ 80ਛ ਦੇ ਤਹਿਤ 100 ਨਵੀਆਂ ਅਸਾਮੀਆਂ ਬਣਾਈਆਂ ਗਈਆਂ। ਇਨ੍ਹਾਂ ਵਿੱਚ ਡਾਕਟਰ ਅਤੇ ਹੋਰ ਸਟਾਫ ਸ਼ਾਮਲ ਹੋਣਗੇ, ਜਿਨ੍ਹਾਂ ਨੂੰ ਤਿੰਨ ਸਾਲਾਂ ਦੇ ਠੇਕੇ 'ਤੇ ਰੱਖਿਆ ਜਾਵੇਗਾ।



ਖੇਡ ਕੇਂਦਰਾਂ ਵਾਲੇ ਜ਼ਿਲ੍ਹੇ, ਜਿਵੇਂ ਕਿ ਪਟਿਆਲਾ, ਫਰੀਦਕੋਟ, ਜਲੰਧਰ, ਅੰਮ੍ਰਿਤਸਰ ਅਤੇ ਹੁਸ਼ਿਆਰਪੁਰ, ਨੂੰ ਲਾਭ ਹੋਵੇਗਾ।

ਡੇਰਾਬੱਸੀ ਵਿੱਚ 100 ਬਿਸਤਰਿਆਂ ਵਾਲਾ ਈ ਐਸ ਆਈ ਹਸਪਤਾਲ ਸਥਾਪਤ ਕਰਨ ਨੂੰ ਮਨਜ਼ੂਰੀ ਦਿੱਤੀ ਗਈ। ਕੇਂਦਰ ਸਰਕਾਰ ਹਸਪਤਾਲ ਬਣਾਏਗੀ, ਜਦੋਂ ਕਿ ਰਾਜ ਸਰਕਾਰ 4 ਏਕੜ ਜ਼ਮੀਨ ਪ੍ਰਦਾਨ ਕਰੇਗੀ। ਇਸ ਫੈਸਲੇ ਨਾਲ ਉਦਯੋਗਿਕ ਖੇਤਰ ਵਿੱਚ ਕਰਮਚਾਰੀਆਂ ਲਈ ਸਿਹਤ ਸੰਭਾਲ ਸਹੂਲਤਾਂ ਵਿੱਚ ਵਾਧਾ ਹੋਵੇਗਾ।

### ਨਵੇਂ ਨਿਯਮ ਕੀਤੇ ਲਾਗੂ

ਨਸ਼ਾ ਛੁਡਾਊ ਕੇਂਦਰਾਂ ਲਈ ਨਿਯਮਾਂ ਨੂੰ ਸਖ਼ਤ ਕੀਤਾ ਗਿਆ। ਕੇਂਦਰਾਂ ਵਿੱਚ ਮਰੀਜ਼ਾਂ ਦੀ ਵੱਧ ਤੋਂ ਵੱਧ ਗਿਣਤੀ ਹੁਣ ਪੰਜ ਤੱਕ ਸੀਮਤ ਹੋਵੇਗੀ। ਬਾਇਓਮੈਟ੍ਰਿਕ ਹਾਜ਼ਰੀ ਲਾਜ਼ਮੀ ਹੋਵੇਗੀ, ਅਤੇ ਡਰੱਗ ਟੈਸਟਿੰਗ ਸਖ਼ਤ ਹੋਵੇਗੀ। ਖਰੜ ਲੈਬ ਤੋਂ ਨਿਗਰਾਨੀ ਕੀਤੀ ਜਾਵੇਗੀ। ਸ਼ਿਕਾਇਤਾਂ ਅਤੇ ਪਰੇਸ਼ਾਨੀ ਨੂੰ ਰੋਕਣ ਲਈ 140 ਨਿੱਜੀ ਪੁਨਰਵਾਸ ਕੇਂਦਰਾਂ ਨੂੰ ਮਜ਼ਬੂਤ ਕੀਤਾ ਜਾਵੇਗਾ ਅਤੇ ਓਪੀਡੀ ਕਲੀਨਿਕਾਂ ਨੂੰ ਜੋੜਿਆ ਜਾਵੇਗਾ। ਉਦਯੋਗਾਂ ਦੀ ਸਹੂਲਤ ਲਈ, ਬੈਂਕਿੰਗ ਫੀਸ 5 ਲੱਖ ਤੱਕ ਸੀਮਤ ਕੀਤੀ ਗਈ। ਸੀਐਮ ਮਾਨ ਨੇ ਕਿਹਾ ਕਿ ਸਬ-ਕਮੇਟੀਆਂ ਦੀਆਂ ਰਿਪੋਰਟਾਂ ਦੇ ਆਧਾਰ 'ਤੇ ਏਜੰਡੇ 'ਤੇ ਚਰਚਾ ਕੀਤੀ ਗਈ ਅਤੇ ਉਸ ਨੂੰ ਪ੍ਰਵਾਨਗੀ ਦਿੱਤੀ ਗਈ। ਮੁੱਖ ਮੰਤਰੀ ਨੇ ਪਰਾਲੀ ਸਾੜਨ ਦੀ ਸਮੱਸਿਆ 'ਤੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ, "ਜੇਕਰ ਮੋਦੀ ਜੀ ਦੂਜੇ ਦੇਸ਼ਾਂ ਨੂੰ ਰੋਕ ਸਕਦੇ ਹਨ, ਤਾਂ ਉਹ ਪਰਾਲੀ ਦੇ ਧੂੰਏਂ ਦੀ ਸਮੱਸਿਆ ਦਾ ਹੱਲ ਕਿਉਂ ਨਹੀਂ ਕਰਦੇ? ਉਹ ਪ੍ਰਭਾਵਿਤ ਰਾਜਾਂ ਨੂੰ ਬੁਲਾ ਕੇ ਹੱਲ ਕਿਉਂ ਨਹੀਂ ਲੱਭਦੇ?" ਐਸਆਈਆਰ (ਸਿਸਟਮੈਟਿਕ ਵੋਟਰਜ਼ ਐਜੂਕੇਸ਼ਨ ਐਂਡ ਇਲੈਕਟੋਰਲ ਰਜਿਸਟ੍ਰੇਸ਼ਨ) ਦੇ ਮੁੱਦੇ 'ਤੇ ਮਾਨ ਨੇ ਕਿਹਾ ਕਿ ਚੋਣ ਕਮਿਸ਼ਨ ਇਸਨੂੰ ਦੇਸ਼ ਭਰ ਵਿੱਚ ਲਾਗੂ ਕਰਨ ਜਾ ਰਿਹਾ ਹੈ, ਪਰ ਕਈ ਰਾਜਨੀਤਿਕ ਪਾਰਟੀਆਂ ਨੂੰ ਇਤਰਾਜ਼ ਹਨ। ਮਾਮਲਾ ਸੁਪਰੀਮ ਕੋਰਟ ਵਿੱਚ ਹੈ ਅਤੇ ਸਮੱਸਿਆਵਾਂ ਸਾਹਮਣੇ ਆ ਰਹੀਆਂ ਹਨ। ਪ੍ਰਧਾਨ ਮੰਤਰੀ ਨਾਲ ਮੁਲਾਕਾਤ ਨਾ ਹੋਣ 'ਤੇ ਉਨ੍ਹਾਂ ਵਿਅੰਗ ਨਾਲ ਕਿਹਾ, "ਪ੍ਰਧਾਨ ਮੰਤਰੀ ਸਾਹਿਬ ਰੁੱਝੇ ਹੋਏ ਹਨ, ਉਹ ਬਿਹਾਰ ਚੋਣਾਂ ਵਿੱਚ ਰੁੱਝੇ ਹੋਏ ਹਨ। ਉਹ ਨਾ ਸਿਰਫ਼ ਦੇਸ਼ ਦੇ ਪ੍ਰਧਾਨ ਮੰਤਰੀ ਹਨ, ਸਗੋਂ ਰੈਲੀ ਦੇ ਪ੍ਰਧਾਨ ਮੰਤਰੀ ਵੀ ਹਨ।

ਜੇਕਰ ਮੈਨੂੰ ਉਨ੍ਹਾਂ ਨੂੰ ਮਿਲਣ ਲਈ ਬਿਹਾਰ ਜਾਣਾ ਪਿਆ, ਤਾਂ ਮੈਂ ਉੱਥੇ ਜਾਵਾਂਗਾ ਅਤੇ ਉਨ੍ਹਾਂ ਨੂੰ ਮਿਲਾਂਗਾ।"

# 8ਵੇਂ ਤਨਖਾਹ ਕਮਿਸ਼ਨ ਨੂੰ ਕੇਂਦਰ ਵਲੋਂ ਮਨਜ਼ੂਰੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਕੇਂਦਰੀ ਮੰਤਰੀ ਮੰਡਲ ਨੇ 8ਵੇਂ ਕੇਂਦਰੀ ਤਨਖਾਹ ਕਮਿਸ਼ਨ ਦੇ ਸੰਦਰਭ ਦੀਆਂ ਸ਼ਰਤਾਂ ਨੂੰ ਮਨਜ਼ੂਰੀ ਦੇ ਦਿੱਤੀ।

8ਵਾਂ ਕੇਂਦਰੀ ਤਨਖਾਹ ਕਮਿਸ਼ਨ ਇੱਕ ਅਸਥਾਈ ਸੰਸਥਾ ਹੋਵੇਗੀ। ਕਮਿਸ਼ਨ ਵਿੱਚ ਇੱਕ ਚੇਅਰਪਰਸਨ; ਇੱਕ ਮੈਂਬਰ (ਅੰਸ਼ਕ-ਕਾਲੀ) ਅਤੇ ਇੱਕ ਮੈਂਬਰ-ਸਕੱਤਰ ਸ਼ਾਮਲ ਹੋਣਗੇ। ਇਹ ਆਪਣੇ ਗਠਨ ਦੀ ਮਿਤੀ ਤੋਂ 18 ਮਹੀਨਿਆਂ ਦੇ ਅੰਦਰ ਆਪਣੀਆਂ ਸਿਫਾਰਸ਼ਾਂ ਕਰੇਗਾ। ਇਹ ਲੋੜ ਪੈਣ 'ਤੇ, ਕਿਸੇ ਵੀ ਮਾਮਲੇ 'ਤੇ ਅੰਤਰਿਮ ਰਿਪੋਰਟਾਂ ਭੇਜਣ 'ਤੇ ਵਿਚਾਰ ਕਰ ਸਕਦਾ ਹੈ ਜਦੋਂ ਸਿਫਾਰਸ਼ਾਂ ਨੂੰ ਅੰਤਿਮ ਰੂਪ ਦਿੱਤਾ ਜਾਂਦਾ।

i. ਦੇਸ਼ ਵਿੱਚ ਆਰਥਿਕ ਸਥਿਤੀਆਂ ਅਤੇ ਵਿੱਤੀ ਸੂਝ-ਬੂਝ ਦੀ ਜ਼ਰੂਰਤ;

ii. ਇਹ ਯਕੀਨੀ ਬਣਾਉਣ ਦੀ ਜ਼ਰੂਰਤ ਕਿ ਵਿਕਾਸ ਖਰਚ ਅਤੇ ਭਲਾਈ ਉਪਾਵਾਂ ਲਈ ਢੁਕਵੇਂ ਸਰੋਤ ਉਪਲਬਧ ਹਨ;

iii. ਗੈਰ-ਯੋਗਦਾਨ ਪੈਨਸ਼ਨ ਸਕੀਮਾਂ ਦੀ ਫੰਡ ਰਹਿਤ ਲਾਗਤ;

iv. ਰਾਜ ਸਰਕਾਰਾਂ ਦੇ ਵਿੱਤ 'ਤੇ ਸਿਫਾਰਸ਼ਾਂ ਦਾ ਸੰਭਾਵਿਤ ਪ੍ਰਭਾਵ ਜੋ ਆਮ ਤੌਰ 'ਤੇ ਕੁਝ ਸੋਧਾਂ ਨਾਲ ਸਿਫਾਰਸ਼ਾਂ ਨੂੰ ਅਪਣਾਉਂਦੀਆਂ ਹਨ; ਅਤੇ

v. ਕੇਂਦਰੀ ਜਨਤਕ ਖੇਤਰ ਦੇ ਅਦਾਰਿਆਂ ਅਤੇ ਨਿੱਜੀ ਖੇਤਰ ਦੇ ਕਰਮਚਾਰੀਆਂ ਲਈ ਉਪਲਬਧ ਮੌਜੂਦਾ ਤਨਖਾਹ ਢਾਂਚਾ, ਲਾਭ ਅਤੇ ਕੰਮ ਕਰਨ ਦੀਆਂ ਸਥਿਤੀਆਂ।




ਕੇਂਦਰੀ ਤਨਖਾਹ ਕਮਿਸ਼ਨਾਂ ਦਾ ਗਠਨ ਸਮੇਂ-ਸਮੇਂ 'ਤੇ ਕੇਂਦਰੀ ਸਰਕਾਰੀ ਕਰਮਚਾਰੀਆਂ ਦੇ ਤਨਖਾਹ ਢਾਂਚੇ, ਸੇਵਾਮੁਕਤੀ ਲਾਭਾਂ ਅਤੇ ਹੋਰ ਸੇਵਾ ਸ਼ਰਤਾਂ ਦੇ ਵੱਖ-ਵੱਖ ਮੁੱਦਿਆਂ 'ਤੇ ਜਾਣ ਅਤੇ ਉਨ੍ਹਾਂ 'ਤੇ ਲੋੜੀਂਦੇ ਬਦਲਾਅ ਬਾਰੇ ਸਿਫਾਰਸ਼ਾਂ ਕਰਨ ਲਈ ਕੀਤਾ ਜਾਂਦਾ ਹੈ । ਆਮ ਤੌਰ 'ਤੇ, ਤਨਖਾਹ ਕਮਿਸ਼ਨਾਂ ਦੀਆਂ ਸਿਫਾਰਸ਼ਾਂ ਹਰ ਦਸ ਸਾਲਾਂ ਦੇ ਅੰਤਰਾਲ ਤੋਂ ਬਾਅਦ ਲਾਗੂ ਕੀਤੀਆਂ ਜਾਂਦੀਆਂ ਹਨ। ਇਸ ਰੁਝਾਨ ਨੂੰ ਦੇਖਦੇ ਹੋਏ, 8ਵੇਂ ਕੇਂਦਰੀ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਦਾ ਪ੍ਰਭਾਵ ਆਮ ਤੌਰ 'ਤੇ 01.01.2026 ਤੋਂ ਹੋਣ ਦੀ ਉਮੀਦ ਕੀਤੀ ਜਾਵੇਗੀ।

# ਬਰਤਾਨੀਆ 'ਚ ਪੰਜਾਬੀ ਵਿਦਿਆਰਥਣ ਨਾਲ ਜਬਰ-ਜਨਾਹ

**ਲੰਡਨ:** ਇੰਗਲੈਂਡ ਦੇ ਸ਼ਹਿਰ ਵਾਲਸਲ 'ਚ 25 ਅਕਤੂਬਰ ਨੂੰ ਇਕ ਵਿਦਿਆਰਥਣ ਨਾਲ ਜਬਰ ਜਨਾਹ ਅਤੇ ਉਸ 'ਤੇ ਨਸਲੀ ਹਮਲੇ ਦੀ ਖ਼ਬਰ ਸਾਹਮਣੇ ਆਈ ਹੈ। ਜਾਣਕਾਰੀ ਅਨੁਸਾਰ ਪੀੜਤਾ ਪੰਜਾਬੀ ਮੂਲ ਦੀ ਵਿਦਿਆਰਥਣ ਸੀ। ਜਦ ਕਿ ਇਸ ਤੋਂ ਪਹਿਲਾਂ 9 ਸਤੰਬਰ ਨੂੰ ਨਾਲ ਲੱਗਦੇ ਸ਼ਹਿਰ ਓਲਡਬਰੀ 'ਚ ਇਕ 20 ਸਾਲਾ ਪੰਜਾਬੀ ਲੜਕੀ ਨਾਲ ਜਬਰ ਜਨਾਹ ਤੇ ਨਸਲੀ ਹਮਲਾ ਹੋਇਆ ਸੀ। ਦੋ ਮਹੀਨਿਆਂ ਦੇ ਅੰਦਰ ਵੈਸਟ ਮਿਡਲੈਂਡ 'ਚ ਇਹ ਦੂਜਾ ਨਸਲੀ ਤੇ ਜਬਰ ਜਨਾਹ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ



ਅਨੁਸਾਰ ਹਮਲਾਵਰ ਨੇ ਵਿਦਿਆਰਥਣ ਦਾ ਪਿੱਛਾ ਕੀਤਾ ਅਤੇ ਉਸ ਦੇ ਘਰ ਦਾ ਦਰਵਾਜ਼ਾ ਤੋੜ ਦਿੱਤਾ, ਜਿਥੇ ਉਹ ਰਹਿ ਰਹੀ ਸੀ। ਹਮਲਾਵਰ ਨੇ ਨਸਲੀ ਸ਼ਬਦਾਵਲੀ ਬੋਲੀ ਅਤੇ ਇਕ ਗੁਆਂਢੀ ਨੇ ਵੀ ਹਮਲੇ ਦੌਰਾਨ ਉਸ ਦੀਆਂ ਚੀਕਾਂ ਸੁਣੀਆਂ। ਸਿੱਖ ਫੈਡਰੇਸ਼ਨ ਯੂ.ਕੇ. ਦੇ ਭਾਈ ਅਮਰੀਕ ਸਿੰਘ ਗਿੱਲ ਅਤੇ ਭਾਈ ਦਬਿੰਦਰਜੀਤ ਸਿੰਘ ਨੇ ਕਿਹਾ ਕਿ ਵੈਸਟ ਮਿਡਲੈਂਡ 'ਚ ਦੋ ਮਹੀਨਿਆਂ 'ਚ ਦੋ ਪੰਜਾਬੀ ਨੌਜਵਾਨ ਔਰਤਾਂ 'ਤੇ ਨਸਲੀ ਹਮਲਾ ਹੋਇਆ ਹੈ ਅਤੇ ਉਨ੍ਹਾਂ ਨਾਲ ਜਬਰ ਜਨਾਹ ਕੀਤਾ ਗਿਆ, ਪਰ ਪੁਲਿਸ ਅਜੇ ਤੱਕ ਦੋਸ਼ੀਆਂ ਦੀ ਉੱਘ-ਸੁੱਘ ਨਹੀਂ ਲਗਾ ਸਕੀ। ਪੁਲਿਸ ਮੁਤਾਬਿਕ ਇਸ ਘਟਨਾ ਸੰਬੰਧੀ 25 ਅਕਤੂਬਰ ਨੂੰ ਸ਼ਾਮੀ 7:15 ਵਜੇ ਸ਼ਿਕਾਇਤ ਮਿਲੀ ਸੀ। ਪੁਲਿਸ ਨੇ ਇਕ ਸ਼ੱਕੀ ਵਿਅਕਤੀ ਦੀ ਤਸਵੀਰ ਜਾਰੀ ਕਰਕੇ ਲੋਕਾਂ ਤੋਂ ਮਦਦ ਮੰਗੀ ਹੈ। ਹਮਲਾਵਰ 30 ਕੁ ਸਾਲ ਦਾ ਇਕ ਗੋਰਾ ਵਿਅਕਤੀ ਦੱਸਿਆ ਜਾ ਰਿਹਾ ਹੈ, ਜਿਸ ਨੇ ਗੂੜ੍ਹੇ ਰੰਗ ਦੇ ਕੱਪੜੇ ਪਾਏ ਹੋਏ ਸਨ। ਬਾਅਦ 'ਚ ਮਿਲੀ ਜਾਣਕਾਰੀ ਅਨੁਸਾਰ ਪੈਰੀ ਬਾਰ ਹਲਕੇ ਤੋਂ ਵਾਲਸਾਲ 'ਚ ਹੋਏ ਜਿਣਸੀ ਹਮਲੇ ਸੰਬੰਧੀ ਇਕ 32 ਸਾਲਾ ਵਿਅਕਤੀ ਨੂੰ ਗਿਰਫ਼ਤਾਰ ਕੀਤਾ ਹੈ।

# ਪੰਜਾਬ ਵਿੱਚ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਜਲਦੀ

**ਚੰਡੀਗੜ੍ਹ:** ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਦੇਰੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਦੀ ਸੁਣਵਾਈ ਦੌਰਾਨ, ਪੰਜਾਬ ਸਰਕਾਰ ਨੇ ਹਾਈ ਕੋਰਟ ਨੂੰ ਸੂਚਿਤ ਕੀਤਾ ਕਿ ਪੂਰੀ ਚੋਣ ਪ੍ਰਕਿਰਿਆ 5 ਦਸੰਬਰ, 2025 ਤੱਕ ਪੂਰੀ ਹੋ ਜਾਵੇਗੀ। ਇਹ ਪਟੀਸ਼ਨ ਲੁਧਿਆਣਾ ਨਿਵਾਸੀ ਬੇਅੰਤ ਕੁਮਾਰ ਕਿੰਗਰ ਦੁਆਰਾ ਦਾਇਰ ਕੀਤੀ ਗਈ ਸੀ। ਪਟੀਸ਼ਨਰ ਦਾ ਕਹਿਣਾ ਹੈ ਕਿ ਸੂਬੇ ਦੀਆਂ 150 ਪੰਚਾਇਤ ਸੰਮਤੀਆਂ ਅਤੇ 21 ਜ਼ਿਲ੍ਹਾ ਪ੍ਰੀਸ਼ਦਾਂ ਦਾ ਕਾਰਜਕਾਲ ਬਹੁਤ ਸਮਾਂ ਪਹਿਲਾਂ ਖਤਮ ਹੋ ਚੁੱਕਾ ਹੈ, ਪਰ ਚੋਣ ਪ੍ਰਕਿਰਿਆ ਅਜੇ ਸ਼ੁਰੂ ਨਹੀਂ ਹੋਈ ਹੈ। ਪਟੀਸ਼ਨਰ ਨੇ ਦਲੀਲ ਦਿੱਤੀ ਕਿ ਇਹ ਸਥਿਤੀ ਸੰਵਿਧਾਨ ਦੀ ਧਾਰਾ 243 ਈ(3) ਦੀ ਸਿੱਧੀ ਉਲੰਘਣਾ ਹੈ, ਜਿਸ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਪੰਚਾਇਤ ਚੋਣਾਂ ਉਨ੍ਹਾਂ ਦੇ ਕਾਰਜਕਾਲ ਦੀ ਸਮਾਪਤੀ ਤੋਂ ਪਹਿਲਾਂ ਜਾਂ ਉਨ੍ਹਾਂ ਦੇ ਭੰਗ ਹੋਣ ਦੇ ਛੇ ਮਹੀਨਿਆਂ ਦੇ ਅੰਦਰ ਹੋਣੀਆਂ ਚਾਹੀਦੀਆਂ ਹਨ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਚੋਣਾਂ ਦੀ ਘਾਟ ਲੋਕਤੰਤਰੀ ਢਾਂਚੇ ਨੂੰ ਕਮਜ਼ੋਰ ਕਰ ਰਹੀ ਹੈ ਅਤੇ ਸਥਾਨਕ ਸਵੈ-ਸ਼ਾਸਨ ਪ੍ਰਣਾਲੀ ਨੂੰ ਵਿਗਾੜ ਰਹੀ ਹੈ। ਸੁਣਵਾਈ ਦੌਰਾਨ, ਚੀਫ਼ ਜਸਟਿਸ ਨੇ ਚੋਣਾਂ ਵਿੱਚ ਦੇਰੀ 'ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਇਹ ਸੰਵਿਧਾਨਕ ਨਿਯਮਾਂ ਦੀ ਉਲੰਘਣਾ ਹੈ। ਸਰਕਾਰ ਨੂੰ ਆਪਣਾ ਕਾਰਜਕਾਲ ਖਤਮ ਹੋਣ ਤੋਂ ਪਹਿਲਾਂ ਚੋਣਾਂ ਕਰਵਾਉਣੀਆਂ ਚਾਹੀਦੀਆਂ ਸਨ। ਸਰਕਾਰ ਨੇ ਸਪੱਸ਼ਟ ਕੀਤਾ ਕਿ ਦੇਰੀ ਰਾਜ ਵਿੱਚ ਹੜਾਂ ਕਾਰਨ ਹੋਈ ਹੈ। ਪਟੀਸ਼ਨਕਰਤਾ ਨੇ ਫਿਰ ਅਦਾਲਤ ਨੂੰ ਦੱਸਿਆ ਕਿ ਕਈ ਥਾਵਾਂ 'ਤੇ, ਕਾਰਜਕਾਲ ਇੱਕ ਸਾਲ ਤੋਂ ਵੱਧ ਸਮਾਂ ਪਹਿਲਾਂ ਹੀ ਖਤਮ ਹੋ ਚੁੱਕਾ ਸੀ। ਹਾਈ ਕੋਰਟ ਨੇ ਅਗਲੀ ਸੁਣਵਾਈ ਨਵੰਬਰ ਦੇ ਆਖਰੀ ਹਫ਼ਤੇ ਤੱਕ ਮੁਲਤਵੀ ਕਰ ਦਿੱਤੀ।

# ਅਮਰੀਕਾ ਤੋਂ ਹਰਿਆਣਾ ਦੇ 54 ਨੌਜਵਾਨ ਡਿਪੋਰਟ

**ਪਾਣੀਪਤ:** ਅਮਰੀਕਾ ਵਿਚ ਗ਼ੈਰ ਕਾਨੂੰਨੀ ਤਰੀਕੇ ਨਾਲ ਰਹਿ ਰਹੇ ਹਰਿਆਣਾ ਰਾਜ ਦੇ 54 ਨੌਜਵਾਨਾਂ ਨੂੰ ਵਾਪਸ ਦੇਸ਼ ਭੇਜ ਦਿੱਤਾ ਗਿਆ ਹੈ। ਸਾਰੇ ਨੌਜਵਾਨਾਂ ਨੂੰ ਹੱਥਕੜੀਆਂ ਅਤੇ ਬੇੜੀਆਂ ਲਗਾ ਕੇ ਭੇਜਿਆ ਗਿਆ ਹੈ। ਇਹ ਉਡਾਣ ਸ਼ਨੀਵਾਰ ਸ਼ਾਮ ਨੂੰ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚੀ। ਐਤਵਾਰ ਸਵੇਰੇ ਸਬੰਧਤ ਜ਼ਿਲਿਆਂ ਦੀ ਪੁਲਿਸ ਨੂੰ ਨੌਜਵਾਨਾਂ ਨੂੰ ਸੌਂਪ ਦਿੱਤਾ ਗਿਆ।ਡਿਪੋਰਟ ਹੋਏ ਇਕ ਨੌਜਵਾਨ ਨੇ ਦੱਸਿਆ ਕਿ ਤਿੰਨ ਨਵੰਬਰ ਨੂੰ ਅਮਰੀਕਾ ਤੋਂ ਡਿਪੋਰਟ ਹੋਏ ਨੌਜਵਾਨਾਂ ਦਾ ਇਕ ਹੋਰ ਜਹਾਜ਼ ਆਵੇਗਾ।

ਡਿਪੋਰਟ ਹੋਣ ਵਾਲਿਆਂ ਵਿਚ ਸਭ ਤੋਂ ਵੱਧ. ਕਰਨਾਲ ਦੇ 16 ਅਤੇ ਕੈਥਲ ਦੇ 15 ਨੌਜਵਾਨ ਸ਼ਾਮਿਲ ਹਨ। ਇਨ੍ਹਾਂ ਦੇ ਨਾਲ ਅੰਬਾਲਾ ਤੇ ਕੁਰੁਕਸ਼ੇਤਰ ਦੇ ਪੰਜ-ਪੰਜ, ਯਮੁਨਾਨਗਰ ਦੇ ਚਾਰ, ਜੀਂਦ ਦੇ ਤਿੰਨ, ਸੋਨੀਪਤ ਦੇ ਦੋ ਅਤੇ ਪੰਚਕੂਲਾ, ਫਤਿਹਾਬਾਦ, ਰੋਹਤਕ ਤੇ ਪਾਣੀਪਤ ਦੇ ਇਕ-ਇਕ ਨੌਜਵਾਨ ਨੂੰ ਵੀ ਭਾਰਤ ਭੇਜਿਆ ਗਿਆ ਹੈ। ਇਹ ਸਾਰੇ ਡੰਕੀ ਰਸਤੇ ਰਾਹੀਂ ਅਮਰੀਕਾ ਗਏ ਸਨ। ਇਨ੍ਹਾਂ ਵਿੱਚੋਂ ਬਹੁਤ ਸਾਰੇ ਉਹ ਹਨ ਜੋ ਲਗਪਗ ਇਕ ਸਾਲ ਪਹਿਲਾਂ ਹੀ ਅਮਰੀਕਾ ਗਏ ਸਨ। ਕੈਥਲ ਦੀ ਪੁਲਿਸ ਲਾਈਨ ਵਿਚ



ਡੀ.ਐਸ.ਪੀ. ਲਲਿਤ ਯਾਦਵ ਦੀ ਦੇਖ ਰੇਖ ਵਿਚ ਨੌਜਵਾਨਾਂ ਤੋਂ ਪੁੱਛਗਿੱਛ ਕੀਤੀ ਗਈ ਅਤੇ ਕਾਗਜ਼ੀ ਕਾਰਵਾਈ ਪੂਰੀ ਕੀਤੀ ਗਈ। ਪੁੱਛਗਿੱਛ ਤੋਂ ਬਾਅਦ 14 ਨੌਜਵਾਨਾਂ ਨੂੰ ਆਪਣੇ ਪਰਿਵਾਰਾਂ ਕੋਲ ਭੇਜ ਦਿੱਤਾ ਗਿਆ। ਇਕ ਨੌਜਵਾਨ 'ਤੇ ਰਾਜੌਂਦ ਥਾਣੇ ਵਿਚ ਸ਼ਰਾਬ ਤਸਕਰੀ ਦਾ ਕੇਸ ਦਰਜ ਸੀ। ਉਸਨੂੰ ਕਿਥਾਨਾ ਚੌਕੀ ਦੀ ਪੁਲਿਸ ਨਾਲ ਲੈ ਜਾਇਆ ਗਿਆ। ਕਾਗਜ਼ੀ ਕਾਰਵਾਈ ਦੇ ਬਾਅਦ ਨਰੇਸ਼ ਨੂੰ ਵੀ ਛੱਡ ਦਿੱਤਾ ਗਿਆ। ਪੁਲਿਸ ਲਾਈਨ ਵਿਚ ਨੌਜਵਾਨਾਂ ਨੂੰ ਪੁੱਛਿਆ ਗਿਆ ਕਿ ਕੀ ਉਹ ਏਜੰਟ ਦੇ ਖ਼ਿਲਾਫ਼ ਕੋਈ ਕਾਰਵਾਈ ਕਰਵਾਉਣਾ ਚਾਹੁੰਦੇ ਹਨ ਜਾਂ ਨਹੀਂ। ਹਾਲਾਂਕਿ ਹੁਣ ਤੱਕ ਕਿਸੇ ਨੌਜਵਾਨ ਨੇ ਏਜੰਟ ਦੇ ਖ਼ਿਲਾਫ਼ ਲਿਖਤੀ ਸ਼ਿਕਾਇਤ ਨਹੀਂ ਦਿੱਤੀ। ਇੱਥੇ ਤੱਕ ਕਿ ਨੌਜਵਾਨ ਅਤੇ ਉਨ੍ਹਾਂ ਦੇ ਪਰਿਵਾਰ ਵੀ ਗੱਲਬਾਤ ਕਰਨ ਤੋਂ ਬਚ ਰਹੇ ਹਨ। ਜੋ ਨੌਜਵਾਨ ਡਿਪੋਰਟ ਹੋ ਕੇ ਆਏ ਹਨ, ਉਨ੍ਹਾਂ ਕੋਲ ਸਮਾਨ ਦਾ ਇਕ-ਇਕ ਬੈਗ ਹੀ ਸੀ। ਇਹ ਨੌਜਵਾਨ ਅਮਰੀਕਾ ਦੇ ਕੈਂਪਾਂ ਵਿਚ ਰੱਖੇ ਗਏ ਸਨ। ਬਹੁਤ ਸਾਰੇ ਨੌਜਵਾਨ. ਤਾਂ ਪਨਾਮਾਂ ਦੇ ਜੰਗਲਾਂ, ਨਿਕਾਰਾਗੁਆ, ਗੁਆਟੇਮਾਲਾ ਤੋਂ ਹੋਕੇ ਅਮਰੀਕਾ ਪਹੁੰਚੇ ਸਨ। 12-13 ਨੌਜਵਾਨ ਅਜਿਹੇ ਸਨ ਜੋ ਪਹਿਲਾਂ ਛੋਟੇ ਦੇਸ਼ਾਂ ਵਿਚ ਗਏ ਅਤੇ ਉਥੋਂ ਡੰਕੀ ਦੇ ਰਸਤੇ ਅਮਰੀਕਾ ਗਏ। ਨੌਜਵਾਨਾਂ ਨੇ ਡੰਕੀ ਰਾਹੀਂ ਅਮਰੀਕਾ ਜਾਣ ਲਈ 50 ਤੋਂ 70 ਲੱਖ ਰੁਪਏ ਖਰਚ ਕੀਤੇ ਸਨ। ਕਿਸੇ ਨੇ ਜਮੀਨ ਵੇਚੀ ਤਾਂ ਕਿਸੇ ਨੇ ਕਰਜ਼ੇ 'ਤੇ ਪੈਸੇ ਲਏ ਸਨ।

## 57.5 ਲੱਖ ਰੁਪਏ ਖਰਚ ਕੀਤੇ, ਜੇਲ੍ਹ 'ਚ ਰਹਿਣ ਮਗਰੋਂ ਹੋਇਆ ਡਿਪੋਰਟ

ਡਿਪੋਰਟ ਹੋ ਕੇ ਕੈਥਲ ਵਾਪਸ ਆਏ ਨਰੇਸ਼ ਕੁਮਾਰ ਨੇ ਦੱਸਿਆ, "ਮੈਂ ਸ਼ਨੀਵਾਰ ਨੂੰ ਅਮਰੀਕਾ ਦੀ ਜੇਲ੍ਹ ਤੋਂ ਡਿਪੋਰਟ ਹੋ ਕੇ ਭਾਰਤ ਆਇਆ ਹਾਂ। 9 ਜਨਵਰੀ 2024 ਨੂੰ ਦਿੱਲੀ ਤੋਂ ਬ੍ਰਾਜ਼ੀਲ ਗਿਆ ਸੀ। ਮੇਰਾ ਸੰਪਰਕ ਪਾਣੀਪਤ ਦੇ ਏਜੰਟ ਆਸ਼ੀਸ਼ ਕੁਮਾਰ ਅਤੇ ਸੁਨੀਲ ਕੁਮਾਰ ਨਾਲ ਹੋਇਆ। ਸੀ। ਦੋਹਾਂ ਨੇ ਮੈਨੂੰ ਡੰਕੀ ਦੇ ਰਸਤੇ ਬ੍ਰਾਜ਼ੀਲ ਤੋਂ ਅਮਰੀਕਾ ਭੇਜਣ ਲਈ 57.5 ਲੱਖ ਰੁਪਏ ਲਏ ਸਨ। ਮੈਂ ਆਪਣੇ ਪਿੰਡ ਦੀ ਕਰੀਬ ਇਕ ਏਕੜ ਜਮੀਨ ਵੇਚ ਕੇ 42 ਲੱਖ ਰੁਪਏ ਅਤੇ ਬਕਾਇਆ ਪੈਸੇ ਵਿਆਜ 'ਤੇ ਉਠਾਏ ਸਨ। ਮਾਰਚ 2025 ਵਿਚ ਦੋਹਾਂ ਨੂੰ 42 ਲੱਖ ਰੁਪਏ ਦਿੱਤੇ ਸਨ। ਜੂਨ ਵਿਚ ਡੰਕੀ ਦੇ ਰਸਤੇ ਯਾਤਰਾ ਸ਼ੁਰੂ ਕਰ ਦਿੱਤੀ ਸੀ। ਪਨਾਮਾ ਦੇ ਜੰਗਲਾਂ ਤੋਂ ਹੋਕੇ ਗਏ ਸਨ। ਡੰਕੀ ਠੀਕ ਤਰੀਕੇ ਨਾਲ ਖਾਣਾ ਵੀ ਨਹੀਂ ਦਿੰਦੇ ਸਨ। ਗੁਆਟੇਮਾਲਾ ਪਹੁੰਚਿਆ ਤਾਂ ਉਥੇ ਡੰਕੀ ਨੇ 6 ਲੱਖ ਰੁਪਏ ਲਏ ਸਨ। ਉਥੋਂ ਮੈਕਸਿਕੋ ਸਿਟੀ ਪਹੁੰਚਿਆ ਤਾਂ 6 ਲੱਖ ਰੁਪਏ ਉਥੇ ਵੀ ਲਏ ਗਏ। ਉਥੋਂ ਤੇਜ਼ਵਾਨਾ ਬਾਰਡਰ, ਪਾਰ ਕਰਕੇ ਅਮਰੀਕਾ ਭੇਜਣ ਦੇ ਨਾਮ 'ਤੇ ਵੀ ਲਗਪਗ 3 ਲੱਖ ਰੁਪਏ ਲਏ ਗਏ ਸਨ। ਪੈਸੇ ਲੈਣ ਦੇ ਬਾਅਦ ਵੀ ਮੈਨੂੰ ਦੂਜੇ ਬਾਰਡਰ ਤੋਂ ਅਮਰੀਕਾ ਭੇਜਿਆ ਗਿਆ ਅਤੇ ਉਥੇ ਪਹੁੰਚਦੇ ਹੀ ਪੁਲਿਸ ਨੇ ਫੜ ਲਿਆ। ਡੰਕੀ ਰੂਟ 'ਤੇ ਮੈਨੂੰ ਲਗਪਗ ਦੋ ਮਹੀਨੇ ਲੱਗੇ ਸਨ। ਇਸ ਤੋਂ ਬਾਅਦ ਮੈਂ ਜੇਲ ਵਿਚ ਹੀ ਸੀ। ਅਮਰੀਕਾ ਦੀਆਂ ਜੇਲਾਂ ਅਤੇ ਕੈਂਪਾਂ ਵਿਚ ਕਾਫੀ ਸੰਖਿਆ ਵਿਚ ਭਾਰਤੀ ਬੰਦ ਹਨ। ਹੁਣ ਬਹੁਤ ਸਾਰੇ ਜਹਾਜ਼ ਭਾਰਤ ਆਉਣੇ ਹਨ। ਮੈਂ ਤਾਂ ਨੌਜਵਾਨਾਂ- ਨੂੰ ਇਹੀ ਕਹਾਂਗਾ ਕਿ ਕੋਈ ਵੀ ਡੰਕੀ ਦੇ ਰਸਤੇ ਅਮਰੀਕਾ ਨਾ ਜਾਵੇ।"

# ਮੁਸ਼ੱਰਫ ਨੇ ਅਮਰੀਕਾ ਨੂੰ ਦੇ ਦਿੱਤੀ ਸੀ ਪਰਮਾਣੂ ਹਥਿਆਰਾਂ ਦੀ 'ਚਾਬੀ'

**ਨਵੀਂ ਦਿੱਲੀ:** ਸੀਆਈਏ ਦੇ ਸਾਬਕਾ ਅਧਿਕਾਰੀ ਜੌਨ ਕਿਰਿਆਕੋਊ ਨੇ ਦਾਅਵਾ ਕੀਤਾ ਹੈ ਕਿ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਨੇ ਪਰਮਾਣੂ ਹਥਿਆਰਾਂ ਦੀ ਕੰਟਰੋਲ ਅਮਰੀਕਾ ਨੂੰ ਸੌਂਪ ਦਿੱਤਾ ਸੀ। ਉਨ੍ਹਾਂ ਅਜਿਹਾ ਇਸ ਡਰ ਕਾਰਨ ਕੀਤਾ ਸੀ ਕਿ ਇਹ ਪਰਮਾਣੂ ਹਥਿਆਰ ਅੱਤਵਾਦੀਆਂ ਦੇ ਹੱਥ ਨਾ ਲੱਗ ਜਾਣ। ਕਿਰਿਆਕੋਊ ਨੇ ਦੱਸਿਆ ਕਿ ਅਮਰੀਕਾ ਨੇ ਕਰੋੜਾਂ ਡਾਲਰ ਨਕਦ ਇਨਾਮ ਦੇ ਕੇ ਮੁਸ਼ੱਰਫ ਤੇ ਆਈ.ਐੱਸ.ਆਈ. ਨੂੰ ਖ਼ਰੀਦ ਲਿਆ ਸੀ। ਇਸ ਬਦਲੇ ਅਮਰੀਕਾ ਨੇ ਪਾਕਿਸਤਾਨ 'ਚ ਜੋ ਚਾਹਿਆ, ਉਹ ਕੀਤਾ। ਉਨ੍ਹਾਂ ਦੱਸਿਆ ਕਿ ਅਮਰੀਕਾ ਤਾਨਾਸ਼ਾਹਾਂ ਨਾਲ ਕੰਮ ਕਰਨਾ ਪਸੰਦ ਕਰਦਾ ਹੈ ਕਿਉਂਕਿ ਉਦੋਂ ਤੁਹਾਨੂੰ ਲੋਕਮਤ ਦੀ ਚਿੰਤਾ ਨਹੀਂ ਕਰਨੀ ਪੈਂਦੀ ਤੇ ਨਾ ਹੀ ਮੀਡੀਆ ਦੀ। ਕਿਰਿਆਕੋਊ 9/11 ਹਮਲੇ ਤੋਂ ਬਾਅਦ ਪਾਕਿਸਤਾਨ 'ਚ ਸੀਆਈਏ ਦੀ ਅੱਤਵਾਦੀ ਵਿਰੋਧੀ ਮੁਹਿੰਮ ਦੀ ਅਗਵਾਈ ਕਰ ਰਹੇ ਸਨ। ਉਨ੍ਹਾਂ ਦਾ ਕੰਮ ਅਲਕਾਇਦਾ ਦੇ ਲੜਾਕਿਆਂ ਤੇ ਕਮਾਂਡਰਾਂ ਦਾ ਪਤਾ ਲਗਾਉਣਾ ਤੇ ਉਨ੍ਹਾਂ ਨੂੰ ਫੜਨਾ ਸੀ। ਏਐੱਨਆਈ ਨਾਲ ਇਕ ਵਿਸ਼ੇਸ਼ ਇੰਟਰਵਿਊ 'ਚ ਉਨ੍ਹਾਂ ਦੱਸਿਆ ਕਿ ਜਦੋਂ ਮੈਂ 2002 'ਚ ਪਾਕਿਸਤਾਨ 'ਚ ਤਾਇਨਾਤ ਸੀ, ਤਾਂ ਮੈਨੂੰ ਗ਼ੈਰ-ਰਸਮੀ ਤੌਰ 'ਤੇ ਦੱਸਿਆ ਗਿਆ ਸੀ ਕਿ ਪਾਕਿਸਤਾਨੀ ਪਰਮਾਣੂ ਹਥਿਆਰਾਂ ਦੀ ਚਾਬੀ



ਪੈਂਟਾਗਨ ਕੋਲ ਹੈ।

## ਸਵਾਰਥ 'ਤੇ ਆਧਾਰਿਤ ਹਨ ਅਮਰੀਕਾ-ਪਾਕਿ ਸਬੰਧ

ਕਿਰਿਆਕੋਊ ਨੇ ਦਾਅਵਾ ਕੀਤਾ ਕਿ ਅਮਰੀਕੀ-ਪਾਕਿ ਸਬੰਧ ਪੂਰੀ ਤਰ੍ਹਾਂ ਸਵਾਰਥ 'ਤੇ ਆਧਾਰਿਤ ਹਨ। ਭਾਵੇਂ ਅਸਥਾਈ ਤੌਰ 'ਤੇ ਹੀ ਸਹੀ, ਅਮਰੀਕਾ ਦਾ ਪਾਕਿਸਤਾਨ ਨਾਲ ਵੱਡਾ ਰਿਸ਼ਤਾ ਸੀ,ਇਹ ਰਿਸ਼ਤਾ ਭਾਰਤ ਤੇ ਪਾਕਿਸਤਾਨ ਦੋਵਾਂ ਤੋਂ ਵੱਡਾ ਸੀ। ਕਿਉਂਕਿ ਸਾਨੂੰ ਪਾਕਿਸਤਾਨ ਦੀ ਲੋੜ ਸੀ। ਪਾਕਿਸਤਾਨ ਨੇ ਇਸਦਾ ਫਾਇਦਾ ਚੁੱਕਿਆ। ਅਸੀਂ ਬਲੋਚਿਸਤਾਨ 'ਚ ਡ੍ਰੋਨ ਬੇਸ ਬਣਾਇਆ, ਨਾਲ ਹੀ ਪਿਸ਼ਾਵਰ, ਕਵੇਟਾ, ਕਰਾਚੀ ਤੇ ਲਾਹੌਰ 'ਚ ਵੀ ਆਪਣੀ ਮੌਜੂਦਗੀ ਵਧਾਈ। ਸਾਨੂੰ ਹਰ ਚੀਜ਼ 'ਚ ਉਨ੍ਹਾਂ ਦਾ ਸਾਥ ਚਾਹੀਦਾ ਸੀ।

## 50 ਲੱਖ ਡਾਲਰ ਦੇ ਮਹਿਲ 'ਚ ਰਹਿੰਦੀ ਸੀ ਬੇਨਜ਼ੀਰ

ਕਿਰਿਆਕੋਊ ਨੇ ਦੱਸਿਆ ਕਿ ਪਾਕਿਸਤਾਨ ਨਾ ਭ੍ਰਿਸ਼ਟਾਚਾਰ 'ਚ ਇੰਨਾ ਡੁੱਬਿਆ ਹੋਇਆ ਸੀ ਕਿ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਖਾੜੀ ਦੇਸ਼ 'ਚ ਐਸ਼ਪ੍ਰਸਤੀ ਭਰਿਆ ਜੀਵਨ ਜੀਅ ਰਹੀ ਸੀ, ਜਦਕਿ ਆਮ ਲੋਕ ਭੁੱਖੇ ਮਰ ਰਹੇ ਸਨ। ਉਹ ਜਲਾਵਤਨੀ ਦੌਰਾਨ 50 ਲੱਖ ਡਾਲਰ ਦੇ ਮਹਿਲ 'ਚ ਦੁਬਈ 'ਚ ਰਹਿ ਰਹੀ ਸੀ।



ਕਿਰਿਆਕੋਊ ਨੇ ਦੱਸਿਆ ਕਿ ਉਹ ਉਨ੍ਹਾਂ ਨੂੰ ਮਿਲਣ ਗਏ ਸਨ ਤੇ ਉਸ ਦੌਰਾਨ ਉਹ ਇਸ ਗੱਲ ਤੇ ਤੋਂ ਨਾਰਾਜ਼ ਸੀ ਕਿ ਉਨ੍ਹਾਂ ਦੇ ਪਤੀ ਆਸਿਫ ਅਲੀ ਜ਼ਰਦਾਰੀ ਬੈਂਟਲੇ ਕਾਰ ਖ਼ਰੀਦ ਰਹੇ ਸਨ, ਜਦਕਿ ਉਨ੍ਹਾਂ ਕੋਲ ਪਹਿਲਾਂ ਤੋਂ ਹੀ ਲਗਜ਼ਰੀ ਕਾਰਾਂ ਸਨ।

## ਮੁਸ਼ੱਰਫ ਨੇ ਅਮਰੀਕਾ ਨੂੰ ਦਿੱਤੀ ਸੀ ਖੁੱਲ੍ਹੀ ਛੋਟ



ਕਿਰਿਆਕੋਊ ਨੇ ਦਾਅਵਾ ਕੀਤਾ ਕਿ ਅਸੀਂ ਪਾਕਿਸਤਾਨ ਨੂੰ ਫ਼ੌਜੀ ਮਦਦ ਤੇ ਆਰਥਿਕ ਵਿਕਾਸ ਦੇ ਨਾਂ 'ਤੇ ਲੱਖਾਂ-ਕਰੋੜਾਂ ਡਾਲਰ ਦੀ ਮਦਦ ਦਿੱਤੀ। ਅਸੀਂ ਮੁਸ਼ੱਰਫ ਨੂੰ ਰੈਗੂਲਰ ਤੌਰ 'ਤੇ ਹਫ਼ਤੇ 'ਚ ਕਈ ਵਾਰ ਮਿਲਦੇ ਸੀ। ਅਸਲ 'ਚ ਉਹ ਸਾਨੂੰ ਜੋ ਚਾਹੇ ਉਹ ਕਰਨ ਦਿੰਦੇ ਸਨ। ਮੁਸ਼ੱਰਫ ਨੇ ਸਿਰਫ ਫ਼ੌਜ ਨੂੰ ਖ਼ੁਸ਼ ਰੱਖਿਆ ਤੇ ਭਾਰਤ ਖ਼ਿਲਾਫ਼ ਅੱਤਵਾਦੀ ਸਰਗਰਮੀਆਂ ਕਰਦੇ ਹੋਏ ਅੱਤਵਾਦ-ਰੋਕੂ ਮੁਹਿੰਮਾਂ 'ਚ ਅਮਰੀਕਾ ਦਾ ਸਾਥ ਦੇਣ ਦਾ ਦਿਖਾਵਾ ਕੀਤਾ।

# ਥਾਈਲੈਂਡ ਤੇ ਕੰਬੋਡੀਆ ਦਾ ਟਰੰਪ ਦੀ ਮੌਜੂਦਗੀ 'ਚ ਜੰਗਬੰਦੀ ਸਮਝੌਤਾ

**ਕੁਆਲਾਲੰਪੁਰ:** ਥਾਈਲੈਂਡ ਤੇ ਕੰਬੋਡੀਆ ਨੇ ਜੰਗਬੰਦੀ ਵਿਸਥਾਰ ਸਮਝੌਤੇ 'ਤੇ ਦਸਤਖ਼ਤ ਕੀਤੇ ਜਿਸ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੀ ਮੌਜੂਦ ਸਨ। ਟਰੰਪ ਦੀਆਂ ਆਰਥਿਕ ਦਬਾਅ ਦੀਆਂ ਧਮਕੀਆਂ ਨੇ ਦੋਵਾਂ ਦੇਸ਼ਾਂ ਨੂੰ ਸਰਹੱਦ 'ਤੇ ਝੜਪਾਂ ਰੋਕਣ ਲਈ ਪ੍ਰੇਰਿਤ ਕੀਤਾ ਸੀ।

ਥਾਈਲੈਂਡ ਕੰਬੋਡੀਆਈ ਕੈਦੀਆਂ ਨੂੰ ਰਿਹਾਅ ਕਰੇਗਾ ਤੇ ਸਮਝੌਤੇ ਦੇ ਪਹਿਲੇ ਪੜਾਅ ਦਿਨ ਦੱਸਿਆ ਤੇ ਥਾਈ ਪ੍ਰਧਾਨ ਮੰਤਰੀ ਅਨੁਤਿਨ ਚਾਰਨਵਿਰਾਕੁਲ ਨੇ ਕਿਹਾ ਕਿ ਇਹ ਸਮਝੌਤਾ ਸਥਾਈ ਸ਼ਾਂਤੀ ਦੀ ਨੀਂਹ ਰੱਖਦਾ ਹੈ।

ਸਥਾਨਕ ਕਲਾਕਾਰਾਂ ਨਾਲ ਨੱਚਣ ਲੱਗੇ ਟਰੰਪ : ਟਰੰਪ ਮਲੇਸ਼ੀਆ ਦਾ ਰਾਜਧਾਨੀ ਕੁਆਲਾਲੰਪੁਰ ਪਹੁੰਚੇ। ਏਅਰਪੋਰਟ 'ਤੇ ਉਨ੍ਹਾਂਦੇ ਸਨਮਾਨ 'ਚ ਸਥਾਨਕ ਕਲਾਕਾਰ ਨਾਚ ਪੇਸ਼ ਕਰ ਰਹੇ ਸਨ। ਇਹ ਦੇਖ ਕੇ ਅਮਰੀਕੀ ਰਾਸ਼ਟਰਪਤੀ ਖ਼ੁਦ ਨੂੰ ਰੋਕ ਨਹੀਂ ਪਾਏ ਤੇ ਉਹ ਵੀ ਨੱਚਣ ਲੱਗੇ।




ਦੇ ਤਹਿਤ ਕੰਬੋਡੀਆ ਭਾਰੀ ਤੋਪਖਾਨੇ ਵਾਪਸ ਬੁਲਾਉਣੇ ਸ਼ੁਰੂ ਕਰੇਗਾ। ਖੇਤਰੀ ਕੰਜ਼ਰਵੇਟਰ ਹਾਲਾਤ 'ਤੇ ਨਜ਼ਰ ਰੱਖਣਗੇ ਤਾਂਕਿ ਇਹ ਯਕੀਨੀ ਹੋ ਸਕੇ ਕਿ ਜੰਗ ਮੁੜ ਸ਼ੁਰੂ ਨਾ ਹੋਵੇ। ਟਰੰਪ ਨੇ ਕਿਹਾ ਕਿ ਅਸੀਂ ਕੁਝ ਅਜਿਹਾ ਕੀਤਾ, ਜਿਸਦੇ ਸਬੰਧ 'ਚ ਬਹੁਤ ਸਾਰੇ ਲੋਕਾਂ ਦਾ ਕਹਿਣਾ ਸੀ ਕਿ ਇਹ ਨਹੀਂ ਕੀਤਾ ਜਾ ਸਕਦਾ। ਕੰਬੋਡੀਆਈ ਪ੍ਰਧਾਨ ਮੰਤਰੀ ਹੁਨ ਮਾਨੇਟ ਨੇ ਇਸ ਨੂੰ ਇਤਿਹਾਸਕ ਸਾਰੇ ਉਨ੍ਹਾਂ ਦੇ ਸਟੈਂਪ ਦੇਖਣ ਲੱਗੇ। ਇਥੇ ਉਨ੍ਹਾਂ ਇਕ ਹੱਥ 'ਚ ਅਮਕੀਤੀ ਤਾਂ ਦੂਜੇ ਹੱਥ 'ਚ ਮਲੇਸ਼ਿਆਈ ਝੰਡਾ ਲਹਿਰਾਇਆ। ਆਪਣੀ ਯਾਤਰਾ ਦੌਰਾਨ ਟਰੰਪ ਨੇ ਕੰਬੋਡੀਆ,ਥਾਈਲੈਂਡ ਤੇ ਮਲੇਸ਼ੀਆ ਨਾਲ ਆਰਥਿਕ ਸਮਝੌਤਿਆਂ 'ਤੇ ਦਸਤਖ਼ਤ ਵੀ ਕੀਤੇ, ਜਿਨ੍ਹਾਂ 'ਚੋਂ ਕੁਝ ਦਾ ਮੰਤਵ ਅਹਿਮ ਖਣਿਜਾਂ ਨਾਲ ਜੁੜੇ ਵਪਾਰ ਨੂੰ ਵਧਾਉਣਾ ਸੀ।

# 100 ਫ਼ੀਸਦੀ ਟੈਰਿਫ ਦੀ ਸੰਭਾਵਨਾ ਟਲੀ

**ਕੁਆਲਾਲੰਪੁਰ:** ਆਸਿਆਨ ਸੰਮੇਲਨ ਦੌਰਾਨ ਅਮਰੀਕਾ ਤੇ ਚੀਨ ਨੇ ਲੰਬੇ ਸਮੇਂ ਤੋਂ ਉਡੀਕੇ ਜਾ ਰਹੇ ਵਪਾਰ ਸੌਦੇ ਦੀ ਰੂਪਰੇਖਾ ਤੈਅ ਕਰ ਲਈ ਹੈ, ਜਿਸ ਨਾਲ ਦੁਨੀਆ ਦੇ ਦੋ ਸਭ ਤੋਂ ਵੱਡੇ ਅਰਥਚਾਰਿਆਂ 'ਚ ਵਧਦੇ ਤਣਾਅ 'ਚ ਕਮੀ ਆਉਣ ਦੇ ਸੰਕੇਤ ਮਿਲੇ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਹੋਣ ਵਾਲੀ ਅਗਲੀ ਮੁਲਾਕਾਤ 'ਤੇ ਭਰੋਸਾ ਪ੍ਰਗਟਾਉਂਦੇ ਹੋਏ ਕਿਹਾ ਕਿ ਅਸੀਂ ਇਕ ਵੱਡੇ ਸਮਝੌਤੇ ਦੇ ਬਹੁਤ ਨੇੜੇ ਹਾਂ।

ਅਮਰੀਕੀ ਵਿੱਤ ਮੰਤਰੀ ਸਕੌਟ ਬੇਸੈਂਟ ਤੇ ਵਪਾਰ ਪ੍ਰਤੀਨਿਧ ਜੈਮੀਸਨ ਗ੍ਰੀਅਰ ਨੇ ਚੀਨੀ ਉਪ-ਪ੍ਰਧਾਨ ਮੰਤਰੀ ਹੇ ਲੀਫੇਂਗ ਤੇ ਸਿਖ਼ਰਲੇ ਅਫ਼ਸਰ ਲੀ ਚੇਂਗਗਾਂਗ ਨਾਲ ਪੰਜਵੇਂ ਦੌਰ ਦੀ ਗੱਲਬਾਤ ਕੀਤੀ। ਦੋਵਾਂ ਪੱਖਾਂ ਨੇ ਦੱਸਿਆ ਕਿ ਗੱਲਬਾਤ ਰਚਨਾਤਮਕ ਤੇ ਡੂੰਘੀ ਰਹੀ ਤੇ ਵਪਾਰ ਸੰਤੁਲਨ, ਵਿਲੱਖਣ ਖਣਿਜ (ਰੇਅਰ ਅਰਥ ਮਿਨਰਲਜ਼), ਖੇਤੀਬਾੜੀ ਦਰਾਮਦ, ਫੈਂਟੇਨਾਈਲ ਸੰਕਟ ਤੇ ਟਿਕਟਾਕ ਵਰਗੇ ਸੰਵੇਦਨਸ਼ੀਲ ਮੁੱਦਿਆਂ 'ਤੇ ਸ਼ੁਰੂਆਤੀ ਸਹਿਮਤੀ ਬਣੀ ਹੈ। ਚੀਨ ਨੇ ਸੰਕੇਤ ਦਿੱਤੇ ਹਨ ਕਿ ਜੇ ਸਮਝੌਤਾ ਆਖ਼ਰੀ ਰੂਪ ਲੈਂਦਾ ਹੈ ਤਾਂ ਉਹ ਰੇਅਰ ਅਰਥ ਦੀ ਬਰਾਮਦ 'ਤੇ ਆਪਣੇ ਕੰਟਰੋਲ ਨੂੰ ਨਰਮ ਕਰ ਸਕਦਾ ਹੈ, ਜਦਕਿ ਅਮਰੀਕਾ ਨੇ ਵੀ 100 ਫ਼ੀਸਦੀ ਨਵੇਂ ਟੈਰਿਫ



ਟਾਲਣ ਦੀ ਉਮੀਦ ਪ੍ਰਗਟਾਈ ਹੈ। ਦੋਵੇਂ ਦੇਸ਼ ਮੌਜੂਦਾ ਵਪਾਰ ਜੰਗ ਨੂੰ ਹੋਰ ਵਧਣ ਤੋਂ ਰੋਕਣ ਲਈ ਸਮਝੌਤੇ ਨੂੰ ਵਧਾਉਣ 'ਤੇ ਵਿਚਾਰ ਕਰ ਰਹੇ ਹਨ। ਇਹ ਸਮਝੌਤਾ 10 ਨਵੰਬਰ ਨੂੰ ਖ਼ਤਮ ਹੋਣ ਵਾਲਾ ਹੈ। ਇਹ ਸਮਝੌਤਾ 10 ਨਵੰਬਰ ਨੂੰ ਖ਼ਤਮ ਹੋਣ ਵਾਲਾ ਹੈ।ਟਰੰਪ ਨੇ ਕਿਹਾ ਕਿ ਉਹ ਵੀ ਸਮਝੌਤਾ ਚਾਹੁੰਦੇ ਹਨ ਤੇ ਅਸੀਂ ਵੀ। ਇਹ ਆਲਮੀ ਅਰਥਚਾਰੇ ਲਈ ਸਕਾਰਾਤਮਕ ਕਦਮ ਹੋਵੇਗਾ। ਉਥੇ ਹੀ, ਚੀਨ ਦੇ ਲੀ ਚੇਂਗਗਾਂਗ ਨੇ ਕਿਹਾ ਕਿ ਦੋਵੇਂ ਦੇਸ਼ ਅੰਦਰੂਨੀ ਪਰਵਾਨਗੀ ਪ੍ਰਕਿਰਿਆ 'ਚ ਅੱਗੇ ਵੱਧ ਰਹੇ ਹਨ, ਜਿਸ ਤੋਂ ਬਾਅਦ ਨੇਤਾਵਾਂ ਦੀ ਮੀਟਿੰਗ 'ਚ ਆਖ਼ਰੀ ਫ਼ੈਸਲਾ ਹੋਵੇਗਾ। ਆਸਿਆਨ ਸੰਮੇਲਨ ਦੌਰਾਨ ਟਰੰਪ ਨੇ ਥਾਈਲੈਂਡ ਤੇ ਕੰਬੋਡੀਆ ਵਿਚਾਲੇ ਜੰਗਬੰਦੀ ਸਮਝੌਤੇ ਦੇ ਐਲਾਨ 'ਚ ਵੀ ਹਿੱਸਾ ਲਿਆ, ਖ਼ੁਦ ਨੂੰ ਆਲਮੀ ਸ਼ਾਂਤੀ ਨਿਰਮਾਤਾ ਦੇ ਤੌਰ 'ਤੇ ਪੇਸ਼ ਕੀਤਾ ਤੇ ਏਸ਼ੀਆ 'ਚ ਅਮਰੀਕੀ ਪ੍ਰਭਾਵ ਵਧਾਉਣ ਦੀ ਰਣਨੀਤੀ ਦਾ ਸੰਕੇਤ ਦਿੱਤਾ। ਅਗਲੀ ਟਰੰਪ-ਸ਼ੀ ਮੁਲਾਕਾਤ ਨੂੰ ਵਿਸ਼ਵ ਬਾਜ਼ਾਰ ਉਮੀਦ ਭਰੀਆਂ ਨਜ਼ਰਾਂ ਨਾਲ ਦੇਖ ਰਿਹਾ ਹੈ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਬੰਗਲਾਦੇਸ਼ ਨੇ ਭਾਰਤੀ ਇਲਾਕੇ ਆਪਣੇ ਦੱਸੇ

**ਨਵੀਂ ਦਿੱਲੀ:** ਭਾਰਤ ਦੀ ਮਦਦ ਨਾਲ ਵਜੂਦ 'ਚ ਆਉਣ ਵਾਲੇ ਬੰਗਲਾਦੇਸ਼ ਨੇ ਇਕ ਵਾਰੀ ਮੁੜ ਉਕਸਾਵੇ ਵਾਲੀ ਹਰਕਤ ਕੀਤੀ ਹੈ। ਦੇਸ਼ ਦੇ ਪ੍ਰਮੁੱਖ ਆਗੂ ਮੁਹੰਮਦ ਯੂਨੁਸ ਨੇ ਪਾਕਿਸਤਾਨੀ ਫ਼ੌਜੀ ਅਧਿਕਾਰੀ ਨੂੰ ਗਿਫਟ 'ਚ ਕਿਤਾਬ ਦਿੱਤੀ ਹੈ, ਜਿਸ 'ਚ ਬੰਗਲਾਦੇਸ਼ ਦਾ ਵਿਵਾਦਤ ਨਕਸ਼ਾ ਵੀ ਸ਼ਾਮਲ ਹੈ। ਇਸ ਨਕਸ਼ੇ 'ਚ ਬਿਹਾਰ, ਝਾਰਖੰਡ, ਓਡੀਸ਼ਾ, ਅਸਾਮ ਤੇ ਹੋਰ ਉੱਤਰ ਪੂਰਬੀ ਸੂਬਿਆਂ ਨੂੰ ਗ੍ਰੇਟਰ ਬੰਗਲਾਦੇਸ਼ ਦੇ ਹਿੱਸੇ ਵਜੋਂ ਦਰਸਾਇਆ ਗਿਆ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਹਾਲੇ ਇਸ 'ਤੇ ਕੋਈ ਟਿੱਪਣੀ ਨਹੀਂ ਕੀਤੀ।

ਯੂਨੁਸ ਨੇ ਇਹ ਗਿਫਟ ਪਾਕਿਸਤਾਨ ਦੇ ਜੁਆਇੰਟ ਚੀਫ ਆਫ ਸਟਾਫ ਕਮੇਟੀ ਦੇ ਚੇਅਰਮੈਨ ਜਨਰਲ ਸਾਹਿਰ ਸ਼ਮਸ਼ਾਦ ਮਿਰਜ਼ਾ ਨੂੰ ਢਾਕਾ 'ਚ ਦਿੱਤਾ। ਮਿਰਜ਼ਾ ਨੂੰ ਪਾਕਿਸਤਾਨੀ ਫ਼ੌਜ ਮੁਖੀ ਅਸੀਮ ਮੁਨੀਰ ਦਾ ਜਾਨਸ਼ੀਨ ਮੰਨਿਆ ਜਾਂਦਾ ਹੈ। ਯੂਨੁਸ ਨੇ ਆਪਣੇ ਸਰਕਾਰੀ ਐਕਸ ਅਕਾਊਂਟ 'ਤੇ ਮਿਰਜ਼ਾ ਨਾਲ ਕੁਝ ਤਸਵੀਰਾਂ ਵੀ ਪੋਸਟ ਕੀਤੀਆਂ। ਇਸ ਤਸਵੀਰ 'ਚ ਇਕ ਕਿਤਾਬ ਨਜ਼ਰ ਆ ਰਹੀ ਹੈ, ਜਿਸ 'ਤੇ 'ਆਰਟ ਆਫ ਟ੍ਰਾਇੰਫ: ਬੰਗਲਾਦੇਸ਼ਜ਼ ਨਿਊ ਡਾਨ' ਲਿਖਿਆ ਹੋਇਆ ਹੈ। ਇਸ ਕਿਤਾਬ 'ਚ 2024 'ਚ ਵਿਦਿਆਰਥੀ ਅੰਦੋਲਨ ਦੀ ਸ਼ੁਰੂਆਤ ਤੋਂ ਲੈ ਕੇ ਸ਼ੇਖ ਹਸੀਨਾ ਸਰਕਾਰ ਨੂੰ ਹਟਾਉਣ ਤੱਕ ਦੀਆਂ ਤਸਵੀਰਾਂ ਸ਼ਾਮਲ ਕੀਤੀਆਂ ਗਈਆਂ ਹਨ। ਹਾਲਾਂਕਿ, ਮਾਮਲੇ 'ਚ ਵਿਵਾਦ ਸਿਰਫ਼ ਨਕਸ਼ੇ ਦੀ ਵਜ੍ਹਾ ਨਾਲ ਹੈ। ਇਸ ਵਿਚ ਗ੍ਰੇਟਰ ਬੰਗਲਾਦੇਸ਼ ਦੀ ਧਾਰਨਾ ਨੂੰ




ਦਰਸਾਇਆ ਗਿਆ ਹੈ। ਇਸ ਧਾਰਨਾ ਨੂੰ ਢਾਕਾ ਆਧਾਰਤ ਇਸਲਾਮਿਕ ਕੱਟੜ ਪੰਥੀ, ਸੰਗਠਨ ਸਲਤਨਤ ਏ ਬੰਗਲਾ ਦੇ ਦਿਮਾਕ ਦੀ ਪੈਦਾਵਾਰ ਮੰਨਿਆ ਜਾ ਰਿਹਾ ਹੈ। ਇਸ ਨਕਸ਼ੇ 'ਚ ਭਾਰਤ ਦੇ ਸਮੁੱਚੇ ਉੱਤਰ ਪੂਰਬੀ ਹਿੱਸੇ ਨੂੰ ਹੀ ਬੰਗਲਾਦੇਸ਼ ਦਾ ਹਿੱਸਾ ਦੱਸਿਆ ਗਿਆ ਹੈ। ਨਾਲ ਹੀ ਮਿਆਂਮਾਰ ਦੇ ਅਰਾਕਾਨ ਸੂਬੇ ਨੂੰ ਵੀ ਇਸ 'ਚ ਸ਼ਾਮਲ ਦਿਖਾਇਆ ਗਿਆ ਹੈ।

## ਹੁਣ ਤੱਕ 12 ਦੇਸ਼ਾਂ ਦੇ ਆਗੂਆਂ ਨੂੰ ਦਿੱਤੀ ਗਈ ਇਹ ਕਿਤਾਬ

ਬੰਗਲਾਦੇਸ਼ ਦੇ ਆਗੂ ਪਹਿਲਾਂ ਵੀ ਇਸ ਕਿਤਾਬ ਨੂੰ ਗਿਫਟ ਦੇ ਤੌਰ 'ਤੇ ਇਸਤੇਮਾਲ ਕਰਦੇ ਰਹੇ ਹਨ। ਸਤੰਬਰ 2024 'ਚ ਯੂਨੁਸ ਨੇ ਉਦੋਂ ਦੇ ਕੈਨੇਡੀਅਨ ਪੀਐੱਮ ਜਸਟਿਨ ਟਰੂਡੋ ਨੂੰ ਇਹ ਕਿਤਾਬ ਗਿਫਟ ਕੀਤੀ ਸੀ।ਇਸ ਕਿਤਾਬ ਨੂੰ ਗਿਫਟ 'ਚ ਦੇਣਾ ਇਕ ਸਿਆਸੀ ਤੇ ਕੂਟਨੀਤਕ ਸੰਕੇਤ ਮੰਨਿਆ ਜਾਂਦਾ ਹੈ। ਢਾਕਾ ਟ੍ਰਿਬਊਨ ਮੁਤਾਬਕ ਇਹ ਕਿਤਾਬ ਹੁਣ ਤੱਕ 12 ਤੋਂ ਜ਼ਿਆਦਾ ਵਿਦੇਸ਼ੀ ਆਗੂਆਂ ਤੇ ਅਧਿਕਾਰੀਆਂ ਨੂੰ ਗਿਫਟ ਕੀਤੀ ਜਾ ਚੁੱਕੀ ਹੈ। ਇਨ੍ਹਾਂ 'ਚ ਸਾਬਕਾ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ, ਇਟਲੀ ਦੀ ਪੀਐੱਮਜਾਰਜੀਆ ਮੇਲੋਨੀ, ਬ੍ਰਾਜ਼ੀਲ ਦੇ ਪੀਐੱਮ ਲੂਲਾ ਡਾ ਸਿਲਵਾ ਤੇ ਸਾਬਕਾ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਵਰਗੇ ਵੱਡੇ ਨਾਂ ਸ਼ਾਮਲ ਹਨ। ਇਸ ਨੂੰ 2024 ਤੋਂ ਹੋ ਰਹੀ ਨਕਸ਼ੇ ਰਾਹੀਂ ਉਕਸਾਵੇ ਦੀ ਕਾਰਵਾਈ ਦੱਸਿਆ ਜਾਂਦਾ ਹੈ ਕਿ ਇਸ ਤੋਂ ਪਹਿਲਾਂ ਇਹ ਵਿਵਾਦਤ ਨਕਸ਼ਾ 2024 'ਚ ਯੂਨੁਸ ਦੇ ਕਰੀਬੀ ਨਹੀਦੁਲ ਇਸਲਾਮ ਨੇ ਸਾਂਝਾ ਕੀਤਾ ਸੀ। ਇਸ ਤੋਂ ਬਾਅਦ ਇਸ ਸਾਲ ਅਪ੍ਰੈਲ 'ਚ ਢਾਕਾ ਯੂਨੀਵਰਸਿਟੀ 'ਚ ਬੰਗਾਲੀ ਨਵਾਂ ਸਾਲ, ਪੋਹੇਲਾ ਵਿਸਾਖ ਦੇ ਮੌਕੇ 'ਤੇ ਇਕ ਪ੍ਰਦਰਸ਼ਨੀ 'ਚ ਇਸ ਨਕਸ਼ੇ ਨੂੰ ਦੇਖਿਆ ਗਿਆ ਸੀ। ਇਹ ਮੁੱਦਾ ਕਾਂਗਰਸੀ ਐੱਮਪੀ ਰਣਦੀਪ ਸਿੰਘ ਸੁਰਜੇਵਾਲਾ ਨੇ ਅਗਸਤ 'ਚ ਰਾਜ ਸਭਾ 'ਚ ਉਠਾਇਆ ਸੀ। ਅਪ੍ਰੈਲ 'ਚ ਆਪਣੇ ਚੀਨ ਦੌਰੇ 'ਤੇ ਮੁਹੰਮਦ ਯੂਨਸ ਨੇ ਢਾਕਾ ਨੂੰ ਇਸ ਖੇਤਰ ਦਾ ਇਕੋ ਇਕ ਸਮੁੰਦਰੀ ਰੱਖਿਅਕ ਦੱਸ ਕੇ ਵਿਵਾਦ ਖੀਤਾ ਕੀਤਾ ਸੀ। ਉਨ੍ਹਾਂ ਅੱਗੇ ਕਿਹਾ ਸੀ ਕਿ ਭਾਰਤ ਦੇ ਉੱਤਰ ਪੂਰਬੀ ਸੱਤ ਸੂਬੇ ਪੂਰੀ ਤਰ੍ਹਾਂ ਬੰਗਲਾਦੇਸ਼ ਨਾਲ ਘਿਰੇ ਹੋਏ ਹਨ। ਉਨ੍ਹਾਂ ਕੋਲ ਸਮੁੰਦਰ ਤੱਕ ਪਹੁੰਚਣ ਦਾ ਕੋਈ ਰਸਤਾ ਨਹੀਂ ਹੈ। ਇਸ 'ਤੇ ਵਿਦੇਸ਼ ਮੰਤਰੀ ਜੈਸ਼ੰਕਰ ਨੇ ਭਾਰਤ ਦੇ ਉੱਤਰ ਪੂਰਬ ਦੀ ਰਣਨੀਤਕ ਮਹੱਤਾ 'ਤੇ ਜ਼ੋਰ ਦਿੰਦੇ ਹੋਏ ਇਸਨੂੰ ਕੁਨੈਕਟੀਵਿਟੀ ਹੱਬ ਦੱਸਿਆ ਸੀ। ਉਨ੍ਹਾਂ ਕਿਹਾ ਸੀ ਕਿ ਇਹ ਸੂਬੇ ਬਿਮਸਟੈਕ, ਯਾਨੀ ਬੰਗਲਾਦੇਸ਼, ਭੂਟਾਨ, ਭਾਰਤ, ਮਿਆਂਮਾਰ, ਨੇਪਾਲ, ਸ੍ਰੀਲੰਕਾ ਤੇ ਥਾਈਲੈਂਡ ਨੂੰ ਆਪਸ 'ਚ ਜੋੜਦੇ ਹਨ। ਦੱਸਣਯੋਗ ਹੈ ਕਿ ਸ਼ੇਖ ਹਸੀਨਾ ਨੂੰ ਹਟਾਉਣ ਤੇ ਉਨ੍ਹਾਂ ਦੇ ਭਾਰਤ 'ਚ ਸ਼ਰਨ ਲੈਣ ਤੋਂ ਬਾਅਦ ਤੋਂ ਭਾਰਤ ਤੇ ਬੰਗਲਾਦੇਸ਼ ਵਿਚਾਲੇ ਤਣਾਅ ਵੱਧ ਗਿਆ ਹੈ। ਯੂਨਸ ਨੇ ਚੀਨ ਤੇ ਪਾਕਿਸਤਾਨ ਨਾਲ ਨਜ਼ਦੀਕੀ ਵੀ ਵਧਾਈ ਹੈ।

---

ਉਨ੍ਹਾਂ ਐਲਾਨ ਕੀਤਾ .ਕਿ ਸਾਰੀਆਂ ਜਥੇਬੰਦੀਆਂ ਅਤੇ ਸੰਪ੍ਰਦਾਵਾਂ ਦੇ ਸਹਿਯੋਗ ਨਾਲ ਕੌਮੀ ਚੁਣੌਤੀਆਂ ਅਤੇ ਧਰਮ ਪਰਵਰਤਨ ਜਿਹੇ ਚਲਣ ਦਾ ਇਕਜੁਟਤਾ ਨਾਲ ਮੁਕਾਬਲਾ ਕੀਤਾ ਜਾਵੇਗਾ। ਇਸ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਮੌਕੇ ਪੰਥ ਦਾ ਸਿਰਜੋੜ ਬੈਠਣਾ ਸਮੇਂ ਦੀ ਲੋੜ ਹੈ।

ਉਨ੍ਹਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪੰਥਕ ਕਾਰਜਾਂ ਅਤੇ ਕੌਮੀ ਇਕਜੁਟਤਾ ਲਈ ਨਿਭਾਈ ਜਾ ਰਹੀ ਜ਼ਿੰਮੇਵਾਰੀ ਦੀ ਪ੍ਰਸ਼ੰਸਾ ਕਰਦਿਆਂ ਨਿਹੰਗ ਸਿੰਘ ਦਲਾਂ ਅਤੇ ਜਥੇਬੰਦੀਆਂ ਵੱਲੋਂ ਸਹਿਯੋਗ ਦੀ ਵਚਨਬੱਧਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਪੰਥਕ

## ਜਥੇਦਾਰ ਗੜਗੱਜ ਦੀ ਦਸਤਾਰਬੰਦੀ....

*(ਪਹਿਲੇ ਸਫ਼ੇ ਦਾ ਬਾਕੀ)*

ਮਰਯਾਦਾ ਵੱਡੀ ਹੈ, ਜਿਸ ਦੀ ਪਹਿਰੇਦਾਰੀ ਸਭ ਨੂੰ ਕਰਨੀ ਚਾਹੀਦੀ ਹੈ।

ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਪੰਥਕ ਏਕਤਾ ਹੀ ਸਾਰੀਆਂ ਚੁਣੌਤੀਆਂ ਤੇ ਮੁਸ਼ਕਲਾਂ ਦਾ ਹੱਲ ਹੈ, ਜਿਸ ਪ੍ਰਤੀ ਪੰਥ ਸੁਚੇਤ ਹੈ ਅਤੇ ਇਸੇ ਤਰ੍ਹਾਂ ਇਕੱਠਾ ਰਹੇਗਾ। ਉਨ੍ਹਾਂ ਕਿਹਾ ਕਿ ਪੰਥ ਦੀਆਂ ਜਥੇਬੰਦੀਆਂ ਨੇ ਔਖੇ ਸਮਿਆਂ ਦੌਰਾਨ ਵੀ ਪੰਥ ਦਾ ਸਾਥ ਦਿੱਤਾ ਅਤੇ ਕਦੇਵੀ ਪਿੱਛੇ ਨਹੀਂ ਹਟੀਆ। ਮੌਜੂਦਾ ਸਮੇਂ ਵੀ ਇਹ ਜਥੇਬੰਦੀਆਂ ਕੌਮੀ ਇਕਜੁਟਤਾ ਲਈ ਤਤਪਰ ਰਹਿੰਦੀਆਂ ਹਨ। ਉਨ੍ਹਾਂ ਕਿਹਾ ਕਿ ਪੰਥ ਅੰਦਰ ਮਰਯਾਦਾ ਅਹਿਮ ਹੈ ਅਤੇ ਜਥੇਬੰਦੀਆਂ ਹਮੇਸ਼ਾ ਮਰਯਾਦਾ ਦੀ ਪਹਿਰੇਦਾਰੀ ਕਰਦੀਆਂ ਹਨ।

ਸਮਾਗਮ ਦੌਰਾਨ ਬਾਬਾ ਮੋਹਨ ਸਿੰਘ ਬਾਰਨ ਵਾਲੇ, ਦਮਦਮੀ ਟਕਸਾਲ ਸੰਗਰਾਵਾਂ ਦੇ ਮੁਖੀ ਗਿਆਨੀ ਰਾਮ ਸਿੰਘ, ਬਾਬਾ ਘਾਲਾ ਸਿੰਘ ਨਾਨਕਸਰ ਵਾਲੇ, ਬਾਬਾ ਗੁਰਦੇਵ ਸਿੰਘ ਕੁਲੀ ਵਾਲੇ, ਬਾਬਾ ਸੁਖਵਿੰਦਰ ਸਿੰਘ - ਭੂਰੀਵਾਲੇ, ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਵੱਲੋਂ ਬਾਬਾ ਗੁਰਪ੍ਰੀਤ ਸਿੰਘ ਜੀ, ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ, ਅੰਤ੍ਰਿੰਗ ਮੈਂਬਰ ਸ. ਦਲਜੀਤ ਸਿੰਘ ਭਿੰਡਰ, ਪਰਮਜੀਤ ਸਿੰਘ ਖਾਲਸਾ, ਬੀਬੀ ਹਰਜਿੰਦਰ ਕੌਰ, ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਚਰਨ ਸਿੰਘ ਗਰੇਵਾਲ, ਬਾਬਾ ਬੂਟਾ ਸਿੰਘ, ਅਜਮੇਰ ਦਵਿੰਦਰ ਕੌਰ ਕਾਲੜਾ, ਬਾਬਾ ਗੁਰਮੀਤ ਸਿੰਘ ਖੇੜਾ, ਗੁਰਬਖਸ਼ ਸਿੰਘ ਖਾਲਸਾ, ਬੀਬੀ ਸਿੰਘ ਤ੍ਰਿਲੋਕੇਵਾਲਾ, ਸੀਨੀਅਰ ਅਕਾਲੀ ਆਗੂ ਸੁੱਚਾ ਸਿੰਘ ਲੰਗਾਹ, ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ ਬਿਜੈ ਸਿੰਘ, ਸ੍ਰੀ ਦਰਬਾਰ ਸਾਹਿਬ ਮੈਨੇਜਰ ਸ. ਭਗਵੰਤ ਸਿੰਘ ਧੰਘੇੜਾ, ਬਾਬਾ ਜੀਤ ਸਿੰਘ ਜੌਹਲਾਂ ਵਾਲੇ, ਸ਼ਹੀਦ ਭਾਈ ਸਤਵੰਤ ਸਿੰਘ ਦੇ ਪਰਿਵਾਰ ਵੱਲੋਂ ਬਾਬਾ ਸੁਖਵਿੰਦਰ ਸਿੰਘ ਅਨਵਾਨਾਂਵਾਲੇ, ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਏ ਮਸਕੀਨ, ਗਿਆਨੀ ਪ੍ਰਤਾਪ ਸਿੰਘ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ, ਬਾਬਾ ਸੁਖਵਿੰਦਰ ਸਿੰਘ ਮਲਕਪੁਰ, ਬਾਬਾ ਮੇਜਰ ਸਿੰਘ ਸੋਢੀ, ਬਾਬਾ ਬਲਦੇਵ ਸਿੰਘ ਵੱਲਾ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ, ਭਾਈ ਇੰਦਰਜੀਤ ਸਿੰਘ ਨਿਸ਼ਕਾਮ ਸੇਵਕ ਜਥਾ, ਬਾਬਾ ਜੋਗਾ ਸਿੰਘ ਕਰਨਾਲ, ਬਾਬਾ ਗੁਰਪ੍ਰੀਤ ਸਿੰਘ ਬਾਬਾ ਬਕਾਲਾ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਜਤਿੰਦਰਪਾਲ ਸਿੰਘ ਗੋਲਡੀ, ਗੁਰਮੀਤ ਸਿੰਘ, ਬਾਬਾ ਖੜਕ ਸਿੰਘ, ਬਾਬਾ ਗੁਰਦੇਵ ਸਿੰਘ, ਬਾਬਾ ਬਲਵਿੰਦਰ ਸਿੰਘ ਮਹਿਤਾ ਚੌਂਕ, ਬਾਬਾ ਹਰਜੀਤ ਸਿੰਘ, ਬਾਬਾ ਪ੍ਰਤਾਪ ਸਿੰਘ ਪਟਿਆਲਾ, ਬਾਬਾ ਦੇਵਇੰਦਰ ਸਿੰਘ ਸੰਪਰਦਾਏ ਹੋਤੀ ਮਰਦਾਨ, ਬਾਬਾ ਤਰਸੇਮ ਸਿੰਘ ਮੋਰਾਂਵਾਲੀ, ਮਹੰਤ ਚਮਕੌਰ ਸਿੰਘ, ਸ੍ਰੀ ਮਹੰਤ ਰੇਸ਼ਮ ਸਿੰਘ, ਬਾਬਾ ਸੁਖਪਾਲ ਸਿੰਘ, ਬਾਬਾ ਬਲਦੇਵ ਸਿੰਘ ਮੁਸਤਫਾਪੁਰ, ਬਾਬਾ ਕਸ਼ਮੀਰ ਸਿੰਘ ਬਟਾਲਾ, ਬਾਬਾ ਸੁਖਵਿੰਦਰ ਸਿੰਘ ਮਲਕਪੁਰ, ਡਾ. ਇੰਦਰਬੀਰ ਸਿੰਘ ਨਿੱਜਰ ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ, ਰਣਜੀਤ ਸਿੰਘ ਟੌਹੜਾ, ਬਾਬਾ ਤੇਜਾ ਸਿੰਘ ਖੁੱਡਾ ਕਰਾਲਾ, ਬਾਬਾ ਤੀਰਥ ਸਿੰਘ, ਬਾਬਾ ਜਰਨੈਲ ਸਿੰਘ, ਮਹੰਤ ਕਰਮਜੀਤ ਸਿੰਘ, ਬਾਬਾ ਜੋਗਾ ਸਿੰਘ, ਮਹੰਤ ਸੁਰਿੰਦਰ ਸਿੰਘ, ਬਾਬਾ ਜੋਗਿੰਦਰ ਸਿੰਘ, ਬਾਬਾ ਅਰਵਿੰਦਰ ਸਿੰਘ ਨਾਨਕਸਰ ਕਲੇਰਾਂ, ਆਦਿ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

---

ਹੋ ਗਈ ਹੈ। ਊਰਜਾ ਵਪਾਰ ਤੇਜ਼ੀ ਨਾਲ ਤੰਗ ਹੁੰਦਾ ਜਾ ਰਿਹਾ ਹੈ, ਜਿਸਦੇ ਨਤੀਜੇ ਵਜੋਂ ਬਾਜ਼ਾਰ ਵਿੱਚ ਵਿਗਾੜ ਆ ਰਿਹਾ ਹੈ। ਸਿਧਾਂਤਾਂ ਨੂੰ ਚੋਣਵੇਂ ਰੂਪ ਵਿੱਚ ਲਾਗੂ ਕੀਤਾ ਜਾਂਦਾ ਹੈ ਅਤੇ ਜੋ ਪ੍ਰਚਾਰਿਆ ਜਾਂਦਾ ਹੈ ਉਹ ਜ਼ਰੂਰੀ ਤੌਰ 'ਤੇ ਅਮਲ ਵਿੱਚ ਨਹੀਂ ਲਿਆਂਦਾ ਜਾਂਦਾ। ਆਪਣੇ ਸੰਬੋਧਨ ਵਿੱਚ, ਜੈਸ਼ੰਕਰ ਨੇ ਕਿਹਾ ਕਿ ਤਬਦੀਲੀ ਦਾ ਆਪਣਾ ਵਿਲੱਖਣ ਚਰਿੱਤਰ ਹੈ ਅਤੇ ਦੁਨੀਆ ਲਾਜ਼ਮੀ ਤੌਰ 'ਤੇ ਨਵੀਆਂ ਸਥਿਤੀਆਂ ਦਾ ਜਵਾਬ ਦੇਵੇਗੀ। ਵਿਦੇਸ਼ ਮੰਤਰੀ ਨੇ ਭੋਜਨ ਸੁਰੱਖਿਆ, ਊਰਜਾ ਪ੍ਰਵਾਹ ਅਤੇ ਵਪਾਰ 'ਤੇ ਚੱਲ ਰਹੇ ਟਕਰਾਵਾਂ ਦੇ ਪ੍ਰਭਾਵ ਬਾਰੇ ਵੀ ਗੱਲ ਕੀਤੀ।

ਉਨ੍ਹਾਂ ਕਿਹਾ ਕਿ ਅਸੀਂ ਅਜਿਹੇ ਟਕਰਾਅ ਵੀ ਦੇਖ ਰਹੇ ਹਾਂ ਜਿਨ੍ਹਾਂ ਦੇ ਨੇੜੇ ਅਤੇ ਦੂਰ ਦੋਵੇਂ ਥਾਈਂ ਗੰਭੀਰ ਨਤੀਜੇ ਨਿਕਲਦੇ ਹਨ। ਡੂੰਘੇ ਮਨੁੱਖੀ ਦੁੱਖ ਪੈਦਾ ਕਰਨ ਦੇ ਨਾਲ-ਨਾਲ, ਇਹ ਭੋਜਨ ਸੁਰੱਖਿਆ ਨੂੰ ਕਮਜ਼ੋਰ ਕਰਦੇ ਹਨ, ਊਰਜਾ ਪ੍ਰਵਾਹ ਨੂੰ ਖਤਰੇ ਵਿੱਚ ਪਾਉਂਦੇ ਹਨ ਅਤੇ ਵਪਾਰ ਵਿੱਚ ਵਿਘਨ ਪਾਉਂਦੇ ਹਨ। ਜੈਸ਼ੰਕਰ ਨੇ ਕਿਹਾ ਕਿ ਭਾਰਤ

## ਸਹਿਣਸ਼ੀਲਤਾ ਦੀ...

*(ਪਹਿਲੇ ਸਫ਼ੇ ਦਾ ਬਾਕੀ)*

ਗਾਜ਼ਾ ਸ਼ਾਂਤੀ ਯੋਜਨਾ ਦਾ ਸਵਾਗਤ ਕਰਦਾ ਹੈ ਅਤੇ ਯੂਕਰੇਨ ਵਿੱਚ ਟਕਰਾਅ ਦਾ ਜਲਦੀ ਅੰਤ ਚਾਹੁੰਦਾ ਹੈ।ਉਨ੍ਹਾਂ ਕਿਹਾ। ਕਿ ਇਸ ਦੌਰਾਨ, ਅੱਤਵਾਦ ਇੱਕ ਨਿਰੰਤਰ ਅਤੇ ਵਿਨਾਸ਼ਕਾਰੀ ਖ਼ਤਰਾ ਬਣਿਆ ਹੋਇਆ ਹੈ। ਦੁਨੀਆ ਨੂੰ ਸਹਿਣਸ਼ੀਲਤਾ ਦਾ ਪ੍ਰਦਰਸ਼ਨ ਕਰਨਾ ਚਾਹੀਦਾ ਹੈ। ਕਿਸੇ ਵੀ ਅਸਪੱਸ਼ਟਤਾ ਲਈ ਕੋਈ ਥਾਂ ਨਹੀਂ ਹੈ। ਅੱਤਵਾਦ ਵਿਰੁੱਧ ਆਪਣੇ ਆਪ ਨੂੰ ਬਚਾਉਣ ਦੇ ਸਾਡੇ ਅਧਿਕਾਰ ਨਾਲ ਕਦੇ ਵੀ ਸਮਝੌਤਾ ਨਹੀਂ ਕੀਤਾ ਜਾ ਸਕਦਾ।

ਵਿਦੇਸ਼ ਮੰਤਰੀ ਨੇ ਕਿਹਾ ਕਿ ਭਾਰਤ ਪੂਰਬੀ ਏਸ਼ੀਆ ਸਿਖ਼ਰ ਸੰਮੇਲਨ (ਈ. ਏ.ਐੱਸ) ਦੀਆਂ ਗਤੀਵਿਧੀਆਂ ਅਤੇ ਇਸਦੀ ਭਵਿੱਖੀ ਦਿਸ਼ਾ ਦਾ ਪੂਰਾ ਸਮਰਥਨ ਕਰਦਾ ਹੈ।ਉਨ੍ਹਾਂ ਕਿਹਾ ਕਿ ਸਮੁੰਦਰੀ ਸਹਿਯੋਗ ਨੂੰ ਅੱਗੇ ਵਧਾਉਣ ਲਈ ਸਾਡੀ ਵਚਨਬੱਧਤਾ ਮਜ਼ਬੂਤ ਬਣੀ ਹੋਈ ਹੈ, ਜੋ ਕਿ ਹਿੰਦ-ਪ੍ਰਸ਼ਾਂਤ 'ਤੇ ਆਸੀਆਨ ਦ੍ਰਿਸ਼ਟੀਕੋਣ ਅਤੇ 1982 ਦੇ ਯੂ ਐੱਨ.ਸੀ.ਐੱਲ.ਓ.ਐੱਸ. (ਸਮੁੰਦਰ ਦੇ ਕਾਨੂੰਨ 'ਤੇ ਸੰਯੁਕਤ ਰਾਸ਼ਟਰ ਸੰਮੇਲਨ) ਪ੍ਰਤੀ ਸਾਡੀ ਸਾਂਝੀ ਵਚਨਬੱਧਤਾ ਦੇ ਅਨੁਕੂਲ ਹੈ। ਜੈਸ਼ੰਕਰ ਨੇ ਕਿਹਾ ਕਿ 2026 ਨੂੰ ਆਸੀਆਨ-ਭਾਰਤ ਸਮੁੰਦਰੀ ਸਹਿਯੋਗ ਸਾਲ ਵਜੋਂ ਮਨਾਇਆ। ਜਾਵੇਗਾ।

ਉਨ੍ਹਾਂ ਕਿਹਾ ਕਿ ਇਹ ਧਿਆਨ ਦੇਣ ਯੋਗ ਹੈ ਕਿ ਬਹੁਤ ਸਾਰੇ ਹੋਰ ਦੇਸ਼ ਹਿੰਦ-ਪ੍ਰਸ਼ਾਂਤ ਮਹਾਸਾਗਰ ਪਹਿਲਕਦਮੀ ਵਿੱਚ ਸ਼ਾਮਿਲ ਹੋਏ ਹਨ। ਇਸੇ ਦੌਰਾਨ ਜੈਸ਼ੰਕਰ ਨੇ ਆਸਟ੍ਰੇਲੀਆਈ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ ਅਤੇ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸ਼ਨ ਨਾਲ ਵੱਖ-ਵੱਖ ਮੀਟਿੰਗਾਂ ਕੀਤੀਆਂ।

ਜੈਸ਼ੰਕਰ ਨੇ ਖੇਤਰੀ ਮੁੱਦਿਆਂ 'ਤੇ ਚਰਚਾ ਕਰਨ ਲਈ ਜਾਪਾਨੀ ਵਿਦੇਸ਼ ਮੰਤਰੀ ਮੋਵੇਗੀ ਤੋਸ਼ੀਮਿਤਸੂ ਅਤੇ ਉਨ੍ਹਾਂ ਦੇ ਮਲੇਸ਼ੀਆਈ ਹਮਰੁਤਬਾ ਮੁਹੰਮਦ ਹਾਜੀ ਹਸਨ ਨਾਲ ਵੀ ਮੁਲਾਕਾਤ ਕੀਤੀ।

---

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਸਰਵਣ ਸਿੰਘ ਟਿਵਾਣਾ | ਡਾ. ਗੁਰਚਰਨ ਸਿੰਘ ਗਰੇਵਾਲ | ਅੰਮ੍ਰਿਤਪਾਲ ਸਿੰਘ ਸੰਘਾ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਜੈਦੇਵ ਸਿੰਘ ਭੱਠਲ | ਗੁਰਦੇਵ ਸਿੰਘ ਜੌੜਾ | ਭੁਪਿੰਦਰ ਸਿੰਘ ਧਾਲੀਵਾਲ |
| ਜਸਬੀਰ ਕੌਰ ਢਿੱਲੋਂ | ਪਰਮਿੰਦਰ ਸਿੰਘ ਵਾਲੀਆ | ਮਨਦੀਪ ਸਿੰਘ ਭੂਰਾ | ਹਰਵਿੰਦਰਪਾਲ ਸਿੰਘ ਲੈਲ |
| ਡਾ. ਇਨਕਲਾਬੀ ਥਾਂਦੀ | ਡਾ. ਹਰਗੁਰਮੁਖਪਾਲ ਸਿੰਘ | ਗੁਲਜ਼ਾਰ ਸਿੰਘ ਮੁਲਤਾਨੀ | ਜਗਜੀਤ ਸਿੰਘ ਢੀਂਡਸਾ |
| ਦਰਸ਼ਨ ਸਿੰਘ ਗਰੇਵਾਲ | ਡਾ. ਤੇਜਿੰਦਰ ਸਿੰਘ ਮੰਡੇਰ | ਅਵਤਾਰ ਸਿੰਘ ਸਪਰਿੰਗਫੀਲਡ | ਸੁਖਮੇਲ ਸਿੰਘ ਅਟਵਾਲ |
| ਹਰਦਿਆਲ ਸਿੰਘ ਦਿਓਲ | ਜਗਦੀਸ਼ਰ ਸਿੰਘ ਕਲੇਰ | ਗੁਰਵੀਰ ਸਿੰਘ ਗਿੱਲ | ਮੁਖਤਿਆਰ ਸਿੰਘ (ਹੈਪੀ ਹੀਰ) |
| ਡਾ. ਗੁਰਦਿਆਲ ਸਿੰਘ ਬਸਰਾਨ | ਰਘਬੀਰ ਸਿੰਘ ਘੁੰਨ | ਜਸਕਰਨ ਸਿੰਘ ਧਾਲੀਵਾਲ | ਆਗਿਆਪਾਲ ਸਿੰਘ ਬਾਠ |
| ਹਰਜੀਤ ਸਿੰਘ ਸਾਹੀ | ਦਰਸ਼ਨ ਸਿੰਘ ਦਰੜ | ਅਮਰੀਕ ਸਿੰਘ (ਅਮਰ ਕਾਰਪੇਟ) | ਪਰਮਵੀਰ ਸਿੰਘ ਬੈਂਸ |
| | | | ਮਨਮਿੰਦਰ ਸਿੰਘ ਹੀਰ |
| | | | ਅਮੋਲਕ ਸਿੰਘ ਗਾਖਲ |
| | | | ਜਸਵਿੰਦਰ ਸਿੰਘ (ਜੱਸੀ) ਗਿੱਲ |

# ਐਚ1ਬੀ ਵੀਜ਼ਾ ਧਾਰਕਾਂ ਤੋਂ ਰਿਹਾਇਸ਼ ਵਧਾਉਣ ਲਈ ਫ਼ੀਸ ਨਹੀਂ ਲਈ ਜਾਵੇਗੀ

**ਨਿਊਯਾਰਕ:** ਨਵੇਂ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਟਰੰਪ ਪ੍ਰਸ਼ਾਸਨ ਵਲੋਂ ਅਮਰੀਕਾ 'ਚ ਐਚ-1ਬੀ ਵੀਜ਼ਾ ਅਰਜ਼ੀਆਂ 'ਤੇ ਲਗਾਈ ਗਈ ਅਮਰੀਕੀ ਡਾਲਰ 100,000 ਫੀਸ ਉਨ੍ਹਾਂ ਬਿਨੈਕਾਰਾਂ 'ਤੇ ਲਾਗੂ ਨਹੀਂ ਹੋਵੇਗੀ ਜੋ ਆਪਣੀ ਸਥਿਤੀ ਬਦਲਣਾ ਚਾਹੁੰਦੇ ਹਨ ਜਾਂ ਆਪਣੀ ਰਿਹਾਇਸ਼ ਦੀ ਸਮਾਂ ਸੀਮਾ ਵਧਾਉਣਾ ਚਾਹੁੰਦੇ ਹਨ। ਅਮਰੀਕੀ ਨਾਗਰਿਕਤਾ ਤੇ ਇਮੀਗ੍ਰੇਸ਼ਨ ਸੇਵਾਵਾਂ ਵਲੋਂ ਸੋਮਵਾਰ ਨੂੰ ਜਾਰੀ ਦਿਸ਼ਾ-ਨਿਰਦੇਸ਼ ਰਾਸ਼ਟਰਪਤੀ ਡੋਨਾਲਡ ਟਰੰਪ ਦੇ 19 ਸਤੰਬਰ ਦੇ ਕੁਝ ਗੈਰ-ਪ੍ਰਵਾਸੀ ਕਰਮਚਾਰੀਆਂ ਦੇ ਦਾਖਲੇ 'ਤੇ ਪਾਬੰਦੀ ਲਗਾਉਣ ਦੇ ਹੁਕਮ 'ਚ ਦਿੱਤੀਆਂ ਗਈਆਂ ਛੋਟਾਂ ਨੂੰ ਸਪੱਸ਼ਟ ਕਰਦੇ ਹਨ। ਟਰੰਪ ਦੇ ਐਲਾਨ ਦੇ ਤਹਿਤ, ਨਵੇਂ ਐਚ-1ਬੀ ਲਈ ਫੀਸ100,000 ਅਮਰੀਕੀ ਡਾਲਰ (ਲਗਭਗ 88 ਲੱਖ ਰੁਪਏ) ਤੱਕ ਵਧ ਜਾਵੇਗੀ।




## ਫ਼ਰਾਂਸ ਦੇ ਸਾਬਕਾ ਰਾਸ਼ਟਰਪਤੀ 5 ਸਾਲ ਦੀ ਸਜ਼ਾ ਭੁਗਤਣ ਲਈ ਜੇਲ੍ਹ ਪਹੁੰਚੇ



**ਪੈਰਿਸ:** ਫਰਾਂਸ ਦੇ ਸਾਬਕਾ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਮੰਗਲਵਾਰ ਨੂੰ ਪੈਰਿਸ ਜੇਲ੍ਹ ਪਹੁੰਚੇ ਜਿੱਥੇ ਉਨ੍ਹਾਂ ਨੂੰ ਲੀਬੀਆ ਤੋਂ ਪ੍ਰਾਪਤ ਪੈਸੇ ਨਾਲ 2007 ਦੀ ਚੋਣ ਮੁਹਿੰਮ ਨੂੰ ਵਿੱਤ ਦੇਣ ਦੀ ਅਪਰਾਧਿਕ ਸਾਜ਼ਿਸ਼ ਰਚਣ ਦੇ ਦੋਸ਼ 'ਚ 5 ਸਾਲ ਦੀ ਸਜ਼ਾ ਸੁਣਾਈ ਗਈ। ਉਹ ਆਧੁਨਿਕ ਫਰਾਂਸ ਦੇ ਪਹਿਲੇ ਸਾਬਕਾ ਰਾਸ਼ਟਰਪਤੀ ਹਨ ਜਿਨ੍ਹਾਂ ਨੂੰ ਕੈਦ ਹੋਈ ਹੈ। ਸਰਕੋਜ਼ੀ ਆਪਣੀ ਪਤਨੀ, ਕਾਰਲਾ ਬਰੂਨੀ ਸਰਕੋਜ਼ੀ ਦਾ ਹੱਥ ਫੜ ਕੇ ਆਪਣੇ ਘਰ ਤੋਂ ਨਿਕਲੇ ਤੇ ਲਾ ਸੈਂਟੇ ਜੇਲ੍ਹ ਪਹੁੰਚਣ ਲਈ ਇਕ ਕਾਰ 'ਚ ਸਵਾਰ ਹੋਏ। ਜੇਲ੍ਹ ਜਾਂਦੇ ਸਮੇਂ ਸੋਸ਼ਲ ਮੀਡੀਆ 'ਤੇ ਜਾਰੀ ਇਕ ਬਿਆਨ 'ਚ, ਸਰਕੋਜ਼ੀ ਨੇ ਕਿਹਾ ਕਿ ਇਕ ਨਿਰਦੋਸ਼ ਆਦਮੀ ਨੂੰ ਕੈਦ ਕੀਤਾ ਜਾ ਰਿਹਾ ਹੈ।

# ਤਰਨਤਾਰਨ ਵਿਚ 15 ਉਮੀਦਵਾਰ ਮੈਦਾਨ 'ਚ

### ਆਮ ਆਦਮੀ ਪਾਰਟੀ ਲਾ ਰਹੀ ਪੂਰਾ ਤਾਣ



**ਚੰਡੀਗੜ੍ਹ:** ਤਰਨਤਾਰਨ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਸ਼ੁੱਕਰਵਾਰ ਨੂੰ ਨਾਮਜ਼ਦਗੀ ਪੱਤਰ ਵਾਪਸ ਲੈਣ ਦੇ ਆਖਰੀ ਦਿਨ ਪੰਜ ਉਮੀਦਵਾਰਾਂ ਨੇ ਆਪਣੇ ਪੱਤਰ ਵਾਪਸ ਲੈ ਲਏ ਹਨ। ਹੁਣ ਕੁੱਲ 15 ਉਮੀਦਵਾਰ ਚੋਣ ਮੈਦਾਨ ਵਿਚ ਰਹਿ ਗਏ ਹਨ। ਇਕ ਦਰਜਨ ਤੋਂ ਵੱਧ ਉਮੀਦਵਾਰ ਚੋਣ ਮੈਦਾਨ ਵਿਚ ਹੋਣ ਕਰ ਕੇ ਹਰੇਕ ਬੂਥ 'ਤੇ ਹੁਣ ਦੋ ਈ.ਵੀ.ਐੱਮ. ਮਸ਼ੀਨਾਂ ਲੱਗਣੀਆਂ। ਪੰਜਾਬ ਦੇ ਮੁੱਖ ਚੋਣ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਨਾਮਜ਼ਦਗੀ ਪੱਤਰ ਵਾਪਸ ਲੈਣ ਵਾਲੇ ਦਿਨ ਪੰਜ ਉਮੀਦਵਾਰਾਂ ਨੇ ਆਪਣੇ ਨਾਮਜ਼ਦਗੀ ਪੱਤਰ ਵਾਪਸ ਲੈ ਲਏ ਹਨ।

ਪੜਤਾਲ ਤੋਂ ਬਾਅਦ ਕੁੱਲ 20 ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਸਹੀ ਪਾਏ ਗਏ ਸਨ। ਅਤੇ ਹੁਣ ਪੰਜ ਨਾਮਜ਼ਦਗੀ ਪੱਤਰ ਵਾਪਸ ਲੈਣ ਮਗਰੋਂ ਕੁੱਲ ਉਮੀਦਵਾਰਾਂ ਦੀ ਗਿਣਤੀ 15 ਰਹਿ ਗਈ ਹੈ। ਹੁਣ ਹਰਮੀਤ ਸਿੰਘ ਸੰਧੂ (ਆਮ ਆਦਮੀ ਪਾਰਟੀ) ਸੁਖਵਿੰਦਰ ਕੌਰ (ਸ਼੍ਰੋਮਣੀ ਅਕਾਲੀ ਦਲ), ਹਰਜੀਤ ਸਿੰਘ ਸੰਧੂ (ਭਾਰਤੀ ਜਨਤਾ ਪਾਰਟੀ),ਕਰਨਬੀਰ ਸਿੰਘ (ਇੰਡੀਅਨ ਨੈਸ਼ਨਲ ਕਾਂਗਰਸ), ਸ਼ਾਮ ਲਾਲ ਗਾਂਧੀ (ਸੱਚੋ ਸੱਚ ਪਾਰਟੀ), ਨਾਇਬ ਸਿੰਘ (ਨੈਸ਼ਨਲਿਸਟ ਜਸਟਿਸ ਪਾਰਟੀ), ਅਰੁਣ ਕੁਮਾਰ ਖੁਰਮੀ ਰਾਜਪੂਤ (ਆਜ਼ਾਦ), ਹਰਪਾਲ ਸਿੰਘ ਭੰਗੂ (ਆਜ਼ਾਦ), ਹਰਬਰਿੰਦਰ ਕੌਰ ਉਸਮਾਂ (ਆਜ਼ਾਦ), ਐਡਵੋਕੇਟ ਕੋਮਲਪ੍ਰੀਤ ਸਿੰਘ (ਆਜ਼ਾਦ), ਜਸਵੰਤ ਸਿੰਘ ਸੋਹਲ (ਆਜ਼ਾਦ), ਨੀਟੂ ਸ਼ਟਰਾਂਵਾਲਾ (ਆਜ਼ਾਦ), ਮਨਦੀਪ ਸਿੰਘ (ਆਜ਼ਾਦ), ਮਨਦੀਪ ਸਿੰਘ ਖ਼ਾਲਸਾ (ਆਜ਼ਾਦ) ਅਤੇ ਵਿਜੈ ਕੁਮਾਰ (ਆਜ਼ਾਦ) ਉਮੀਦਵਾਰ ਵਜੋਂ ਚੋਣ ਮੈਦਾਨ ਵਿਚ ਹਨ। ਦੱਸਿਆ ਜਾਂਦਾ ਹੈ ਕਿ 11 ਨਵੰਬਰ ਨੂੰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਵੋਟਾਂ ਪੈਣਗੀਆਂ ਤੇ 14 ਨਵੰਬਰ ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਨਤੀਜਾ ਐਲਾਨਿਆ ਜਾਵੇਗਾ।

ਸਾਰੀ ਤਰ੍ਹਾਂ ਦੇ ਸਰਵੇ ਅਤੇ ਲੋਕ ਆਵਾਜ਼ ਤੋਂ ਅੰਦਾਜ਼ਾ ਲੱਗ ਰਿਹਾ ਹੈ ਕਿ ਆਮ ਆਦਮੀ ਪਾਰਟੀ ਲਈ ਇਹ ਚੋਣ ਵੀ ਪਹਿਲੀਆਂ ਜ਼ਿਮਨੀ ਚੋਣਾਂ ਵਾਂਗ ਹੀ ਨੱਕ ਦਾ ਸਵਾਲ ਬਣੀ ਹੋਈ ਹੈ। ਹਰਮੀਤ ਸਿੰਘ ਸੰਧੂ ਦਾ ਮੁੱਖ ਮੁਕਾਬਲਾ ਆਪਣੀ ਪੁਰਾਣੀ ਪਾਰਟੀ ਅਕਾਲੀ ਦਲ ਨਾਲ ਹੀ ਨਜ਼ਰ ਆ ਰਿਹਾ ਹੈ ਹਾਲਾਂ ਕਿ ਪੰਥਕ ਧਿਰਾਂ ਦੇ ਉਮੀਦਵਾਰ ਮਨਦੀਪ ਸਿੰਘ ਦੀ ਚੋਣ ਮੁਹਿੰਮ ਵੀ ਹੌਲੀ ਹੌਲੀ ਜ਼ੋਰ ਫੜਦੀ ਜਾ ਰਹੀ ਹੈ।

ਉਧਰ, ਅਕਾਲੀ ਦਲ (ਬਾਦਲ) ਨੇ ਤਰਨਤਾਰਨ ਦੇ ਐੱਸਐੱਸਪੀ ਡਾ. ਰਵਜੋਤ ਕੌਰ ਗਰੇਵਾਲ ਦੀ ਬਦਲੀ ਕਰਨ ਲਈ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਹੈ। ਵਫ਼ਦ ਨੇ ਚੋਣ ਕਮਿਸ਼ਨ ਨੂੰ ਭੇਜੇ ਮੰਗ ਪੱਤਰ ਵਿਚ ਤਰਨਤਾਰਨ ਜ਼ਿਮਨੀ ਚੋਣ ਮੌਕੇ ਪੁਲਿਸ ਫੋਰਸ ਦੀ ਦੁਰਵਰਤੋਂ ਕਰਨ, ਅਕਾਲੀ ਵਰਕਰਾਂ ਖ਼ਿਲਾਫ਼ ਫ਼ਰਜ਼ੀ ਕੇਸ ਦਰਜ ਕਰਨ ਦਾ ਦੋਸ਼ ਲਾਇਆ ਹੈ। ਦਲ ਦੇ ਮੁੱਖ ਬੁਲਾਰੇ ਤੇ ਕਾਨੂੰਨੀ ਸੈਲ ਦੇ ਮੁਖੀ ਅਰਸ਼ਦੀਪ ਸਿੰਘ ਕਲੇਰ ਨੇ ਸ਼ਿਕਾਇਤ ਵਿਚ ਕਿਹਾ ਕਿ ਅਕਾਲੀ ਦਲ ਦੇ ਆਗੂਆਂ ਨੂੰ ਧਾਰਾ 126/169 ਬੀ ਐਨ ਐਸ ਤਹਿਤ ਨੋਟਿਸ ਜਾਰੀ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਦੋ ਡੀਐੱਸਪੀਜ਼ ਜਗਜੀਤ ਸਿੰਘ ਤੇ ਸੁਖਬੀਰ ਸਿੰਘ ਦੀ ਚੋਣ ਜ਼ਾਬਤਾ ਲਾਗੂ ਹੋਣ ਤੋਂ ਪਹਿਲਾਂ ਤਰਨਤਾਰਨ ਵਿਚ ਕੀਤੇ ਜਾਣ ਖ਼ਿਲਾਫ਼ ਸ਼ਿਕਾਇਤ ਦਿੱਤੀ ਸੀ ਪਰ ਕੋਈ ਕਾਰਵਾਈ ਨਹੀਂ ਹੋ ਸਕੀ।

# ਮਹਾ ਗਠਬੰਧਨ ਨੇ ਤੇਜੱਸਵੀ ਨੂੰ ਬਣਾਇਆ ਮੁੱਖ ਮੰਤਰੀ ਦਾ ਚਿਹਰਾ

**ਪਟਨਾ:** ਬਿਹਾਰ ਵਿਚ ਵਿਰੋਧੀ ਪਾਰਟੀਆਂ ਦੇ ਮੋਰਚੇ ਮਹਾਗੱਠਜੋੜ ਨੇ ਰਾਸ਼ਟਰੀ ਜਨਤਾ ਦਲ (ਰਾਜਦ) ਦੇ ਆਗੂ ਤੇਜੱਸਵੀ ਯਾਦਵ ਨੂੰ ਮੁੱਖ ਮੰਤਰੀ ਦੇ ਰੂਪ ਵਿਚ ਪੇਸ਼ ਕਰ ਦਿੱਤਾ ਹੈ। ਇਹ ਐਲਾਨ ਕਾਂਗਰਸ ਦੇ ਆਗੂ ਅਸ਼ੋਕ ਗਹਿਲੋਤ ਵੱਲੋਂ ਕੀਤਾ ਗਿਆ। ਇਸ ਦੇ ਨਾਲ ਹੀ ਵਿਕਾਸਸ਼ੀਲ ਇਨਸਾਨ ਪਾਰਟੀ ਯਾਨੀ ਵੀਆਈਪੀ ਦੇ ਮੁਖੀ ਮੁਕੇਸ਼ ਸਹਨੀ ਨੂੰ ਡਿਪਟੀ ਸੀ.ਐਮ ਵਜੋਂ ਪੇਸ਼ ਕੀਤਾ ਗਿਆ। ਅਸ਼ੋਕ ਗਹਿਲੋਤ ਦੇ ਇਸ ਐਲਾਨ ਤੋਂ ਇਹ ਸਾਫ਼ ਹੁੰਦਾ ਹੈ ਕਿ ਜੇਕਰ ਇਹ ਹੁਣ ਤੱਕ ਨਹੀਂ ਹੋ ਸਕਿਆ ਸੀ ਤਾਂ ਇਸ ਪਿੱਛੇ ਕਾਂਗਰਸ ਹੀ ਮੁੱਖ ਵਜ੍ਹਾ ਸੀ। ਇਸ ਵਰਤਾਰੇ ਨੇ ਇਹ ਸਿੱਧ ਕੀਤਾ ਹੈ ਕਿ ਕਾਂਗਰਸ ਨੂੰ ਅਜੇ ਵੀ ਗੱਠਜੋੜ ਸਿਆਸਤ ਦੇ ਧਰਮ ਨੂੰ ਨਿਭਾਉਣ ਦੀ ਸੋਝੀ ਆਉਣੀ ਬਾਕੀ ਹੈ। ਆਖ਼ਰ ਉਹ ਇਹ ਸਾਧਾਰਨ ਜਿਹੀ ਗੱਲ ਕਿਉਂ ਨਹੀਂ ਸਮਝ ਸਕੀ ਕਿ ਬਿਹਾਰ ਵਿਚ ਰਾਜਦ ਹੀ ਮੁੱਖ ਵਿਰੋਧੀ ਪਾਰਟੀ ਹੈ ਅਤੇ ਤੇਜੱਸਵੀ ਯਾਦਵ ਉਸ ਦੇ ਸਰਬ-ਪ੍ਰਵਾਨਤ ਆਗੂ ਹਨ। ਕਾਂਗਰਸ ਅਨੁਸਾਰ ਉਸ ਨੇ ਮਹਾਗੱਠਜੋੜ ਦੀ ਏਕਤਾ ਲਈ ਇਹ ਐਲਾਨ ਕੀਤਾ ਹੈ। ਇਸ ਦਾ ਮਤਲਬ ਹੈ ਕਿ ਇਸ ਐਲਾਨ ਵਿਚ ਦੇਰੀ ਕਰ ਕੇ ਉਸ ਨੇ ਆਪਣੇ ਹੀ ਗੱਠਜੋੜ ਦੀ ਏਕਤਾ ਨੂੰ ਕਮਜ਼ੋਰ ਕਰਨ ਅਤੇ ਸਮਰਥਕਾਂ ਵਿਚ ਖ਼ਦਸ਼ੇ ਫੈਲਾਉਣ ਦਾ ਕੰਮ ਕੀਤਾ। ਕੀ ਇਹ ਚੰਗਾ ਨਹੀਂ ਹੁੰਦਾ ਕਿ ਉਹ ਪਹਿਲਾਂ ਹੀ ਤੇਜੱਸਵੀ ਯਾਦਵ ਨੂੰ ਮੁੱਖ ਮੰਤਰੀ ਦੇ ਦਾਅਵੇਦਾਰ ਦੇ ਤੌਰ 'ਤੇ ਪੇਸ਼ ਕਰਨ 'ਤੇ ਸਹਿਮਤ ਹੋ ਜਾਂਦੀ, ਖ਼ਾਸ ਕਰਕੇ ਉਦੋਂ ਜਦੋਂ ਇਸ ਦੀ ਮੰਗ ਕੀਤੀ ਜਾ ਰਹੀ ਸੀ? ਕੀ ਕਾਂਗਰਸ ਇਹ ਸਮਝ ਰਹੀ ਸੀ ਕਿ ਮਹਾਗੱਠਜੋੜ ਦੀ ਜਿੱਤ ਦੀ ਸੂਰਤ ਵਿਚ ਤੇਜੱਸਵੀ ਯਾਦਵ ਤੋਂ ਇਲਾਵਾ ਹੋਰ ਕੋਈ ਮੁੱਖ ਮੰਤਰੀ ਦਾ ਦਾਅਵੇਦਾਰ ਹੋ ਸਕਦਾ ਹੈ? ਉਸ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹ ਬਿਹਾਰ 'ਚ ਆਪਣੀ ਸਿਆਸੀ ਅਹਿਮੀਅਤ ਬਣਾਈ ਰੱਖਣ ਲਈ ਰਾਜਦ 'ਤੇ ਹੀ ਨਿਰਭਰ ਹੈ। ਉਸ ਦੀ ਅਜਿਹੀ ਹੀ ਨਿਰਭਰਤਾ ਹੋਰ ਰਾਜਾਂ 'ਚ ਵੀ ਉੱਥੋਂ ਦੀਆਂ ਖੇਤਰੀ ਪਾਰਟੀਆਂ 'ਤੇ ਹੈ। ਜਦ ਤੱਕ ਉਹ ਆਪਣੇ ਬਲਬੂਤੇ ਚੋਣ ਲੜਨ ਦੀ ਸਮਰੱਥਾ ਇਕੱਠੀ ਨਹੀਂ ਕਰ ਲੈਂਦੀ, ਉਦੋਂ ਤੱਕ ਉਸ ਨੂੰ ਉਨ੍ਹਾਂ ਨੂੰ ਦਬਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਤੇਜੱਸਵੀ ਯਾਦਵ ਨੂੰ ਸੀਐਮ ਅਹੁਦੇ ਦਾ ਉਮੀਦਵਾਰ ਐਲਾਨਣ ਦੇ ਨਾਲ-ਨਾਲ ਵੀਆਈਪੀ ਦੇ ਮੁਖੀ ਮੁਕੇਸ਼ ਸਹਨੀ ਨੂੰ ਜਿਸ ਤਰ੍ਹਾਂ ਡਿਪਟੀ ਸੀਐੱਮ ਦੇ ਰੂਪ ਵਿਚ ਅੱਗੇ ਕੀਤਾ ਗਿਆ, ਉਸ ਨਾਲ ਉਨ੍ਹਾਂ ਦੀ ਸਿਆਸੀ ਹੈਸੀਅਤ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਪਰ ਉਨ੍ਹਾਂ ਦੀ ਪਾਰਟੀ ਤਾਂ ਸਿਰਫ਼ 15 ਸੀਟਾਂ 'ਤੇ ਚੋਣ ਲੜ ਰਹੀ ਹੈ ਅਤੇ ਕਾਂਗਰਸ ਉਸ ਤੋਂ ਚਾਰ ਗੁਣਾ ਵੱਧ ਸੀਟਾਂ 'ਤੇ। ਹਾਲਾਂਕਿ ਅਸ਼ੋਕ ਗਹਿਲੋਤ ਨੇ ਕਿਹਾ ਕਿ ਹੋਰ ਵੀ ਡਿਪਟੀ ਸੀਐਮ ਬਣਾਏ ਜਾਣਗੇ ਪਰ ਇਸ ਨਾਲ ਇਹ ਸੁਨੇਹਾ ਓਹਲੇ ਨਹੀਂ ਹੁੰਦਾ ਕਿ ਕਾਂਗਰਸ ਦੀ ਸਿਆਸੀ ਤਾਕਤ ਵੀਆਈਪੀ ਤੋਂ ਵੀ ਘੱਟ ਹੈ। ਨਿਸ਼ਚਤ ਤੌਰ 'ਤੇ ਅਸ਼ੋਕ ਗਹਿਲੋਤ ਦੇ ਐਲਾਨ ਨਾਲ ਮਹਾਗੱਠਜੋੜ ਅਤੇ ਖ਼ਾਸ ਕਰਕੇ ਇਸ ਦੀ ਅਗਵਾਈ ਕਰ ਰਹੇ ਰਾਜਦ ਨੂੰ ਲਾਹਾ ਮਿਲ ਸਕਦਾ ਹੈ ਪਰ ਇਹ ਕਹਿਣਾ ਸਹੀ ਨਹੀਂ ਹੋਵੇਗਾ ਕਿ ਹੁਣ ਇਸ ਗੱਠਜੋੜ ਵਿਚ ਸਭ ਕੁਝ ਠੀਕ ਹੋ ਗਿਆ ਹੈ। ਮਹਾਗੱਠਜੋੜ ਦੇ 10 ਤੋਂ ਵੱਧ ਉਮੀਦਵਾਰ ਇਕ-ਦੂਜੇ ਦੇ ਸਾਹਮਣੇ ਹਨ। ਇਸ ਅਜੀਬੋ-ਗ਼ਰੀਬ ਸਥਿਤੀ ਨੂੰ ਦੋਸਤਾਨਾ ਮੁਕਾਬਲਾ ਕਿਹਾ ਜਾ ਰਿਹਾ ਹੈ।



ਆਖ਼ਰ ਇਹ ਦੋਸਤਾਨਾ ਮੁਕਾਬਲਾ ਕੀ ਹੁੰਦਾ ਹੈ? ਅਜਿਹੇ ਮੁਕਾਬਲੇ ਨਾਲ ਇਹ ਸਪਸ਼ਟ ਹੋ ਜਾਂਦਾ ਹੈ ਕਿ ਮਹਾਗੱਠਜੋੜ 'ਚ ਸ਼ਾਮਲ ਪਾਰਟੀਆਂ ਵਿਚਾਲੇ ਤਾਲਮੇਲ ਤੇ ਭਰੋਸੇ ਦੀ ਕਮੀ ਹੈ। ਇਹ ਸੁਭਾਵਕ ਹੈ ਕਿ ਭਾਜਪਾ-ਜੇਡੀਯੂ ਇਸ ਕਮੀ ਨੂੰ ਤੂਲ ਦੇ ਕੇ ਸਿਆਸੀ ਲਾਹਾ ਲੈਣ ਦੀ ਹਰ ਸੰਭਵ ਕੋਸ਼ਿਸ਼ ਕਰਨਗੀਆਂ।

# ਰੋਪੜ ਰੇਂਜ ਦੇ ਸਾਰੇ ਅਫ਼ਸਰਾਂ ਤੋਂ ਪੁੱਛਗਿੱਛ ਕਰੇਗੀ ਸੀ.ਬੀ.ਆਈ.

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਮੁਅੱਤਲ ਡੀਆਈਜੀ (ਰੋਪੜ ਰੇਂਜ) ਹਰਚਰਨ ਸਿੰਘ ਭੁੱਲਰ ਦੀ ਰਿਸ਼ਵਤ ਮਾਮਲੇ 'ਚ ਗ੍ਰਿਫ਼ਤਾਰੀ ਤੋਂ ਬਾਅਦ ਹੁਣ ਸੀਬੀਆਈ ਨੇ ਜਾਂਚ ਦਾ ਘੇਰਾ ਹੋਰ ਵੱਡਾ ਕਰ ਦਿੱਤਾ ਹੈ। ਏਜੰਸੀ ਦੇ ਸੂਤਰਾਂ ਮੁਤਾਬਕ, ਰੋਪੜ ਰੇਂਜ ਦੇ ਉਨ੍ਹਾਂ ਸਾਰੇ ਪੁਲਿਸ ਅਧਿਕਾਰੀਆਂ ਨੂੰ ਪੁੱਛਗਿੱਛ ਲਈ ਤਲਬ ਕੀਤਾ ਜਾਵੇਗਾ ਜੋ ਟੈਕਸ ਚੋਰੀ, ਸਕ੍ਰੈਪ ਕਾਰੋਬਾਰ ਤੇ ਗ਼ੈਰਕਾਨੂੰਨੀ ਵਸੂਲੀ ਨਾਲ ਜੁੜੇ ਮਾਮਲਿਆਂ ਦੀ ਜਾਂਚ 'ਚ ਸ਼ਾਮਲ ਰਹੇ ਹਨ। ਸੀਬੀਆਈ ਦੀ ਟੀਮ ਨੇ ਭੁੱਲਰ ਦੇ ਟਿਕਾਣਿਆਂ ਤੋਂ ਹੁਣ ਤੱਕ ਲਗਪਗ 7.5 ਕਰੋੜ ਰੁਪਏ ਨਕਦ, 2.5 ਕਿਲੋ ਸੋਨਾ-ਚਾਂਦੀ ਤੇ ਕਈ ਲਗਜ਼ਰੀ ਸਾਮਾਨ ਬਰਾਮਦ ਕੀਤੇ ਹਨ। ਏਜੰਸੀ ਨੂੰ ਸ਼ੱਕ ਹੈ ਕਿ ਇਹ ਨੈਟਵਰਕ ਸਿਰਫ਼ ਇਕ ਵਿਅਕਤੀ ਤੱਕ ਸੀਮਤ ਨਹੀਂ, ਬਲਕਿ ਪੁਲਿਸ ਤੇ ਸਥਾਨਕ ਕਾਰੋਬਾਰੀਆਂ ਵਿਚਾਲੇ ਫੈਲੇ ਇਕ ਸੰਗਠਤ ਰੈਕਟ ਦਾ ਹਿੱਸਾ ਹੋ ਸਕਦਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਸੀਬੀਆਈ ਨੇ ਉਨ੍ਹਾਂ ਪੁਲਿਸ ਅਧਿਕਾਰੀਆਂ ਦੀ ਸੂਚੀ ਤਿਆਰ ਕਰ ਲਈ ਹੈ ਜਿਨ੍ਹਾਂ ਦੇ ਹਸਤਾਖਰ ਭੁੱਲਰ ਨਾਲ ਸਬੰਧਤ ਟੈਕਸ ਤੇ ਸਕ੍ਰੈਪ ਮਾਮਲਿਆਂ ਦੀਆਂ ਫਾਈਲਾਂ 'ਚ ਮਿਲੇ ਹਨ। ਆਉਣ ਵਾਲੇ ਦਿਨਾਂ 'ਚ ਇਨ੍ਹਾਂ ਅਧਿਕਾਰੀਆਂ ਨੂੰ ਬਿਆਨ ਦਰਜ ਕਰਵਾਉਣ ਲਈ ਨੋਟਿਸ ਜਾਰੀ ਕੀਤਾ ਜਾਵੇਗਾ। ਮੰਨਿਆ ਜਾ ਰਿਹਾ ਹੈ ਕਿ ਸੀਬੀਆਈ ਪਹਿਲੇ ਪੜਾਅ 'ਚ ਰੋਪੜ, ਮੋਹਾਲੀ ਤੇ ਨਵਾਂਸ਼ਹਿਰ ਜ਼ਿਲ੍ਹਿਆਂ ਦੇ ਸੀਨੀਅਰ ਅਧਿਕਾਰੀਆਂ ਤੋਂ ਪੁੱਛਗਿੱਛ ਸ਼ੁਰੂ ਕਰੇਗੀ।

ਇਸ ਵਿਚਾਲੇ, ਪੰਜਾਬ ਸਰਕਾਰ ਨੇ ਵੀ ਭੁੱਲਰ ਨੂੰ ਅਣਮਿੱਥੇ ਸਮੇਂ ਲਈ ਮੁਅੱਤਲ ਕਰ ਦਿੱਤਾ ਹੈ ਤੇ ਉਨ੍ਹਾਂ ਖ਼ਿਲਾਫ਼ ਵਿਭਾਗੀ ਜਾਂਚ ਸ਼ੁਰੂ ਕਰਨ ਦੇ ਆਦੇਸ਼ ਦਿੱਤੇ ਹਨ। ਸੂਬਾ ਸਰਕਾਰ ਦਾ ਕਹਿਣਾ ਹੈ ਕਿ ਜੇ ਸੀਬੀਆਈ ਦੀ ਜਾਂਚ 'ਚ ਹੋਰ ਅਧਿਕਾਰੀਆਂ ਦੀ ਸ਼ਮੂਲੀਅਤ ਪਾਈ ਜਾਂਦੀ ਹੈ, ਤਾਂ ਕਿਸੇ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ। ਭੁੱਲਰ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਇਕ ਸਕ੍ਰੈਪ ਕਾਰੋਬਾਰੀ ਤੋਂ ਅੱਠ ਲੱਖ ਰੁਪਏ ਦੀ ਰਿਸ਼ਵਤ ਲਈ ਸੀ, ਜਿਸ ਤੋਂ ਬਾਅਦ ਸੀਬੀਆਈ ਨੇ ਉਨ੍ਹਾਂ ਨੂੰ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ। ਜਾਂਚ ਦੌਰਾਨ ਉਨ੍ਹਾਂ ਦੇ ਬੈਂਕ ਖਾਤਿਆਂ ਤੇ ਜਾਇਦਾਦਾਂ ਤੋਂ ਭਾਰੀ ਵਿੱਤੀ ਲੈਣ-ਦੇਣ ਦੇ ਸਬੂਤ ਮਿਲੇ ਹਨ।




### ਭ੍ਰਿਸ਼ਟਾਚਾਰ ਦਾ ਹਰ ਸਿਰਾ ਲੱਭਿਆ ਜਾਵੇਗਾ: ਸੀ.ਬੀ.ਆਈ.

ਸਿਆਸੀ ਗਲਿਆਰਿਆਂ 'ਚ ਇਸ ਕਾਰਵਾਈ ਨੂੰ ਪੰਜਾਬ ਪੁਲਿਸ 'ਚ ਫੈਲੀ 'ਹਾਈ-ਲੈਵਲ ਕਰਪਸ਼ਨ' ਖ਼ਿਲਾਫ਼ ਇਕ ਵੱਡਾ ਸੰਕੇਤ ਮੰਨਿਆ ਜਾ ਰਿਹਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਜੇ ਸੀਬੀਆਈ ਰੇਂਜ ਪੱਧਰ ਤੱਕ ਜਾਂਚ ਲੈ ਜਾਂਦੀ ਹੈ, ਤਾਂ ਇਹ ਸੂਬਾਈ ਪੁਲਿਸ ਵਿਚਾਲੇ ਚੱਲ ਰਹੇ ਗ਼ੈਰਕਾਨੂੰਨੀ ਆਰਥਿਕ ਨੈਟਵਰਕ ਦਾ ਖੁਲਾਸਾ ਕਰ ਸਕਦੀ ਹੈ। ਸੀਬੀਆਈ ਨੇ ਇਸ ਮਾਮਲੇ 'ਚ ਅਗਲੀ ਕਾਰਵਾਈ ਲਈ ਕੇਂਦਰੀ ਗ੍ਰਹਿ ਮੰਤਰਾਲੇ ਤੋਂ ਵਾਧੂ ਇਜਾਜ਼ਤ ਮੰਗੀ ਹੈ। ਏਜੰਸੀ ਦਾ ਕਹਿਣਾ ਹੈ ਕਿ ''ਭ੍ਰਿਸ਼ਟਾਚਾਰ ਦਾ ਹਰ ਸਿਰਾ ਲੱਭਿਆ ਜਾਵੇਗਾ, ਚਾਹੇ ਉਹ ਕਿਸੇ ਵੀ ਰੈਂਕ ਜਾਂ ਅਹੁਦੇ ਤੱਕ ਕਿਉਂ ਨਾ ਪੁੱਜੇ।''

# ਜਲੰਧਰ ਰਿਹਾ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ

**ਪਟਿਆਲਾ:** ਪੰਜਾਬ 'ਚ ਦੀਵਾਲੀ ਤੋਂ ਬਾਅਦ ਪ੍ਰਦੂਸ਼ਣ ਘੱਟ ਹੋਇਆ ਪਰ ਹੁਣ ਵੀ ਸਥਿਤੀ ਚਿੰਤਾਜਨਕ ਹੈ। ਲਗਾਤਾਰ ਤੀਜੇ ਦਿਨ ਸੂਬੇ ਦੇ ਪ੍ਰਮੁੱਖ ਸ਼ਹਿਰਾਂ ਜਲੰਧਰ, ਲੁਧਿਆਣਾ ਤੇ ਅੰਮ੍ਰਿਤਸਰ ਵਿਚ ਏਕਿਊਆਈ 300 ਤੋਂ ਪਾਰ ਰਿਹਾ। ਜਲੰਧਰ ਦਾ ਏ.ਕਿਊ.ਆਈ. ਤਾਂ 328 ਤੱਕ ਪੁੱਜ ਗਿਆ। ਸੂਬੇ ਵਿਚ ਬੁੱਧਵਾਰ ਨੂੰ 79 ਥਾਵਾਂ 'ਤੇ ਪਰਾਲੀ ਸਾੜੀ ਗਈ। 15 ਸਤੰਬਰ ਤੋਂ ਹੁਣ ਤੱਕ ਸੂਬੇ ਵਿਚ 484 ਮਾਮਲੇ ਸਾਹਮਣੇ ਆ ਚੁੱਕੇ ਹਨ। ਹਾਲਾਂਕਿ ਪਰਾਲੀ ਸਾੜਨ ਦਾ ਇਹ ਅੰਕੜਾ ਪਿਛਲੇ ਸਾਲ ਦੇ ਮੁਕਾਬਲੇ 70 ਫ਼ੀਸਦੀ ਘੱਟ ਹੈ। 2024 'ਚ 22 ਅਕਤੂਬਰ ਤੱਕ ਸੂਬੇ 'ਚ 1,581 ਥਾਵਾਂ 'ਤੇ ਪਰਾਲੀ ਸਾੜੀ ਗਈ ਸੀ।

ਹੁਣ ਤੱਕ ਪਰਾਲੀ ਸਾੜਨ ਦੇ ਸਭ ਤੋਂ ਵੱਧ 154 ਕੇਸ ਤਰਨਤਾਰਨ ਤੋਂ ਸਾਹਮਣੇ ਆਏ ਹਨ। ਅੰਮ੍ਰਿਤਸਰ ਵਿਚ 126, ਫਿਰੋਜ਼ਪੁਰ ਵਿਚ 55 ਅਤੇ ਪਟਿਆਲਾ ਵਿਚ 31 ਥਾਵਾਂ 'ਤੇ ਪਰਾਲੀ ਸਾੜੀ ਗਈ ਹੈ। ਸੂਬਾ ਸਰਕਾਰ ਦੀ ਸਖ਼ਤੀ ਦਾ ਅਸਰ ਵੀ ਇਸ ਵਾਰ ਦਿਖਾਈ ਦੇ ਰਿਹਾ ਹੈ। ਸੂਬੇ ਵਿਚ ਇਸ ਸਾਲ ਪਰਾਲੀ ਸਾੜਨ ਵਾਲੇ ਕਿਸਾਨਾਂ ਨੂੰ ਹੁਣ ਤੱਕ ਕੁੱਲ 11.45 ਲੱਖ ਰੁਪਏ ਜੁਰਮਾਨਾ ਕੀਤਾ ਗਿਆ ਹੈ। ਇਸ ਵਿਚੋਂ 7.40 ਲੱਖ ਰੁਪਏ ਜੁਰਮਾਨੇ ਦੀ ਵਸੂਲੀ ਕੀਤੀ ਜਾ ਚੁੱਕੀ ਹੈ। ਪਰਾਲੀ ਸਾੜਨ ਦੇ ਸਬੰਧ ਵਿਚ 184 ਐੱਫਆਈਆਰ ਵੀ ਦਰਜ ਕੀਤੀਆਂ ਗਈਆਂ ਹਨ।



# ਵ੍ਹਾਈਟ ਹਾਊਸ ਦੇ ਦੀਵਾਲੀ ਜਸ਼ਨਾਂ ਵਿਚ ਟਰੰਪ ਵੀ ਸ਼ਾਮਿਲ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੀਵਾਲੀ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਇਸ ਤਿਉਹਾਰ ਨੂੰ ਹਨੇਰੇ 'ਤੇ ਰੌਸ਼ਨੀ ਦੀ ਜਿੱਤ ਦੀ ਇਕ ਸਦੀਵੀ ਯਾਦ ਦੱਸਿਆ ਹੈ। ਟਰੰਪ ਨੇ ਇਕ ਬਿਆਨ 'ਚ ਕਿਹਾ ਕਿ ਮੈਂ ਰੌਸ਼ਨੀਆਂ ਦਾ ਤਿਉਹਾਰ ਮਨਾਉਣ ਵਾਲੇ ਹਰੇਕ ਅਮਰੀਕੀ ਨੂੰ ਆਪਣੀਆਂ ਸ਼ੁਭਕਾਮਨਾਵਾਂ ਭੇਜਦਾ ਹਾਂ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਬਹੁਤ ਸਾਰੇ ਅਮਰੀਕੀਆਂ ਲਈ ਦੀਵਾਲੀ ਹਨੇਰੇ 'ਤੇ ਰੌਸ਼ਨੀ ਦੀ ਜਿੱਤ ਦੀ ਇੱਕ ਸਦੀਵੀ ਯਾਦ ਹੈ। ਇਹ ਪਰਿਵਾਰਾਂ ਅਤੇ ਦੋਸਤਾਂ ਨੂੰ ਇਕੱਠੇ ਕਰਕੇ ਭਾਈਚਾਰੇ ਦਾ ਜਸ਼ਨ ਮਨਾਉਣ, ਉਮੀਦ ਤੋਂ ਤਾਕਤ ਪ੍ਰਾਪਤ ਕਰਨ ਅਤੇ ਨਵੀਨੀਕਰਨ ਦੀ ਇਕ ਸਥਾਈ ਭਾਵਨਾ ਨੂੰ ਅਪਣਾਉਣ ਦਾ ਸਮਾਂ ਵੀ ਹੈ। ਵਿਦੇਸ਼ ਮੰਤਰੀ ਮਾਰਕੋ ਰੁਬੀਓ ਨੇ ਵੀ ਦੀਵਾਲੀ ਮਨਾਉਣ ਵਾਲਿਆਂ ਨੂੰ 'ਸ਼ਾਂਤੀਪੂਰਨ ਅਤੇ ਅਨੰਦਮਈ' ਦੀਵਾਲੀ ਲਈ ਆਪਣੀਆਂ 'ਦਿਲੋਂ ਸ਼ੁਭਕਾਮਨਾਵਾਂ' ਭੇਜੀਆਂ।

### ਵਾਈਟ ਹਾਊਸ ਵਿੱਚ ਮਨਾਈ ਦੀਵਾਲੀ

ਭਾਰਤ ਨਾਲ ਟੈਰਿਫ ਦੀ ਵਪਾਰਕ ਜੰਗ 'ਚ ਉਲਝੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ

## ਦੀਵਾਲੀ ਹਨੇਰੇ 'ਤੇ ਰੌਸ਼ਨੀ ਦੀ ਜਿੱਤ ਦੀ ਇਕ ਸਦੀਵੀ ਯਾਦ: ਟਰੰਪ



ਟਰੰਪ ਨੇ ਵਾਈਟ ਹਾਊਸ 'ਚ ਇਕ ਵਿਸ਼ੇਸ਼ ਦੀਵਾਲੀ ਸਮਾਗਮ ਦੌਰਾਨ ਬੋਲਦਿਆਂ ਕਿਹਾ ਕਿ ਮੈਂ ਸਮੁੱਚੇ ਭਾਰਤੀਆਂ ਨੂੰ ਆਪਣੀਆਂ ਨਿੱਘੀਆਂ ਸ਼ੁਭਕਾਮਨਾਵਾਂ ਦਿੰਦਾ ਹਾਂ ਤੇ ਨਾਲ ਹੀ ਫਿਰ ਟਕੋਰ ਕੀਤੀ ਕਿ ਅੱਜਹੀ ਤੁਹਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਵਪਾਰ ਬਾਰੇ ਗੱਲ ਕੀਤੀ ਹੈ, ਜੋ ਬਹੁਤ ਸ਼ਾਨਦਾਰ ਰਹੀ। ਰਾਸ਼ਟਰਪਤੀ ਟਰੰਪ ਦੇ ਦੀਵਾਲੀ ਜਸ਼ਨਾਂ 'ਚ ਸ਼ਾਮਿਲ ਹੋਣ 'ਤੇ ਦੀ ਭਾਈਚਾਰੇ ਨੂੰ ਵਾਈਟ ਹਾਊਸ ਹੋਰ ਵੀ ਖ਼ੂਬਸੂਰਤ ਤੇ ਚਮਕਦਾਰ ਲੱਗਦਾ ਸੀ। ਟਰੰਪ ਨੇ ਭਾਰਤ ਦੇ ਲੋਕਾਂ ਤੇ ਭਾਰਤੀ-ਅਮਰੀਕੀ ਨਿੱਘੀਆਂ ਸ਼ੁਭਕਾਮਨਾਵਾਂ ਦਿੱਤੀਆਂ। ਟਰੰਪ ਨੇ ਫਿਰ ਦੁਹਰਾਇਆ ਕਿ ਮੋਦੀ ਨਾਲ ਗੱਲਬਾਤ ਆਲ੍ਹਾ ਮਿਆਰੀ ਹੀ ਨਹੀਂ ਰਹੀ ਸਗੋਂ ਉਨ੍ਹਾਂ ਨੂੰ ਇਕ 'ਮਹਾਨ ਵਿਅਕਤੀ' ਤੇ 'ਮਹਾਨ ਦੋਸਤ' ਵੀ ਦੱਸਿਆ ਤੇ ਟਰੰਪ ਨੇ ਇਹ ਗੱਲ ਵੀ ਸਾਂਝੀਕੀਤੀ ਕਿ ਉਨ੍ਹਾਂ ਕੁਝ ਦਿਨ ਪਹਿਲਾਂ ਵੀ ਭਾਰਤੀ ਨੇਤਾ ਨਾਲ ਵਪਾਰ ਤੇ ਇਸ ਖੇਤਰ 'ਚ ਸ਼ਾਂਤੀ ਬਾਰੇ ਗੱਲ ਕੀਤੀ ਸੀ। ਟਰੰਪ ਨੇ ਵਾਈਟ ਹਾਊਸ 'ਚ ਰਵਾਇਤੀ ਦੀਵਾਲੀ ਮਨਾਈ ਤੇ ਦੀਵੇ ਵੀ ਜਗਾਏ। ਉਪਰੰਤ ਉਨ੍ਹਾਂ ਦੀਵਾਲੀ ਦੇ ਡੂੰਘੇ ਅਰਥਾਂ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਅਸੀਂ ਹਨੇਰੇ 'ਤੇ ਰੌਸ਼ਨੀ ਦੀ ਜਿੱਤ 'ਚ ਵਿਸ਼ਵਾਸ ਦੇ ਪ੍ਰਤੀਕ ਵਜੋਂ ਦੀਵੇ ਜਗਾਵਾਂਗੇ। ਇਹ ਅਗਿਆਨਤਾ 'ਤੇ ਗਿਆਨ ਤੇ ਬੁਰਾਈ 'ਤੇ ਚੰਗਿਆਈ ਦੀ ਜਿੱਤ ਦਾ ਪ੍ਰਤੀਕ ਹੈ। ਜਗਦਾ ਦੀਵਾ ਗਿਆਨ ਦਾ ਰਾਹ ਲੱਭਣ ਤੇ ਮਿਹਨਤ ਨਾਲ ਕੰਮ ਕਰਨ ਦੀ ਯਾਦ ਦਿਵਾਉਂਦਾ ਹੈ।ਵਾਈਟ ਹਾਊਸ ਦੇ ਇਨ੍ਹਾਂ ਦੀਵਾਲੀ ਜਸ਼ਨਾਂ 'ਚ ਸੀਨੀਅਰ ਅਮਰੀਕੀ ਤੇ ਭਾਰਤੀ ਅਧਿਕਾਰੀ ਵੀ ਸ਼ਾਮਿਲ ਹੋਏ, ਜਿਨ੍ਹਾਂ 'ਚ ਐਫ.ਬੀ.ਆਈ. ਦੇ ਡਾਇਰੈਕਟਰ ਕਾਸ਼ ਪਟੇਲ, ਓ. ਡੀ. ਐਨ. ਆਈ. ਦੇ ਡਾਇਰੈਕਟਰ ਤੁਲਸੀ ਗਬਾਰਡ, ਵਾਈਟ ਹਾਊਸ ਦੇ ਡਿਪਟੀ ਪ੍ਰੈੱਸ ਸਕੱਤਰ ਕੁਸ਼ ਦੇਸਾਈ, ਅਮਰੀਕਾ 'ਚ ਭਾਰਤ ਦੇ ਰਾਜਦੂਤ ਵਿਨੈ ਮੋਹਨ ਕਵਾਤਰਾ ਤੇ ਭਾਰਤ 'ਚ ਅਮਰੀਕੀ ਰਾਜਦੂਤ ਸਰਜੀਓ ਗੋਰ ਸਮੇਤ ਕਈ ਸੀਨੀਅਰ ਅਧਿਕਾਰੀਆਂ ਨੇ ਸ਼ਿਰਕਤ ਕੀਤੀ।

# ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਬੰਦੀ ਛੋੜ ਦਿਵਸ ਮਨਾਇਆ

**ਲੰਡਨ:** ਯੂਰਪ ਦੇ ਵੱਡੇ ਗੁਰੂ ਘਰਾਂ ਵਿੱਚੋਂ ਜਾਣੇ ਜਾਂਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਬੰਦੀ ਛੋੜ ਦਿਵਸ ਮਨਾਇਆ ਗਿਆ। ਬੀਤੇ ਕੱਲ ਸਵੇਰ ਤੋਂ ਹੀ ਸੰਗਤਾਂ ਗੁਰਦੁਆਰਾ ਗੁਰੂ ਨਾਨਕ ਰੋਡ ਤੇ ਗੁਰਦੁਆਰਾ ਪਾਰਕ ਐਵੇਨਿਊ ਵਿਖੇ ਨਤਮਸਤਕ ਹੋਣ ਪਹੁੰਚਣ ਲੱਗੀਆਂ।

ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸਾਰਾ ਦਿਨ ਗੁਰਬਾਣੀ ਕੀਰਤਨ ਕਥਾ ਵਿਚਾਰਾਂ ਦੇ ਦੀਵਾਨ ਸਜੇ ਅਤੇ ਸੰਗਤਾਂ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਦੇ ਕਿਲ੍ਹੇ 'ਚੋਂ 52 ਕੈਦੀ ਰਾਜਿਆਂ ਦੀ ਰਿਹਾਈ ਅਤੇ ਸਮੇਂ ਸਮੇਂ ਹਕੂਮਤਾਂ ਵੱਲੋਂ ਇਸ ਪਵਿੱਤਰ ਦਿਹਾੜੇ ਮੌਕੇ ਸਿੱਖਾਂ ਤੇ ਕੀਤੇ ਜ਼ੁਲਮਾਂ ਦੇ ਇਤਿਹਾਸ ਨੂੰ ਸਰਵਣ ਕਰਵਾਇਆ ਗਿਆ।

ਦੀਵਾਨਾਂ 'ਚ ਭਾਈ ਮਨੋਹਰ ਸਿੰਘ ਬੰਗਲਾ ਸਾਹਿਬ ਵਾਲੇ, ਭਾਈ ਤਾਰਬਲਬੀਰ ਸਿੰਘ ਸ੍ਰੀ ਦਰਬਾਰ ਸਾਹਿਬ ਵਾਲੇ, ਢਾਡੀ ਗਿਆਨੀ ਇਕਬਾਲ ਸਿੰਘ, ਭਾਈ ਸੰਦੀਪ ਸਿੰਘ, ਭਾਈ ਅੰਮ੍ਰਿਪਾਲ ਸਿੰਘ, ਗਿਆਨੀ ਜੋਧਾ ਸਿੰਘ,ਕਵੀਸ਼ਰ ਗਿਆਨੀ ਸੁਲੱਖਣ ਸਿੰਘ ਤਰਨ ਤਾਰਨ ਆਦਿ ਦੇ ਜੱਥਿਆਂ ਨੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ ਨੇ ਸੰਗਤਾਂ ਨੂੰ ਬੰਦੀਛੋੜ ਦਿਵਸ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਅੱਜ ਗੁਰੂ ਸਾਹਿਬਾਨ ਵੱਲੋਂ ਦਿੱਤੇ ਉਪਦੇਸ਼ਾਂ 'ਤੇ ਚੱਲ ਕੇ ਸਿੱਖ ਕੌਮ ਨੂੰ ਅੱਗੇ ਵੱਧਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਅੱਜ ਆਪਸੀ ਸਾਂਝਾਂ ਮਜ਼ਬੂਤ ਕਰਨ ਲਈ ਗਿਆਨ ਦੇ ਦੀਵੇ ਜਗਾਉਣ ਦੀ ਲੋੜ ਹੈ।

# ਟਰੰਪ ਨੇ ਰੂਸ ਦੀਆਂ ਦੋ ਤੇਲ ਕੰਪਨੀਆਂ 'ਤੇ ਲਾਈ ਪਾਬੰਦੀ

**ਮਾਸਕੋ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰੂਸ-ਯੂਕਰੇਨ ਜੰਗ 'ਤੇ ਆਪਣੀ ਨੀਤੀ ਵਿਚ ਵੱਡੀ ਤਬਦੀਲੀ ਕਰਦੇ ਹੋਏ ਰੂਸ ਦੀਆਂ ਦੋ ਸਭ ਤੋਂ ਵੱਡੀਆਂ ਤੇਲ ਕੰਪਨੀਆਂ ਰੋਸਨੇਫਟ ਤੇ ਲੁਕਆਇਲ 'ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਕਾਰਨ ਕੌਮਾਂਤਰੀ ਤੇਲ ਦੀਆਂ ਕੀਮਤਾਂ ਵਿਚ ਪੰਜ ਫ਼ੀਸਦੀ ਦਾ ਵਾਧਾ ਹੋ ਗਿਆ। ਇਸ ਪਾਬੰਦੀ ਨਾਲ ਭਾਰਤ ਦੀ ਚੁਣੌਤੀ ਵੀ ਵੱਧ ਗਈ ਹੈ ਕਿਉਂਕਿ ਉਹ ਰੂਸ ਦੀਆਂ ਇਨ੍ਹਾਂ ਦੋ ਕੰਪਨੀਆਂ ਤੋਂ ਜ਼ਿਆਦਾਤਰ ਤੇਲ ਖ਼ਰੀਦ ਕਰਦਾ ਹੈ। ਭਾਰਤ ਔਸਤਨ 17 ਲੱਖ ਬੈਰਲ ਕੱਚਾ ਤੇਲ ਰੋਜ਼ਾਨਾ ਰੂਸ ਤੋਂ ਦਰਾਮਦ ਕਰਦਾ ਹੈ। ਅਮਰੀਕੀ ਪਾਬੰਦੀਆਂ ਦੇ ਮੱਦੇਨਜ਼ਰ ਹੁਣ ਭਾਰਤ ਨੂੰ ਰੂਸੀ ਤੇਲ ਦੀ ਦਰਾਮਦ ਵਿਚ ਕਟੌਤੀ 'ਤੇ ਵਿਚਾਰ ਕਰਨ ਪਵੇਗਾ। ਫ਼ਿਲਹਾਲ ਭਾਰਤ ਸਰਕਾਰ ਨੇ ਅਮਰੀਕੀ ਫ਼ੈਸਲੇ 'ਤੇ ਕੋਈ ਪ੍ਰਤੀਕ੍ਰਿਆ ਨਹੀਂ ਦਿੱਤੀ। ਤੇਲ ਕੰਪਨੀ ਰਿਲਾਇੰਸ ਨੇ ਕਿਹਾ ਹੈ ਕਿ ਉਹ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਕੰਮ ਕਰੇਗੀ।





ਰੋਸਨੇਫਟ ਤੇ ਲੁਕਆਇਲ ਦੀ ਕੌਮਾਂਤਰੀ ਤੇਲ ਉਤਪਾਦਨ ਵਿਚ ਪੰਜ ਫ਼ੀਸਦੀ ਤੋਂ ਵੱਧ ਦੀ ਹਿੱਸੇਦਾਰੀ ਹੈ। ਇਨ੍ਹਾਂ 'ਤੇ ਪਾਬੰਦੀ ਟਰੰਪ ਦਾ ਇਸ ਮਾਮਲੇ ਵਿਚ ਯੂ-ਟਰਨ ਹੈ ਕਿਉਂਕਿ ਪਿਛਲੇ ਹਫ਼ਤੇ ਹੀ ਉਨ੍ਹਾਂ ਕਿਹਾ ਸੀ ਕਿ ਉਹ ਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਯੂਕਰੇਨ ਜੰਗ ਸਮਾਪਤ ਕਰਨ ਲਈ ਛੇਤੀ ਬੁਡਾਪੇਸਟ ਵਿਚ ਸਿਖਰ ਮੀਟਿੰਗ ਕਰਨਗੇ। ਪਰ ਟਰੰਪ ਨੇ ਬੁੱਧਵਾਰ ਨੂੰ ਕਿਹਾ ਇਹ ਮੀਟਿੰਗ ਰੱਦ ਕਰ ਦਿੱਤੀ ਗਈ ਹੈ ਕਿਉਂਕਿ ਇਸ ਨਾਲ ਇੱਛਤ ਨਤੀਜੇ ਪ੍ਰਾਪਤ ਨਹੀਂ ਹੋਣਗੇ, ਨਾਲ ਹੀ ਸ਼ਿਕਾਇਤ ਕੀਤੀ ਕਿ ਪੁਤਿਨ ਦੇ ਨਾਲ ਉਨ੍ਹਾਂ ਦੀਆਂ ਕਈ 'ਚੰਗੀਆਂ ਗੱਲਬਾਤਾਂ' ਵੀ ਕਿਸੇ ਨਤੀਜੇ 'ਤੇ ਨਹੀਂ ਪੁੱਜੀਆਂ। ਰੂਸ ਦੀਆਂ ਇਨ੍ਹਾਂ ਦੋ ਸਭ ਤੋਂ ਵੱਡੀਆਂ ਤੇਲ ਕੰਪਨੀਆਂ 'ਤੇ ਪਾਬੰਦੀਆਂ ਬਾਰੇ ਦੱਸਦੇ ਹੋਏ ਅਮਰੀਕੀ ਵਿੱਤ ਮੰਤਰੀ ਸਕਾਟ ਬੇਸੇਂਟ ਨੇ ਸਪੱਸ਼ਟ ਕੀਤਾ ਕਿ ਅਮਰੀਕਾ ਰੂਸ ਦੀ ਉਸ ਵਿੱਤੀ ਸਮਰੱਥਾ ਨੂੰ ਨਿਸ਼ਾਨਾ ਬਣਾ ਰਿਹਾ ਹੈ, ਜਿਸ ਨਾਲ ਉਹ ਦੂਜੀ ਸੰਸਾਰ ਜੰਗ ਤੋਂ ਬਾਅਦ ਯੂਰਪ ਦੇ ਸਭ ਤੋਂ ਵੱਡੇ ਜ਼ਮੀਨੀ ਯੁੱਧ ਨੂੰ ਵਿੱਤੀ ਸਹਾਇਤਾ ਦੇ ਰਿਹਾ ਹੈ। ਅਮਰੀਕਾ ਅੱਗੋਂ ਦੀ ਕਾਰਵਾਈ ਲਈ ਵੀ ਤਿਆਰ ਹੈ।

### 21 ਨਵੰਬਰ ਤੱਕ ਖ਼ਤਮ ਕਰੋ ਲੈਣ-ਦੇਣ

ਭਾਰਤੀ ਤੇਲ ਉਦਯੋਗ ਦੇ ਸੂਤਰਾਂ ਨੇ ਦੱਸਿਆ ਕਿ ਭਾਰਤੀ ਰਿਫਾਇਨਰੀਆਂ ਅਮਰੀਕੀ ਪਾਬੰਦੀਆਂ ਦੀ ਪਾਲਣਾ ਯਕੀਨੀ ਬਣਾਉਣ ਲਈ ਰੂਸੀ ਤੇਲ ਦੀ ਦਰਾਮਦ ਵਿਚ ਭਾਰੀ ਕਟੌਤੀ ਕਰਨ ਲਈ ਤਿਆਰ ਹਨ। ਪੱਛਮੀ ਦੇਸ਼ਾਂ ਵੱਲੋਂ ਰੂਸ 'ਤੇ ਪਾਬੰਦੀਆਂ ਲਾਉਣ ਅਤੇ ਖ਼ਰੀਦਦਾਰੀ ਤੋਂ ਪ੍ਰਹੇਜ਼ ਕਰਨ ਤੋਂ ਬਾਅਦ ਭਾਰਤ ਡਿਸਕਾਊਂਟ 'ਤੇ ਵੇਚੇ ਜਾਣ ਵਾਲੇ ਸਮੁੰਦਰੀ ਰੂਸੀ ਤੇਲ ਦਾ ਸਭ ਤੋਂ ਵੱਡਾ ਖ਼ਰੀਦਦਾਰ ਬਣ ਗਿਆ ਹੈ। ਅਮਰੀਕੀ ਵਿੱਤ ਮੰਤਰਾਲੇ ਨੇ ਕੰਪਨੀਆਂ ਨੂੰ ਰੂਸੀ ਤੇਲ ਉਤਪਾਦਕਾਂ ਦੇ ਨਾਲ ਆਪਣੇ ਲੈਣ-ਦੇਣ ਨੂੰ ਸਮਾਪਤ ਕਰਨ ਲਈ 21 ਨਵੰਬਰ ਤੱਕ ਦਾ ਸਮਾਂ ਦਿੱਤਾ ਹੈ। ਕੁਝ ਮਾਹਰਾਂ ਦਾ ਕਹਿਣਾ ਹੈ ਕਿ ਨਵੀਆਂ ਪਾਬੰਦੀਆਂ ਰੂਸ ਨੂੰ ਹੋਰ ਛੋਟ ਦੇਣ ਲਈ ਮਜਬੂਰ ਕਰ ਸਕਦੀਆਂ ਹਨ।

### ਰੂਸ 'ਤੇ ਹੋਰ ਦਬਾਅ ਬਣਾਉਣ ਦੀ ਅਪੀਲ

ਯੂਕਰੇਨ ਦੇ ਰਾਸ਼ਟਰਪਤੀ ਜ਼ੇਲੇਂਸਕੀ ਨੇ ਨਵੀਆਂ ਪਾਬੰਦੀਆਂ ਲਈ ਅਮਰੀਕਾ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਬਹੁਤ ਅਹਿਮ ਹਨ। ਨਾਲ ਹੀ ਕਿਹਾ ਕਿ ਰੂਸ ਨੂੰ ਜੰਗਬੰਦੀ ਲਈ ਸਹਿਮਤ ਕਰਾਉਣ ਲਈ ਉਸ 'ਤੇ ਹੋਰ ਦਬਾਅ ਬਣਾਉਣ ਦੀ ਲੋੜ ਹੋਵੇਗੀ।

# ਰੂਸ ਨੇ ਪਾਬੰਦੀਆਂ ਦੇ ਅਸਰ ਨੂੰ ਕੀਤਾ ਨਜ਼ਰਅੰਦਾਜ਼


ਰੂਸ ਨੇ ਨਵੀਆਂ ਅਮਰੀਕੀ ਪਾਬੰਦੀਆਂ ਨੂੰ ਗ਼ੈਰ-ਉਤਪਾਦਕ ਦੱਸਿਆ ਅਤੇ ਸੰਕੇਤ ਦਿੱਤਾ ਕਿ ਯੂਕਰੇਨ ਵਿਚ ਜੰਗ ਸਮਾਪਤ ਕਰਨ ਦੀਆਂ ਉਸ ਦੀਆਂ ਸ਼ਰਤਾਂ ਵਿਚ ਕੋਈ ਬਦਲਾਅ ਨਹੀਂ ਹੋਵੇਗਾ। ਰੂਸੀ ਸ਼ਰਤਾਂ ਨੂੰ ਯੂਕਰੇਨ ਤੇ ਕਈ ਯੂਰਪੀ ਦੇਸ਼ ਆਤਮ-ਸਮਰਪਣ ਦੇ ਬਰਾਬਰ ਮੰਨਦੇ ਹਨ। ਰੂਸੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮਾਰੀਆ ਜ਼ਖਾਰੋਵਾ ਨੇ ਪਾਬੰਦੀਆਂ ਦੇ ਸੰਭਾਵਿਤ ਅਸਰ ਦੇ ਸਵਾਲ 'ਤੇ ਮੋਢੇ ਚੁੱਕ ਦਿੱਤੇ ਅਤੇ ਕਿਹਾ ਕਿ ਰੂਸ ਨੇ ਅਜਿਹੀਆਂ ਕਈ ਪਾਬੰਦੀਆਂ ਦੇ ਪ੍ਰਤੀ ਮਜ਼ਬੂਤ ਪ੍ਰਤੀਰੱਖਿਆ ਵਿਕਸਿਤ ਕਰ ਲਈ ਹੈ। ਯੂਰਪੀ ਯੂਨੀਅਨ ਦੇ ਨੇਤਾਵਾਂ ਤੇ ਯੂਕਰੇਨੀ



ਰਾਸ਼ਟਰਪਤੀ ਵੋਲਦੋਮੀਰ ਜ਼ੇਲੇਂਸਕੀ ਵਿਚਾਲੇ ਵੀਰਵਾਰ ਨੂੰ ਬ੍ਰਸਲਜ਼ ਵਿਚ ਯੂਕਰੇਨ ਲਈ ਧਨ ਇਕੱਠਾ ਕਰਨ 'ਤੇ ਚਰਚਾ ਹੋਈ। ਇਸ ਵਿਚ ਜ਼ਬਤ ਰੂਸੀ ਜਾਇਦਾਦਾਂ ਦਾ ਉਪਯੋਗ ਕਰ ਕੇ ਯੂਕਰੇਨ ਨੂੰ 140 ਅਰਬ ਯੂਰੋ (163 ਅਰਬ ਡਾਲਰ) ਦਾ ਕਰਜ਼ ਦੇਣ 'ਤੇ ਵੀ ਵਿਚਾਰ ਹੋਇਆ। ਇਸ 'ਤੇ ਰੂਸ ਨੇ ਕਿਹਾ ਕਿ ਜੇਕਰ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਤਾਂ ਉਹ ਸਖ਼ਤ ਜਵਾਬ ਦੇਵੇਗਾ। ਰੂਸ ਦਾ ਤੇਲ ਤੇ ਗੈਸ ਮਾਲੀਏ ਤੋਂ ਵਰਤਮਾਨ ਵਿਚ ਸਾਲ ਦਰ ਸਾਲ 21 ਫ਼ੀਸਦੀ ਘੱਟ ਹੋ ਗਿਆ, ਜਿਹੜਾ ਉਸ ਦੇ ਬਜਟ ਦ ਲਗਪਗ ਇਕ-ਚੌਥਾਈ ਹਿੱਸਾ ਹੈ ਅਤੇ ਯੂਕਰੇਨ ਜੰਗ ਲਈ ਨਕਦੀ ਦਾ ਸਭ ਤੋਂ ਅਹਿਮ ਸੋਮਾ ਹੈ।

# ਕੈਨੇਡਾ ਦੇ ਇਸ਼ਤਿਹਾਰ 'ਤੇ ਬੋਲੇ ਟਰੰਪ 'ਮੈਂ ਵੱਧ ਗੰਦੀ ਖੇਡ ਖੇਡ ਸਕਦਾ ਹਾਂ'

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ੁੱਕਰਵਾਰ ਨੂੰ ਏਸ਼ੀਆ ਦੀ ਯਾਤਰਾ 'ਤੇ ਰਵਾਨਾ ਹੋਣ ਤੋਂ ਪਹਿਲਾਂ ਸੰਕੇਤ ਦਿੱਤਾ ਕਿ ਉਨ੍ਹਾਂ ਦੀ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਮਿਲਣ ਦੀ ਕੋਈ ਯੋਜਨਾ ਨਹੀਂ ਹੈ। ਟਰੰਪ ਤੇ ਕਾਰਨੀ ਕੁਆਲਾਲੰਪੁਰ 'ਚ ਆਸਿਆਨ ਸਿਖਰ ਸੰਮੇਲਨ 'ਚ ਹਿੱਸਾ ਲੈਣ ਵਾਲੇ ਹਨ। ਟਰੰਪ ਨੇ ਟੈਰਿਫ ਦੇ ਖ਼ਿਲਾਫ਼ ਕੈਨੇਡਾ 'ਚ ਦਿਖਾਏ ਜਾਣ ਵਾਲੇ ਇਸ਼ਤਿਹਾਰ ਦੀ ਨਿਖੇਧੀ ਕਰਦੇ ਹੋਏ ਕਿਹਾ, 'ਉਨ੍ਹਾਂ ਨੇ ਜੋ ਕੀਤਾ, ਉਹ ਬੇਈਮਾਨੀ ਹੈ। ਇਹ ਗੰਦੀ ਖੇਡ ਹੈ ਪਰ ਮੈਂ ਉਨ੍ਹਾਂ ਤੋਂ ਵੱਧ ਗੰਦੀ ਖੇਡ ਖੇਡ ਸਕਦਾ ਹਾਂ ਮੈਂ ਸੁਣਿਆ ਹੈ ਕਿ ਉਹ ਇਸ਼ਤਿਹਾਰ ਹਟਾ ਰਹੇ ਹਨ। ਉਹ ਇਸ ਨੂੰ ਅੱਜ



ਰਾਤ ਹੀ ਹਟਾ ਸਕਦੇ ਸੀ।' ਟਰੰਪ ਦੀ ਇਹ ਟਿੱਪਣੀ ਵੀਰਵਾਰ ਨੂੰ ਕੈਨੇਡਾ ਨਾਲ ਵਪਾਰ ਗੱਲਬਾਤ ਖ਼ਤਮ ਕਰਨ ਦੇ ਐਲਾਨ ਤੋਂ ਬਾਅਦ ਆਈ ਹੈ। ਕੈਨੇਡਾ 'ਚ ਟੀਵੀ 'ਤੇ ਇਕ ਇਸ਼ਤਿਹਾਰ ਦਿਖਾਇਆ ਜਾ ਰਿਹਾ ਹੈ। ਇਸ ਵਿਚ ਰੀਗਨ ਦੇ 1987 ਦੇ ਉਸ ਸੰਬੋਧਨ ਦਾ ਜ਼ਿਕਰ ਕੀਤਾ ਗਿਆ ਹੈ, ਜਿਸ ਵਿਚ ਉਨ੍ਹਾਂ ਵਿਦੇਸ਼ੀ ਸਾਮਾਨ 'ਤੇ ਟੈਰਿਫ ਦੀ ਨਿਖੇਧੀ ਕੀਤੀ ਸੀ ਤੇ ਕਿਹਾ ਸੀ ਕਿ ਟੈਰਿਫ ਕਾਰਨ ਨੌਕਰੀਆਂ ਖ਼ਤਮ ਹੁੰਦੀਆਂ ਹਨ ਤੇ ਟ੍ਰੇਡ ਵਾਰ ਹੁੰਦੇ ਹਨ। ਰੀਗਨ 1981 ਤੋਂ 1989 ਤੱਕ ਅਮਰੀਕਾ ਦੇ ਰਾਸ਼ਟਰਪਤੀ ਰਹੇ। ਬਹੁਤ ਸਾਰੇ ਰਿਪਬਲੀਕਨ ਰੀਗਨ ਨੂੰ ਆਪਣਾ ਨਾਇਕ ਮੰਨਦੇ ਹਨ। ਇਸ ਵਿਚਾਲੇ ਕੈਨੇਡਾ ਦੇ ਓਂਟਾਰੀਓ ਸੂਬੇ ਦੇ ਪ੍ਰੀਮੀਅਰ ਡਗ ਫੋਰਡ ਨੇ ਕਿਹਾ ਕਿ ਅਮਰੀਕੀ ਟੈਰਿਫ ਦੀ ਨਿਖੇਧੀ ਕਰਨ ਵਾਲੀ ਇਸ਼ਤਿਹਾਰ ਮੁਹਿੰਮ ਰੋਕ ਦਿੱਤੀ ਗਈ, ਤਾਂਕਿ ਦੋਵਾਂ ਦੇਸ਼ਾਂ 'ਚ ਵਪਾਰ ਗੱਲਬਾਤ ਮੁੜ ਸ਼ੁਰੂ ਹੋ ਸਕੇ।

# ਟਿਊਮਰ ਨਾਲ ਲੜਨ 'ਚ ਮਦਦ ਕਰ ਸਕਦੀ ਹੈ ਕੋਵਿਡ ਵੈਕਸੀਨ

**ਵਾਸ਼ਿੰਗਟਨ:** ਇਕ ਖੋਜ 'ਚ ਕਿਹਾ ਗਿਆ ਹੈ ਕਿ ਕੈਂਸਰ ਦੇ ਮਰੀਜ਼ਾਂ ਨੂੰ ਕੋਵਿਡ ਵੈਕਸੀਨ ਨਾਲ ਲਾਭ ਹੋ ਸਕਦਾ ਹੈ। ਇਹ ਉਨ੍ਹਾਂ ਦੇ ਇਮਿਊਨ ਸਿਸਟਮ (ਰੋਗ ਮੁਕਾਬਲਾ ਪ੍ਰਣਾਲੀ) ਨੂੰ ਸਰਗਰਮ ਕਰ ਕੇ ਟਿਊਮਰ ਨਾਲ ਲੜਨ 'ਚ ਮਦਦ ਕਰ ਸਕਦੀ ਹੈ। ਇਹ ਖੋਜ ਜਰਨਲ ਨੇਚਰ 'ਚ ਪ੍ਰਕਾਸ਼ਿਤ ਹੋਈ ਹੈ। ਇਸ ਵਿਚ ਕਿਹਾ ਗਿਆ ਹੈ ਕਿ ਐਡਵਾਂਸ ਸਟੇਜ ਵਾਲੇ ਫੇਫੜੇ ਜਾਂ ਚਮੜੀ ਦੇ ਕੈਂਸਰ ਨਾਲ ਪੀੜਤ ਲੋਕ, ਜੋ ਇਮਿਊਨੋਥੈਰੇਪੀ ਲੈ ਰਹੇ ਹੋਣ, ਨੂੰ ਇਲਾਜ ਸ਼ੁਰੂ ਕਰਨ ਦੇ 100 ਦਿਨਾਂ ਦੇ ਅੰਦਰ ਕੋਵਿਡ ਵੈਕਸੀਨ ਲਗਾਈ ਜਾਵੇ ਤਾਂ ਉਹ ਕਾਫੀ ਲੰਬੇ ਸਮੇਂ ਤੱਕ ਜ਼ਿੰਦਾ ਰਹਿ ਸਕਦੇ ਹਨ।





ਹਿਊਸਟਨ ਸਥਿਤ ਐੱਮਡੀ ਐਂਡਰਸਨ ਕੈਂਸਰ ਸੈਂਟਰ ਤੇ ਫਲੋਰੀਡਾ ਯੂਨੀਵਰਸਿਟੀ ਦੇ ਖੋਜੀਆਂ ਦੇ ਸਿੱਟੇ 'ਚ ਕਿਹਾ ਗਿਆ ਹੈ ਕਿ ਇਹ ਉਨ੍ਹਾਂ ਟੀਕਿਆਂ ਨੂੰ ਤਾਕਤ ਦੇਣ ਵਾਲਾ ਅਣੂ ਮੁਕਾਬਲਾ ਪ੍ਰਣਾਲੀ ਅਤਿ-ਆਧੁਨਿਕ ਕੈਂਸਰ ਦੇ ਇਲਾਜ ਪ੍ਰਤੀ ਬਿਹਤਰ ਪ੍ਰਤੀਕਿਰਿਆ ਦੇਣ 'ਚ ਮਦਦ ਕਰਦਾ ਹੈ। ਖੋਜੀ ਡਾ. ਐਡਮ ਗ੍ਰਿਫਿਨ ਨੇ ਕਿਹਾ ਕਿ ਇਹ ਵੈਕਸੀਨ ਪੂਰੇ ਸਰੀਰ 'ਚ ਰੋਗ ਮੁਕਾਬਲਾ ਸੈੱਲਾਂ ਨੂੰ ਸਰਗਰਮ ਕਰਨ ਦਾ ਕੰਮ ਕਰਦੀ ਹੈ।

ਅਸੀਂ ਰੱਖਿਆਤਮਕ- ਪ੍ਰਤੀਰੋਧੀ ਟਿਊਮਰ ਨੂੰ ਰੱਖਿਆਤਮਕ ਇਲਾਜ ਦੇ ਪ੍ਰਤੀ ਸੰਵੇਦਨਸ਼ੀਲ ਬਣਾ ਰਹੇ ਹਾਂ। ਖੋਜੀਆਂ ਦੀ ਟੀਮ ਸਿੱਟੇ ਇੰਨੇ ਆਸ਼ਾਵਾਦੀ ਲੱਗੇ ਹਨ ਕਿ ਹੁਣ ਉਹ ਇਕ ਹੋਰ ਅਧਿਐਨ ਕਰ ਰਹੇ ਹਨ ਤਾਂਕਿ ਪਤਾ ਲਗਾਇਆ ਜਾ ਸਕੇ ਕਿ ਕੀ ਐੱਮ.ਆਰ.ਐੱਨ.ਐੱਸ. ਕੋਵਿਡ ਵੈਕਸੀਨ ਨੂੰ ਚੈਕਪੁਆਇੰਟ ਇਨਹਿਬਿਟਰ ਨਾਮੀ ਕੈਂਸਰ ਦੀਆਂ ਦਵਾਈਆਂ ਨਾਲ ਜੋੜਨਾ ਚਾਹੀਦਾ ਹੈ। ਇਹ ਇਕ ਅੰਤਰਿਮ ਕਦਮ ਹੈ, ਜਦੋਂ ਤੱਕ ਕਿ ਕੈਂਸਰ 'ਚ ਵਰਤੋਂ ਲਈ ਨਵੇਂ ਐੱਮਆਰਐੱਨਏ ਟੀਕੇ ਤਿਆਰ ਨਹੀਂ ਕਰ ਲੈਂਦਾ।

# ਮੁੱਖ ਮੰਤਰੀ ਵਲੋਂ ਹਰਮੀਤ ਸਿੰਘ ਸੰਧੂ ਦੇ ਹੱਕ 'ਚ ਵਿਸ਼ਾਲ ਰੋਡ ਸ਼ੋਅ

**ਤਰਨ ਤਾਰਨ:** ਮੁੱਖ ਮੰਤਰੀ ਭਗਵੰਤ ਮਾਨ ਨੇ ਐਤਵਾਰ ਨੂੰ ਤਰਨ ਤਾਰਨ ਵਿਧਾਨ ਸਭਾ ਜ਼ਿਮਨੀ ਚੋਣ ਲਈ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਦੇ ਸਮਰਥਨ ਵਿਚ ਇਕ ਵਿਸ਼ਾਲ ਰੋਡ ਸ਼ੋਅ ਕੀਤਾ। ਇਸ ਦੌਰਾਨ 'ਆਪ' ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਵੀ ਹਾਜ਼ਰ ਸਨ। ਇਸ ਰੋਡ ਸ਼ੋਅ ਵਿਚ ਲੋਕਾਂ ਦੀ ਭਾਰੀ ਭੀੜ ਦੇਖਣ ਨੂੰ ਮਿਲੀ। ਇਹ ਰੋਡ ਸ਼ੋਅ ਪਿੰਡ ਬਾਲਾ ਚੱਕ, ਗੋਹਲਵੜ੍ਹ, ਕੋਟ ਦਸੰਧੀ ਮੱਲ, ਪੰਡੋਰੀ ਸਿੱਧਵਾਂ, ਮੰਨਣ, ਖੈਰਦੀਨਕੇ, ਠੱਠਗੜ੍ਹ, ਜਗਤਪੁਰਾ ਅਤੇ ਢੰਡ ਸਮੇਤ ਕਈ ਪਿੰਡਾਂ ਵਿਚੋਂ ਗੁਜਰਿਆ। ਲੋਕਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਜ਼ਿਮਨੀ ਚੋਣ ਸਿਰਫ਼ ਇਕ ਵਿਧਾਇਕ ਚੁਣਨ ਬਾਰੇ ਨਹੀਂ ਹੈ। ਮਾਨ ਨੇ ਕਿਹਾ ਕਿ ਸਾਡੀ ਸਰਕਾਰ ਨੇ ਪੰਜਾਬ ਦੀ ਰਾਜਨੀਤੀ ਦੀ ਦਿਸ਼ਾ ਬਦਲ ਦਿੱਤੀ ਹੈ।ਝੂਠੇ ਵਾਅਦਿਆਂ ਅਤੇ ਪਰਿਵਾਰਵਾਦ ਦਾ ਯੁੱਗ ਖਤਮ ਹੋ ਗਿਆ ਹੈ। ਹੁਣ ਪੰਜਾਬ ਇਮਾਨਦਾਰ ਸ਼ਾਸਨ ਅਤੇ ਵਿਕਾਸ ਲਈ ਖੜ੍ਹਾ ਹੈ। ਮੁਫ਼ਤ ਬਿਜਲੀ ਪ੍ਰਦਾਨ ਕਰਨ ਤੋਂ ਲੈ ਕੇ ਗਰੀਬਾਂ ਤੱਕ ਰਾਸ਼ਨ ਪਹੁੰਚਾਉਣਾ, ਸਿੱਖਿਆਂ ਅਤੇ ਸਿਹਤ ਸੰਭਾਲ ਵਿਚ ਸੁਧਾਰ ਕਰਨਾ ਅਤੇ ਨੌਜਵਾਨਾਂ ਨੂੰ ਨੌਕਰੀਆਂ ਪ੍ਰਦਾਨ ਕਰਨਾ ਇਹੀ 'ਆਪ' ਦਾ ਸ਼ਾਸਨ ਹੈ। ਉਨ੍ਹਾਂ ਕਿਹਾ ਕਿ ਅਸੀਂ 55 ਹਜ਼ਾਰ ਸਰਕਾਰੀ ਨੌਕਰੀਆਂ ਯੋਗਤਾ ਦੇ ਅਧਾਰ 'ਤੇ ਦਿੱਤੀਆਂ ਹਨ। ਪੁਲਿਸ, ਪਟਵਾਰੀ ਅਤੇ ਨਿਆਂਇਕ ਸੇਵਾਵਾਂ ਵਿਚ ਭਰਤੀ ਜਾਰੀ ਹੈ।




ਕਿਸਾਨਾਂ ਨੂੰ ਦਿਨ ਵੇਲੇ ਮੁਫ਼ਤ ਬਿਜਲੀ ਮਿਲ ਰਹੀ ਹੈ, ਨਹਿਰਾਂ ਦਾ ਪਾਣੀ ਖੇਤਾਂ ਤੱਕ ਪਹੁੰਚ ਰਿਹਾ ਹੈ ਅਤੇ ਰਾਸ਼ਨ ਹਰ ਗਰੀਬ ਘਰ ਤੱਕ ਪਹੁੰਚ ਰਿਹਾ ਹੈ। ਮਾਨ ਨੇ ਲੋਕਾਂ ਨੂੰ ਇਹ ਵੀ ਯਾਦ ਦਿਵਾਇਆ ਕਿ 'ਆਪ' ਹੜ੍ਹ ਪ੍ਰਭਾਵਿਤ ਕਿਸਾਨਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ ਅਤੇ 1.85 ਲੱਖ ਕੁਇੰਟਲ ਕਣਕ ਦੇ ਬੀਜ ਸਪਲਾਈ ਕਰਨ ਦੇ ਆਪਣੇ ਵਾਅਦੇ ਨੂੰ ਪੂਰਾ ਕੀਤਾ ਹੈ।ਉਨ੍ਹਾਂ ਕਿਹਾ ਕਿ ਅਸੀਂ ਇਥੇ ਭਾਸ਼ਣ ਦੇਣ ਲਈ ਨਹੀਂ, ਸਗੋਂ ਸੇਵਾ ਕਰਨ ਲਈ ਆਏ ਹਾਂ। ਸਾਡੀ ਵਚਨਬੱਧਤਾ ਕਿਸਾਨਾਂ ਅਤੇ ਮਜ਼ਦੂਰਾਂ ਨਾਲ ਹੈ।ਅਕਾਲੀਆਂ ਅਤੇ ਕਾਂਗਰਸ ਨੇ ਪੰਜ ਸਾਲ ਆਪਣੇ ਆਪ ਨੂੰ ਚੰਡੀਗੜ੍ਹ ਦੇ ਬੰਗਲਿਆਂ ਵਿਚ ਬੰਦ ਕਰ ਲਿਆ। ਉਨ੍ਹਾਂ ਨੇ ਕਦੇ ਤੁਹਾਡੇ ਦਰਦ ਦੀ ਪਰਵਾਹ ਨਹੀਂ ਕੀਤੀ। ਇਹ ਲੋਕ ਸਿਰਫ਼ ਆਪਣੇ ਪਰਿਵਾਰਾਂ ਬਾਰੇ ਸੋਚਦੇ ਹਨ, ਪੰਜਾਬ ਬਾਰੇ ਨਹੀਂ। ਮਨੀਸ਼ ਸਿਸੋਦੀਆ ਨੇ ਕਿਹਾ ਕਿ ਵਿਰੋਧੀ ਧਿਰ ਸਿਰਫ਼ ਹੰਕਾਰ ਅਤੇ ਦੋਸ਼ ਦੀ ਰਾਜਨੀਤੀ ਵਿਚ ਸਮਾਂ ਬਰਬਾਦ ਕਰੇਗੀ, ਜਦੋਂਕਿ 'ਆਪ' ਨਤੀਜੇ ਦਿੰਦੀ ਹੈ। ਹਰਮੀਤ ਸਿੰਘ ਸੰਧੂ ਨੇ ਤਰਨ ਤਾਰਨ ਦੇ ਲੋਕਾਂ ਦਾ ਰੋਡ ਸ਼ੋਅ ਦੌਰਾਨ ਉਨ੍ਹਾਂ ਦੇ ਭਰਵੇਂ ਹੁੰਗਾਰੇ ਅਤੇ ਪਿਆਰ ਲਈ ਦਿਲੋਂ ਧੰਨਵਾਦ ਵੀ ਕੀਤਾ। ਉਨ੍ਹਾਂ ਨੇ ਵੋਟਰਾਂ ਨੂੰ ਭਰੋਸਾ ਦਿਵਾਉਂਦੇ ਹੋਏ ਕਿਹਾ ਕਿ 11 ਨਵੰਬਰ ਨੂੰ ਉਨ੍ਹਾਂ ਦੇ ਸਮਰਥਨ ਨਾਲ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੀ ਅਗਵਾਈ ਹੇਠ ਤਰਨ ਤਾਰਨ ਦੇ ਵਿਕਾਸ ਦੀ ਗਤੀ ਕਈ ਗੁਣਾਂ ਵਧੇਗੀ।

## ਫ਼ਰੀਦਕੋਟ ਪੁਲਿਸ ਨੇ ਜਗਮਨ ਸਮਰਾ ਦਾ ਅਦਾਲਤ ਤੋਂ ਜਾਰੀ ਕਰਵਾਇਆ ਗ੍ਰਿਫ਼ਤਾਰੀ ਵਾਰੰਟ

**ਫ਼ਰੀਦਕੋਟ:** ਇਥੋਂ ਦੀ ਥਾਣਾ ਸ਼ਹਿਰੀ ਪੁਲਿਸ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਇਤਰਾਜ਼ਯੋਗ ਵੀਡੀਓ ਵਾਇਰਲ ਕਰਕੇ ਚਰਚਾ 'ਚ ਆਏ ਜ਼ਿਲ੍ਹਾ ਸੰਗਰੂਰ ਦੇ ਪਿੰਡ ਫ਼ੱਗੂਵਾਲਾ (ਹਾਲ ਆਬਾਦ ਕੈਨੇਡਾ) ਜਗਮਨਦੀਪ ਸਿੰਘ ਉਰਫ਼ ਜਗਮਨ ਸਮਰਾ ਦਾ ਫ਼ਰੀਦਕੋਟ ਅਦਾਲਤ ਤੋਂ ਗ੍ਰਿਫ਼ਤਾਰੀ ਵਾਰੰਟ ਜਾਰੀ ਕਰਵਾਇਆ ਹੈ। ਇਸ ਕੇਸ ਦੀ ਸੁਣਵਾਈ 28 ਅਕਤੂਬਰ ਨੂੰ ਹੋਣੀ ਹੈ। ਕਥਿਤ ਦੋਸ਼ੀ ਜਗਮਨ ਸਮਰਾ 1 ਫ਼ਰਵਰੀ, 2022 ਨੂੰ ਫ਼ਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਵਿਚੋਂ ਜੇਲ੍ਹ ਕਰਮਚਾਰੀਆਂ ਨੂੰ ਚਕਮਾ ਦੇ ਕੇ ਫ਼ਰਾਰ ਹੋ ਗਿਆ ਸੀ । ਉਸ ਨੂੰ ਕੇਂਦਰੀ ਮਾਡਰਨ ਜੇਲ੍ਹ ਤੋਂ ਬਿਮਾਰ ਹੋਣ ਕਾਰਨ ਇਲਾਜ ਲਈ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਸੀ। ਫ਼ਰਾਰ ਹੋਣ ਤੋਂ ਬਾਅਦ ਜੇਲ੍ਹ ਪ੍ਰਸ਼ਾਸਨ ਦੀ ਸ਼ਿਕਾਇਤ 'ਤੇ ਪੁਲਿਸ ਨੇ ਥਾਣਾ ਸ਼ਹਿਰੀ ਫ਼ਰੀਦਕੋਟ ਵਿਚ ਕੇਸ ਦਰਜ ਕੀਤਾ ਸੀ, ਜਿਸ ਵਿਚ ਹੁਣ ਪੁਲਿਸ ਨੇ ਵਾਰੰਟ ਜਾਰੀ ਕਰਵਾਇਆ ਹੈ। ਪੁਲਿਸ ਮੁਤਾਬਿਕ ਜਗਮਨ ਸਮਰਾ ਖ਼ਿਲਾਫ਼ 28 ਨਵੰਬਰ, 2020 ਨੂੰ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਥਾਣਾ ਤਲਵੰਡੀ ਭਾਈ ਵਿਖੇ ਧੋਖਾਧੜੀ ਦਾ ਮਾਮਲਾ ਦਰਜ ਹੋਇਆ ਸੀ। ਇਸ ਕੇਸ ਵਿਚ ਗ੍ਰਿਫ਼ਤਾਰੀ ਤੋਂ ਬਾਅਦ ਉਸ ਨੂੰ ਫ਼ਰੀਦਕੋਟ ਦੀ ਕੇਂਦਰੀ ਜੇਲ੍ਹ ਵਿਚ ਰੱਖਿਆ ਗਿਆ ਸੀ। ਜੇਲ੍ਹ 'ਚ ਬਿਮਾਰ ਹੋਣ ਕਾਰਨ ਉਸ ਨੂੰ 23 ਦਸੰਬਰ, 2021 ਨੂੰ ਇਲਾਜ ਲਈ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਸੀ, ਜਿਥੋਂ ਇਹ ਜੇਲ੍ਹ ਕਰਮਚਾਰੀਆਂ ਨੂੰ ਚਕਮਾ ਦੇ ਕੇ ਫ਼ਰਾਰ ਹੋ ਗਿਆ ਅਤੇ ਬਾਅਦ 'ਚ ਉਹ ਦੁਬਾਰਾ ਕੈਨੇਡਾ ਵਾਪਸ ਚਲਾ ਗਿਆ।



## ਪਾਕਿ ਦਾ ਜਨਤਕ ਕਰਜ਼ਾ ਵਿੱਤੀ ਸਾਲ 2025 'ਚ 13 ਫ਼ੀਸਦੀ ਵਧ ਕੇ 80.5 ਖਰਬ ਹੋਇਆ

**ਅੰਮ੍ਰਿਤਸਰ:** ਪਾਕਿਸਤਾਨ ਦੇ ਵਿੱਤ ਮੰਤਰਾਲੇ ਵਲੋਂ ਵਿੱਤੀ ਅਨੁਸ਼ਾਸਨ ਅਤੇ ਕਿਰਿਆਸ਼ੀਲ ਕਰਜ਼ਾ ਪ੍ਰਬੰਧਨ ਰਣਨੀਤੀਆਂ ਰਾਹੀਂ ਵਾਧੇ ਨੂੰ ਸੰਭਾਲਣ ਦੇ ਯਤਨਾਂ ਦੇ ਬਾਵਜੂਦ ਪਾਕਿ ਦਾ ਕੁੱਲ ਜਨਤਕ ਕਰਜ਼ਾ 2025 'ਚ 13 ਫ਼ੀਸਦੀ ਵਧ ਕੇ 80.5 ਖਰਬ ਰੁਪਏ ਤੱਕ ਪਹੁੰਚ ਗਿਆ ਹੈ। ਵਿੱਤ ਮੰਤਰਾਲੇ ਦੀ ਵਿੱਤੀ ਸਾਲ 2025 ਲਈ ਸਾਲਾਨਾ ਕਰਜ਼ਾ ਸਮੀਖਿਆ ਤੋਂ ਪਤਾ ਲੱਗਾ ਹੈ ਕਿ ਪਾਕਿ ਦਾ ਘਰੇਲੂ ਕਰਜ਼ਾ 54.5 ਖਰਬ ਰੁਪਏ ਹੈ, ਜੋ ਕਿ ਕੁੱਲ ਦਾ 68 ਫ਼ੀਸਦੀ ਹੈ, ਜਦੋਂਕਿ ਬਾਹਰੀ ਕਰਜ਼ਾ 26 ਖਰਬ ਰੁਪਏ (32 ਫ਼ੀਸਦੀ) ਹੈ। ਬਾਹਰੀ ਕਰਜ਼ੇ ਦੇ ਵੇਰਵੇ ਤੋਂ ਪਤਾ ਚੱਲਦਾ ਹੈ ਕਿ ਬਹੁਪੱਖੀ ਕਰਜ਼ੇ, ਜਿਸ 'ਚ ਆਈ. ਐੱਮ. ਐੱਫ. ਦੇ ਕਰਜ਼ੇ ਵੀ ਸ਼ਾਮਿਲ ਹਨ, ਕੁੱਲਦਾ 57 ਫ਼ੀਸਦੀ ਬਣਦੇ ਹਨ, ਜਦੋਂਕਿ ਦੁਵੱਲੇ ਕਰਜ਼ੇ 26 ਫ਼ੀਸਦੀ ਹਨ ਅਤੇ ਬਾਕੀ ਵਪਾਰਕ ਕਰਜ਼ੇ ਹਨ।




ਇਹ ਬਹੁਪੱਖੀ ਅਤੇ ਦੁਵੱਲੇ ਕਰਜ਼ੇ ਆਮ ਤੌਰ 'ਤੇ ਰਿਆਇਤੀ ਦਰਾਂ ਦੇ ਨਾਲ ਲੰਬੇ ਸਮੇਂ ਦੇ ਹੁੰਦੇ ਹਨ, ਜੋ ਪੁਨਰ ਵਿੱਤੀ ਅਤੇ ਵਿਆਜ ਦਰਾਂ ਵਿਚ ਤਬਦੀਲੀਆਂ ਨਾਲ ਜੁੜੇ ਜੋਖਮਾਂ ਨੂੰ ਘਟਾਉਂਦੇ ਹਨ। ਪਾਕਿ ਦੇ ਸੰਘੀ ਵਿੱਤ ਮੰਤਰਾਲੇ ਨੇ ਵਿਆਜ ਭੁਗਤਾਨਾਂ 'ਚ 850 ਅਰਬ ਰੁਪਏ ਦੀ ਬੱਚਤ ਨੂੰ ਵੀ ਉਜਾਗਰ ਕੀਤਾ ਹੈ। ਮੈਕਰੋ-ਆਰਥਿਕ ਮੋਰਚੇ 'ਤੇ ਪਾਕਿ ਨੇ ਵਿੱਤੀ ਸਾਲ 2025 'ਚ 2.7 ਫ਼ੀਸਦੀ ਦੀ ਵਿਕਾਸ ਦਰ ਪ੍ਰਾਪਤ ਕੀਤੀ, ਜਿਸ ਵਿਚ ਮੁਦਰਾ ਸਫੀਤੀ ਪਿਛਲੇ ਸਾਲ ਦੇ 23.8 ਫ਼ੀਸਦੀ ਦੇ ਮੁਕਾਬਲੇ ਕਾਫ਼ੀ ਘੱਟ ਕੇ 4.6 ਫ਼ੀਸਦੀ ਹੋ ਗਈ। ਵਿੱਤ ਮੰਤਰਾਲੇ ਦੀ ਰਿਪੋਰਟ ਵਿਚ ਥੋੜ੍ਹੇ ਸਮੇਂ ਦੇ ਖ਼ਜ਼ਾਨਾ ਬਿੱਲਾਂ 'ਚ ਗਿਰਾਵਟ ਦਾ ਜ਼ਿਕਰ ਕੀਤਾ। ਗਿਆ ਹੈ, ਜਿਸ ਦੇ ਨਾਲ ਲੰਬੇ ਸਮੇਂ ਦੇ ਬਾਂਡਾਂ ਵਿੱਚ ਵੀ ਵਾਧਾ ਹੋਇਆ ਹੈ।

## ਪੰਜਾਬ ਯੂਨੀਵਰਸਿਟੀ ਵਲੋਂ 350 ਸਾਲਾ ਸ਼ਹੀਦੀ ਸ਼ਤਾਬਦੀ ਸੰਬੰਧੀ ਸੈਮੀਨਾਰ ਰੋਕਣਾ ਨਿੰਦਣਯੋਗ: ਧਾਮੀ

**ਇਹ ਬਹੁਤ ਚਿੰਤਾਜਨਕ ਗੱਲ ਹੈ ਕਿ ਪੰਜਾਬ ਦੀ ਧਰਤੀ 'ਤੇ ਬਣੀ ਪੰਜਾਬ ਯੂਨੀਵਰਸਿਟੀ ਵਿਚ ਸਿੱਖ ਵਿਦਵਾਨਾਂ ਅਤੇ ਵਿਚਾਰਕਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।**

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਲੋਂ ਵਿਦਿਆਰਥੀ ਜਥੇਬੰਦੀ ਸੱਥ ਦੇ ਯੂਨੀਵਰਸਿਟੀ ਵਿਖੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕਰਵਾਏ ਜਾ ਰਹੇ ਸੈਮੀਨਾਰ ਨੂੰ ਰੋਕਣ ਦੀ ਹਰਕਤ ਦਾ ਨੋਟਿਸ ਲੈਂਦਿਆਂ ਇਸਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਜਾਰੀ ਬਿਆਨ ਵਿਚ ਪ੍ਰਧਾਨ ਧਾਮੀ ਨੇ ਕਿਹਾ ਕਿ ਇਹ ਬਹੁਤ ਚਿੰਤਾਜਨਕ ਗੱਲ ਹੈ ਕਿ ਪੰਜਾਬ ਦੀ ਧਰਤੀ 'ਤੇ ਬਣੀ ਪੰਜਾਬ ਯੂਨੀਵਰਸਿਟੀ ਵਿਚ ਸਿੱਖ ਵਿਦਵਾਨਾਂ ਅਤੇ ਵਿਚਾਰਕਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਯੂਨੀਵਰਸਿਟੀ ਦੇ ਉਪ-ਕੁਲਪਤੀ ਤੇ ਡੀਨ ਵਿਦਿਆਰਥੀ ਭਲਾਈ ਤੋਂ ਇਸ ਮਾਮਲੇ ਵਿਚ ਸਪੱਸ਼ਟੀਕਰਨ ਦੀ ਮੰਗ ਕਰਦਿਆਂ ਕੇਂਦਰ ਤੇ ਪੰਜਾਬ ਸਰਕਾਰਾਂ ਨੂੰ ਕਿਹਾ ਕਿ ਉਹ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ । ਉਨਾਂ ਕਿਹਾ ਕਿ ਇਸ ਮਾਮਲੇ ਦੀ ਸ਼੍ਰੋਮਣੀ ਕਮੇਟੀ ਆਪਣੇ ਪੱਧਰ 'ਤੇ ਜਾਂਚ ਕਰਵਾ ਕੇ ਕਾਰਵਾਈ ਕਰੇਗੀ।



## ਅਮਰੀਕਾ ਦਾ ਹੈਲੀਕਾਪਟਰ ਤੇ ਜੰਗੀ ਜਹਾਜ਼ ਹਾਦਸਾਗ੍ਰਸਤ

**ਵਾਸ਼ਿੰਗਟਨ:** ਅਮਰੀਕੀ ਜਲ ਸੈਨਾ ਦੇ ਜੰਗੀ ਬੇੜੇ ਯੂਐੱਸਐੱਸ ਨਿਮਿਤਜ਼ ਤੋਂ ਉਡਾਣ ਭਰਨ ਵਾਲੇ ਜੰਗੀ ਜੈੱਟ ਤੇ ਹੈਲੀਕਾਪਟਰ 30 ਮਿੰਟ ਦੇ ਫ਼ਰਕ ਨਾਲ ਦੱਖਣੀ ਚੀਨ ਸਾਗਰ 'ਚ ਹਾਦਸੇ ਦਾ ਸ਼ਿਕਾਰ ਹੋ ਗਏ। ਨੇਵੀ ਦੇ ਪ੍ਰਸ਼ਾਂਤ ਬੇੜੇ ਨੇ ਕਿਹਾ ਕਿ ਐੱਮਐੱਚ-60 ਆਰਸੀ ਹਾਸ



ਹੈਲੀਕਾਪਟਰ ਦੇ ਤਿੰਨ ਚਾਲਕ ਦਲ ਦੇ ਮੈਂਬਰਾਂ ਨੂੰ ਐਤਵਾਰ ਦੁਪਹਿਰ ਬਚਾ ਲਿਆ ਗਿਆ ਤੇ ਐੱਫ/ਏ-18 ਐੱਫ ਸੁਪਰ ਹਾਰਨੇਟ ਜੰਗੀ ਜੈੱਟ 'ਚ ਸਵਾਰ ਦੋ ਪਾਇਲਟ ਹਵਾਈ ਜਹਾਜ਼ ਤੋਂ ਬਾਹਰ ਨਿਕਲ ਗਏ ਤੇ ਉਨ੍ਹਾਂ ਨੂੰ ਵੀ ਸੁਰੱਖਿਅਤ ਬਚਾਅ ਲਿਆ ਗਿਆ। ਪੰਜੇ ਸੁਰੱਖਿਅਤ ਤੇ ਸਥਿਰਤ ਹਾਲਤ 'ਚ ਹਨ। ਦੋਵਾਂ ਹਾਦਸਿਆਂ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

## ਵਿਧਾਇਕ ਲਾਲਪੁਰਾ ਨੂੰ ਹਾਈਕੋਰਟ ਤੋਂ ਨਹੀਂ ਮਿਲੀ ਰਾਹਤ

**ਚੰਡੀਗੜ੍ਹ:** ਵਿਧਾਇਕ ਲਾਲਪੁਰਾ ਨੂੰ ਹਾਈਕੋਰਟ ਤੋਂ ਰਾਹਤ ਨਹੀਂ ਮਿਲੀ ਹੈ। ਹਾਈਕੋਰਟ ਫਿਲਹਾਲ ਐਮ ਐਲ ਏ ਮਨਜਿੰਦਰ ਸਿੰਘ ਲਾਲਪੁਰਾ ਦੀ ਸਜ਼ਾ ਉਤੇ ਰੋਕ ਲਗਾਉਣ ਤੋਂ ਇਨਕਾਰ ਕਰ ਦਿੱਤਾ ਹੈ। ਹੁਣ ਕੇਸ ਦੀ ਅਗਲੀ ਸੁਣਵਾਈ 18 ਨਵੰਬਰ ਨੂੰ ਹੋਵੇਗੀ। ਅਦਾਲਤ ਨੇ ਅਗਲੀ ਸੁਣਵਾਈ 'ਤੇ ਮਾਮਲੇ ਦਾ ਪੂਰਾ ਰਿਕਾਰਡ ਪੇਸ਼ ਕਰਨ ਦਾ ਵੀ ਹੁਕਮ ਦਿੱਤਾ ਹੈ। ਹੇਠਲੀ ਅਦਾਲਤ ਰਿਕਾਰਡ ਭੇਜੇਗੀ। ਖਡੂਰ ਸਾਹਿਬ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੂੰ ਤਰਨਤਾਰਨ ਦੀ ਇੱਕ ਅਦਾਲਤ ਨੇ ਚਾਰ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਵਿਧਾਇਕ ਨੇ ਆਪਣੀ ਸਜ਼ਾ 'ਤੇ ਰੋਕ ਲਗਾਉਣ ਲਈ ਹਾਈ ਕੋਰਟ ਵਿੱਚ ਅਪੀਲ ਕੀਤੀ ਸੀ, ਜਿਸਦੀ ਸੁਣਵਾਈ ਅੱਜ ਹੋਈ। ਪਿਛਲੀ ਸੁਣਵਾਈ ਦੌਰਾਨ, ਲਾਲਪੁਰਾ ਦੇ ਵਕੀਲ ਨੇ ਦਲੀਲ ਦਿੱਤੀ ਸੀ ਕਿ ਜੇਕਰ ਉਨ੍ਹਾਂ ਦੀ ਸਜ਼ਾ 'ਤੇ ਰੋਕ ਨਹੀਂ ਲਗਾਈ ਗਈ, ਤਾਂ ਉਹ ਵਿਧਾਨ ਸਭਾ ਵਿੱਚ ਆਪਣੀ ਮੈਂਬਰਸ਼ਿਪ ਗੁਆ ਸਕਦੇ ਹਨ।

ਸ਼ਿਕਾਇਤਕਰਤਾ ਦੇ ਵਕੀਲਾਂ, ਗੁਰਵਿੰਦਰ ਸਿੰਘ ਅਤੇ ਅਮਿਤ ਧਵਨ ਨੇ ਕਿਹਾ, "ਅਸੀਂ ਅੱਜ ਹਾਈ ਕੋਰਟ ਵਿੱਚ ਆਪਣਾ ਪੱਖ ਪੇਸ਼ ਕੀਤਾ ਕਿ ਕਿਉਂਕਿ ਸਜ਼ਾ ਦਾ ਐਲਾਨ ਹੋ ਗਿਆ ਹੈ, ਇਸ ਲਈ ਵਿਧਾਇਕ ਦੀ ਸੀਟ ਖਾਲੀ ਕਰ ਦਿੱਤੀ ਜਾਣੀ ਚਾਹੀਦੀ ਹੈ।" ਉਨ੍ਹਾਂ ਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਉਨ੍ਹਾਂ ਨੂੰ ਚਾਰ ਸਾਲ ਦੀ ਸਜ਼ਾ ਸੁਣਾਈ ਗਈ ਹੈ ਅਤੇ ਉਸ ਤੋਂ ਬਾਅਦ ਛੇ ਸਾਲਾਂ ਤੱਕ ਉਹ ਚੋਣ ਨਹੀਂ ਲੜ ਸਕਣਗੇ, ਇਸ ਲਈ ਉਨ੍ਹਾਂ ਦੀ ਸਜ਼ਾ ਮੁਅੱਤਲ ਕਰ ਦਿੱਤੀ ਜਾਣੀ ਚਾਹੀਦੀ ਹੈ। ਹਾਲਾਂਕਿ, ਅਦਾਲਤ ਨੇ ਸਵਾਲ ਕੀਤਾ ਕਿ ਕੀ ਕੋਈ ਐਮਰਜੈਂਸੀ ਸੀ। ਜੇਕਰ ਨਹੀਂ, ਤਾਂ ਅੱਜ ਸਜ਼ਾ 'ਤੇ ਰੋਕ ਨਹੀਂ ਲਗਾਈ ਜਾ ਸਕਦੀ। ਮਾਮਲੇ ਦੀ ਅਗਲੀ ਸੁਣਵਾਈ 18 ਨਵੰਬਰ ਨੂੰ ਹੋਵੇਗੀ।ਕਾਬਲੇ ਗੌਰ ਹੈ ਕਿ ਆਮ ਆਦਮੀ ਪਾਰਟੀ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੂੰ ਅਦਾਲਤ ਨੇ ਚਾਰ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਸੀ। 10 ਸਤੰਬਰ ਨੂੰ, ਅਦਾਲਤ ਨੇ ਖਡੂਰ ਸਾਹਿਬ ਵਿਧਾਨ ਸਭਾ ਹਲਕੇ ਦੇ ਵਿਧਾਇਕ ਨੂੰ ਇੱਕ ਔਰਤ ਨਾਲ ਮਾਰਕੁੱਟ, ਛੇੜਛਾੜ ਅਤੇ ਹਮਲੇ ਦੇ 12 ਸਾਲ ਪੁਰਾਣੇ ਮਾਮਲੇ ਵਿੱਚ ਦੋਸ਼ੀ ਪਾਇਆ। ਅਦਾਲਤ ਦੇ ਫੈਸਲੇ ਤੋਂ ਬਾਅਦ, ਵਿਧਾਇਕ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਅਦਾਲਤ ਨੇ 12 ਸਤੰਬਰ ਨੂੰ ਆਪਣਾ ਫੈਸਲਾ ਸੁਣਾਇਆ। ਲਾਲਪੁਰਾ ਦੇ ਨਾਲ, 10 ਹੋਰ ਲੋਕਾਂ ਨੂੰ ਦੋਸ਼ੀ ਠਹਿਰਾਇਆ ਗਿਆ ਸੀ।



### ਕੀ ਸੀ ਮਾਮਲਾ?

3 ਮਾਰਚ, 2013 ਨੂੰ, ਪੀੜਤਾ 'ਤੇ ਕੁਝ ਪੁਲਿਸ ਮੁਲਾਜ਼ਮਾਂ, ਮਨਜਿੰਦਰ ਸਿੰਘ ਲਾਲਪੁਰਾ ਅਤੇ ਹੋਰ ਦੋਸ਼ੀਆਂ ਨੇ ਗੋਇੰਦਵਾਲ ਸਾਹਿਬ, ਤਰਨਤਾਰਨ ਵਿੱਚ ਇੱਕ ਵਿਆਹ ਸਮਾਰੋਹ ਵਿੱਚ ਹਮਲਾ ਕੀਤਾ ਸੀ। ਮਨਜਿੰਦਰ ਸਿੰਘ, ਅੱਠ ਪੁਲਿਸ ਮੁਲਾਜ਼ਮਾਂ ਅਤੇ ਤਿੰਨ ਹੋਰਾਂ ਵਿਰੁੱਧ ਧਾਰਾ 354 (ਔਰਤ ਦੀ ਨਿਮਰਤਾ ਨੂੰ ਠੇਸ ਪਹੁੰਚਾਉਣ ਦੇ ਇਰਾਦੇ ਨਾਲ ਹਮਲਾ ਜਾਂ ਅਪਰਾਧਿਕ ਜ਼ਬਰਦਸਤੀ), 323 (ਸਵੈਇੱਛਤ ਤੌਰ 'ਤੇ ਸੱਟ ਪਹੁੰਚਾਉਣ ਦੀ 506 ਧਾਰਾ ਭਾਰਤੀ ਦੰਡਾਵਲੀ ਦੀ ਧਾਰਾ 148, 149, ਤਹਿਤ ਮਾਮਲਾ ਦਰਜ ਕੀਤਾ ਗਿਆ ਸੀ।

### ਘਟਨਾ ਸਮੇਂ ਲਾਲਪੁਰਾ ਟੈਕਸੀ ਡਰਾਈਵਰ ਸੀ

ਪੀੜਤਾ ਦੇ ਵਕੀਲ ਅਨੁਸਾਰ, ਜਦੋਂ ਇਹ ਘਟਨਾ ਵਾਪਰੀ ਤਾਂ ਮਨਜਿੰਦਰ ਸਿੰਘ ਲਾਲਪੁਰਾ ਟੈਕਸੀ ਡਰਾਈਵਰ ਸੀ। 2022 ਵਿੱਚ, 'ਆਪ' ਨੇ ਤਰਨਤਾਰਨ ਦੀ ਖਡੂਰ ਸਾਹਿਬ ਸੀਟ ਤੋਂ ਲਾਲਪੁਰਾ ਨੂੰ ਚੋਣ ਮੈਦਾਨ ਵਿੱਚ ਉਤਾਰਿਆ, ਕਾਂਗਰ ਪਾਰਟੀ ਨੂੰ 55,756 ਵੋਟਾਂ ਦੇ ਫਰਕ ਨਾਲ ਹਰਾਇਆ।

# ਪੰਜਾਬ ਟਾਈਮਜ਼

*1 ਨਵੰਬਰ, ਸ਼ਨਿਚਰਵਾਰ*

## ਵਪਾਰ ਸਮਝੌਤਿਆਂ ਦਾ ਸੱਚ

*ਕੀ ਭਾਰਤ ਨੇ ਯੂਰਪੀਨ ਵਪਾਰ ਸਮਝੌਤੇ ਰਾਹੀਂ ਦੇਸ਼ ਦੇ ਆਮ ਲੋਕਾਂ ਲਈ ਖੁਸ਼ਹਾਲੀ ਦਾ ਇਕ ਹੋਰ ਦਰਵਾਜ਼ਾ ਖੋਲ੍ਹ ਦਿੱਤਾ ਹੈ? ਸਮਝੌਤੇ ਦਾ ਵਿਸਥਾਰ ਇਹ ਹੈ ਕਿ ਭਾਰਤ ਨੇ ਪ੍ਰਤੀ ਵਿਅਕਤੀ 1,00,000 ਅਮਰੀਕੀ ਡਾਲਰ ਤੋਂ ਵੱਧ ਆਮਦਨ ਵਾਲੇ ਯੂਰਪੀਅਨ ਦੇਸ਼ਾਂ ਦੇ ਇਕ ਕਾਰਪੋਰੇਟ ਸਮੂਹ ਨਾਲ ਨਵਾਂ ਵਪਾਰ ਸਮਝੌਤਾ ਕੀਤਾ ਹੈ। ਦਾਅਵਾ ਕੀਤਾ ਗਿਆ ਹੈ ਕਿ ਇਸ ਨਾਲ ਭਾਰਤੀ ਕਿਸਾਨਾਂ, ਮਛੇਰਿਆਂ, ਛੋਟੀਆਂ ਅਤੇ ਦਰਮਿਆਨੀਆਂ ਫਰਮਾਂ ਲਈ ਇਕ ਲਾਭਦਾਇਕ ਬਾਜ਼ਾਰ ਤੱਕ ਪਹੁੰਚ ਦਾ ਰਾਹ ਖੁੱਲ੍ਹ ਗਿਆ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਵਿਕਸਿਤ ਭਾਰਤ 2047 ਮਿਸ਼ਨ ਨੂੰ ਹੁਲਾਰਾ ਮਿਲੇਗਾ।*

*'ਯੂਰਪੀ ਮੁਕਤ ਵਪਾਰ ਸੰਘ' ਜਿਸ ਵਿੱਚ ਸਵਿਟਜ਼ਰਲੈਂਡ, ਨਾਰਵੇ ਆਦਿ ਦੇਸ਼ ਸ਼ਾਮਿਲ ਹਨ, ਨਾਲ ਹੋਇਆ ਇਹ ਵਪਾਰ ਅਤੇ ਆਰਥਿਕ ਸਾਂਝੇਦਾਰੀ ਦਾ ਸਮਝੌਤਾ ਇਕ ਇਤਿਹਾਸਕ ਕਦਮ ਸਮਝਿਆ ਜਾ ਰਿਹਾ ਹੈ। ਇਹ ਸਮਝੌਤਾ ਪਹਿਲੀ ਅਕਤੂਬਰ ਤੋਂ ਲਾਗੂ ਹੋ ਗਿਆ ਹੈ। ਈ.ਐੱਫ.ਟੀ.ਏ. ਦੇ ਮੈਂਬਰ ਦੇਸ਼ਾਂ ਨੇ ਭਾਰਤ ਵਿਚ 15 ਵਰ੍ਹਿਆਂ 'ਚ 100 ਬਿਲੀਅਨ ਅਮਰੀਕੀ ਡਾਲਰ ਦੇ ਨਿਵੇਸ਼ ਦਾ ਸੰਕਲਪ ਲਿਆ ਹੈ। ਇਸ ਸਮਝੌਤੇ ਜ਼ਰੀਏ ਈ.ਐੱਫ.ਟੀ.ਏ. ਦੇ ਮੈਂਬਰ ਦੇਸ਼ਾਂ ਦੀਆਂ ਸਰਕਾਰਾਂ ਭਾਰਤ ਵਿਚ ਨਿਵੇਸ਼ ਨੂੰ ਹੁਲਾਰਾ ਦੇਣਗੀਆਂ, ਘੱਟ ਤੋਂ ਘੱਟ 10 ਲੱਖ ਰੁਜ਼ਗਾਰ ਸਿਰਜਣਗੀਆਂ ਤੇ ਪ੍ਰਧਾਨ ਮੰਤਰੀ ਮੋਦੀ ਦੇ 'ਮੇਕ ਇਨ ਇੰਡੀਆ' ਮਿਸ਼ਨ ਨੂੰ ਗਤੀ ਪ੍ਰਦਾਨ ਕਰਨਗੀਆਂ।*

*ਮੋਦੀ ਸਰਕਾਰ ਨੇ ਅਤੀਤ ਦੀ ਝਿਜਕ ਨੂੰ ਛੱਡ ਕੇ 'ਮੁਕਤ ਵਪਾਰ ਸਮਝੌਤਿਆਂ (ਐੱਫ.ਟੀ.ਏ.) ਨੂੰ ਅਪਣਾਇਆ ਹੈ। ਇਹ ਸਮਝੌਤੇ ਸਾਡੇ ਉਤਪਾਦਾਂ ਅਤੇ ਸੇਵਾਵਾਂ ਨੂੰ ਪ੍ਰੀਮੀਅਮ ਤੇ ਵਿਕਸਿਤ ਬਾਜ਼ਾਰਾਂ 'ਚ ਪਹੁੰਚਾਉਂਦੇ ਹਨ। ਇਹ ਸਮਝੌਤੇ ਨਾ ਸਿਰਫ਼ ਨਵੇਂ ਦਰਵਾਜ਼ੇ ਖੋਲ੍ਹਦੇ ਹਨ, ਸਗੋਂ ਸਾਡੇ ਉਦਯੋਗਾਂ ਨੂੰ ਸਸ਼ਕਤ ਬਣਾਉਣ ਅਤੇ ਸਾਨੂੰ ਅੱਗੇ ਵਧਣ 'ਚ ਮਦਦ ਕਰਨ ਵਾਲੇ ਮੁਕਾਬਲਿਆਂ ਅਤੇ ਗੁਣਵੱਤਾ ਦਾ ਸੰਚਾਰ ਵੀ ਕਰਦੇ ਹਨ। ਭਾਰਤ ਨੇ ਜਿੱਥੇ ਜੁਲਾਈ 2025 ਵਿਚ ਬਰਤਾਨੀਆ ਨਾਲ ਇਕ ਇਤਿਹਾਸਕ ਸਮਝੌਤਾ ਕੀਤਾ, ਉੱਥੇ ਯੂਰਪੀ ਸੰਘ ਨਾਲ ਗੱਲਬਾਤ ਵੀ ਚੰਗੀ ਤਰ੍ਹਾਂ ਅੱਗੇ ਵਧੀ ਹੈ। ਇਸ ਤੋਂ ਇਲਾਵਾ ਆਸਟ੍ਰੇਲੀਆ ਅਤੇ ਸੰਯੁਕਤ ਅਰਬ ਅਮੀਰਾਤ ਨਾਲ ਵੀ ਸਮਝੌਤੇ ਹੋਏ ਹਨ। ਮੁਕਤ ਵਪਾਰ ਦਾ ਇਹ ਸਿਲਸਲਾ 11 ਵਰ੍ਹੇ ਪਹਿਲਾਂ ਸ਼ੁਰੂ ਹੋਇਆ, ਜਦੋਂ ਪ੍ਰਧਾਨ ਮੰਤਰੀ ਮੋਦੀ ਨੇ ਅਰਥ-ਵਿਵਸਥਾ ਨੂੰ ਕੁਝ ਵੱਡੇ ਪੂੰਜੀਪਤੀਆਂ ਕੋਲ ਕੇਂਦਰਿਤ ਕਰਨ ਦਾ ਯਤਨ ਆਰੰਭ ਕੀਤਾ। ਉਤਪਾਦਨ ਆਧਾਰਿਤ ਪ੍ਰੋਤਸਾਹਨ (ਪੀ.ਐੱਲ.ਆਈ.) ਯੋਜਨਾ ਨੇ ਮਾਰਚ 2025 ਤੱਕ ਕੁੱਲ 1.76 ਲੱਖ ਕਰੋੜ ਰੁਪਏ ਦਾ ਨਿਵੇਸ਼ ਆਕਰਸ਼ਿਤ ਕੀਤਾ ਹੈ, ਜਿਸ ਨਾਲ 12 ਲੱਖ ਤੋਂ ਵੱਧ ਨੌਕਰੀਆਂ ਪੈਦਾ ਹੋਈਆਂ ਦੱਸੀਆਂ ਗਈਆਂ ਹਨ। ਕਿਹਾ ਜਾ ਰਿਹਾ ਹੈ ਕਿ ਇਹ ਸਮਝੌਤੇ ਸਾਡੀ ਡਿਜੀਟਲ ਰੀੜ੍ਹ ਜਨ-ਧਨ, ਯੂ.ਪੀ.ਆਈ. ਅਤੇ ਟ੍ਰੇਡ ਕਨੈਕਟ ਦੇਸ਼ ਮੌਕਿਆਂ ਦਾ ਲੋਕਤੰਤਰੀਕਰਨ ਹੈ ਅਤੇ ਇਨ੍ਹਾਂ ਨੇ ਛੇ ਵਰ੍ਹਿਆਂ 'ਚ ਕੁੱਲ 12,000 ਲੱਖ ਕਰੋੜ ਰੁਪਏ ਮੁੱਲ ਦੇ 65,000 ਕਰੋੜ ਦੇ ਲੈਣ-ਦੇਣ ਨੂੰ ਸੰਭਵ ਬਣਾਇਆ ਹੈ। ਇਨ੍ਹਾਂ ਨਾਲ ਕਿਸਾਨਾਂ, ਮਛੇਰਿਆਂ ਦੇ ਕਿਤਿਆਂ, ਪ੍ਰਤੱਖ ਵਿਦੇਸ਼ੀ ਨਿਵੇਸ਼ (ਐੱਫ.ਡੀ.ਆਈ.) ਦੇ ਇਲਾਵਾ ਕੱਪੜੇ, ਤੇ ਗਹਿਣੇ ਜਿਹੇ ਕਿਰਤ-ਪ੍ਰਧਾਨ ਖੇਤਰ ਨਾਲ ਜੁੜੇ ਨਿਰਯਾਤ ਵਿਚ ਵੀ ਤੇਜ਼ੀ ਆਵੇਗੀ। ਇਸ ਨਾਲ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ। ਈ.ਐੱਫ.ਟੀ.ਏ. ਦੇ ਖੁਸ਼ਹਾਲ ਉਪਭੋਗਤਾ ਸਾਡੇ ਖੇਤੀਬਾੜੀ ਉਤਪਾਦਾਂ, ਚਾਹ ਤੇ ਕੌਫੀ ਨੂੰ ਲੋਭਦੇ ਹਨ।*

*ਭਾਰਤ ਨੇ ਜਿੱਥੇ ਡੇਅਰੀ ਜਿਹੇ ਸੰਵੇਦਨਸ਼ੀਲ ਖੇਤਰਾਂ ਨੂੰ ਸੰਭਾਲਿਆ ਹੈ, ਉੱਥੇ ਚੌਲ, ਗੁਆਰਾ, ਦਾਲਾਂ, ਅੰਗੂਰ, ਅੰਬ, ਸਬਜ਼ੀਆਂ, ਬਾਜਰਾ ਅਤੇ ਕਾਜੂ ਦੇ ਵਪਾਰ ਨੂੰ ਮੌਕੇ ਪ੍ਰਦਾਨ ਕੀਤੇ ਹਨ। ਬਿਸਕੁਟ, ਕਨਫੈਕਸ਼ਨਰੀ, ਚੌਕਲੇਟ ਅਤੇ ਚਟਨੀ (ਸੌਸ) ਜਿਹੇ ਪ੍ਰੋਸੈੱਸਡ ਖ਼ੁਰਾਕ ਪਦਾਰਥਾਂ 'ਤੇ ਟੈਕਸ ਵਿਚ ਕਟੌਤੀ ਨਾਲ ਇਹ ਸੌਦਾ ਹੋਰ ਵੀ ਬਿਹਤਰ ਹੋ ਗਿਆ ਹੈ। ਮਛੇਰੇ ਇਸ ਗੱਲ ਤੋਂ ਖੁਸ਼ ਹਨ ਕਿ ਨਿਰਵਿਘਨ ਮਿਆਰੀ ਸਹਿਯੋਗ ਦੇ ਜ਼ਰੀਏ ਫ੍ਰੋਜ਼ਨ ਝੀਂਗਾ, ਪ੍ਰੌਸ ਅਤੇ ਸਕੁਇਡ ਦਾ ਨਿਰਯਾਤ ਵਧੇਗਾ। ਪੈਰਿਸ ਸਮਝੌਤੇ ਅਤੇ ਅੰਤਰਰਾਸ਼ਟਰੀ ਲੇਬਰ ਸੰਗਠਨ ਦੇ ਮੂਲ ਸਿਧਾਂਤਾਂ ਦੀ ਪੁਸ਼ਟੀ ਕਰਦੇ ਹੋਏ, ਇਹ ਜਲਵਾਯੂ ਸੰਬੰਧੀ ਕਾਰਵਾਈ, ਲਿੰਗ ਸਮਾਨਤਾ ਅਤੇ ਜੈਵ ਵਿਭਿੰਨਤਾ ਸੰਭਾਲ ਨਾਲ ਸੰਬੰਧਿਤ ਸਹਿਯੋਗ ਨੂੰ ਹੁਲਾਰਾ ਦਿੰਦਾ ਹੈ ਅਤੇ ਉਚਿਤ ਤਨਖ਼ਾਹ, ਸੁਰੱਖਿਅਤ ਰੁਜ਼ਗਾਰ ਅਤੇ ਇਕ ਹਰੀ-ਭਰੀ ਧਰਤੀ ਯਕੀਨੀ ਬਣਾਉਂਦਾ ਹੈ। ਤਕਨਾਲੌਜੀ ਦੇ ਆਦਾਨ-ਪ੍ਰਦਾਨ ਅਤੇ ਸਹਿਯੋਗ ਰਾਹੀਂ ਕਾਮਿਆਂ ਨੂੰ ਅੱਗੇ ਵਧਾਉਣਾ, ਅਸਮਾਨਤਾ ਨੂੰ ਘੱਟ ਕਰਨਾ ਹੈ ਅਤੇ ਬੱਚਿਆਂ ਲਈ ਖ਼ੁਸ਼ਹਾਲ ਭਵਿੱਖ ਨੂੰ ਯਕੀਨੀ ਬਣਾਉਣਾ ਸਾਡਾ ਟੀਚਾ ਹੋਣਾ ਚਾਹੀਦਾ ਹੈ। ਵਿਸ਼ਵ ਭਰ ਵਿੱਚ ਆਪਣੀ ਮੌਜੂਦਗੀ ਦਾ ਵਿਸਥਾਰ ਕਰਨਾ, ਸਿੱਖਿਆ ਤੇ ਡਿਜੀਟਲ ਕ੍ਰਾਂਤੀ ਰਾਹੀਂ ਸਵੈ ਨੂੰ ਸਮਰੱਥ ਬਣਾਉਣਾ ਅਤੇ ਇਕ ਟਿਕਾਊ ਭਵਿੱਖ ਦਾ ਨਿਰਮਾਣ ਕਰਨਾ। ਆਪਣੀ ਅਰਥ ਵਿਵਸਥਾ ਨੂੰ ਲੋਕਪੱਖੀ ਨਜ਼ਰੀਏ ਨਾਲ ਵਿਉਂਤਣਾ ਅਤੇ ਦੇਸ਼ ਨੂੰ ਵਣਜ, ਤਕਨਾਲੌਜੀ ਤੇ ਨਵੀਨਤਾ ਦੇ ਖੇਤਰ 'ਚ ਇਕ ਮੋਹਰੀ ਦੇਸ਼ ਦੇ ਰੂਪ ਵਿਚ ਮੁੜ-ਸਥਾਪਤ ਕਰਨਾ ਸਮੇਂ ਦੀ ਲੋੜ ਹੈ ਨਾ ਕਿ ਪੂੰਜੀਪਤੀਆਂ ਦੇ ਹਿਤਾਂ ਅਨੁਸਾਰ ਵਪਾਰ ਸਮਝੌਤਿਆਂ ਨੂੰ ਅੱਗੇ ਵਧਾਉਣਾ। ਦਾਅਵਿਆਂ ਅਤੇ ਹਕੀਕਤਾਂ ਵਿਚਲਾ ਪਾੜਾ ਹੌਲੀ ਹੌਲੀ ਸਾਡੀ ਅਰਥ-ਵਿਵਸਥਾ ਨੂੰ ਹੋਰ ਵੀ ਖੋਖਲਾ ਕਰ ਦੇਵੇਗਾ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਦੋ ਦੋ ਤਾਜਪੋਸ਼ੀਆਂ?

*ਸ਼੍ਰੋਮਣੀ ਗੁਲਾਮ ਹੋਈ ਵੱਡੇ ਘਰ ਵਾਲਿਆਂ ਦੀ,*
*ਤਦੇ ਗੱਲਾਂ ਹੋਈ ਜਾਣ ਆਏ ਦਿਨ ਹੋਛੀਆਂ।*
*ਕਿਸੇ ਨੂੰ ਬਣਾ ਦਿੰਦੇ ਨੇ ਅੱਧੀ ਰਾਤੀਂ ਜਥੇਦਾਰ,*
*ਲੋਈ ਹੀ ਉਤਾਰੀ ਹੋਈ ਕੌਮ ਦਿਆਂ ਦੋਸ਼ੀਆਂ।*
*ਫੂਲਾ ਸਿੰਘ ਵਾਲੀ ਪਦਵੀ ਦਾ ਹੁਣ ਹਾਲ ਦੇਖੋ,*
*ਕਿਵੇਂ 'ਜਥੇਦਾਰੀਆਂ' ਨੇ ਜਾਂਦੀਆਂ ਪਰੋਸੀਆਂ।*
*ਹੋਰ ਗੁੱਸਾ ਚੜ੍ਹਦਾ ਐ ਲੋਕਾਂ ਨੂੰ ਨਕਾਰਿਆਂ 'ਤੇ,*
*ਪੜ੍ਹ ਸੁਣ ਮੀਡੀਏ 'ਚ ਆਈਆਂ ਸਰਗੋਸ਼ੀਆਂ।*
*ਦੇਸੀ ਤੇ ਵਿਦੇਸ਼ੀ ਭਾਈ 'ਮੱਥੇ ਹੱਥ' ਮਾਰਦੇ ਐ,*
*ਪੰਥਕ ਹਾਲਾਤ ਦੇਖ ਆਉਂਦੀਆਂ ਨਮੋਸ਼ੀਆਂ।*
*ਬੁੱਧੀਜੀਵੀ ਤਬਕਾ ਵੀ ਦੇਖ ਪਰੇਸ਼ਾਨ ਹੋਇਆ,*
*ਇੱਕੋ ਸਿੰਘ ਸਾਹਬ ਦੀਆਂ ਦੋ ਦੋ ਤਾਜਪੋਸ਼ੀਆਂ!*

# ਵੰਸ਼ਵਾਦ ਅਰਥਾਤ ਪਰਿਵਾਰਵਾਦ ਦੀ ਵਧਦੀ ਵੇਲ

*ਉੱਤਰ ਤੋਂ ਲੈ ਕੇ ਦੱਖਣ ਤੱਕ ਰਾਜਨੀਤੀ ਵਿਚ ਪਰਿਵਾਰਿਕ ਮੈਂਬਰਾਂ ਦੀ ਸਿਆਸਤ ਨੂੰ ਪੂਰੀ ਤਰ੍ਹਾਂ ਪ੍ਰਵਾਨ ਕੀਤਾ ਜਾ ਚੁੱਕਾ ਹੈ। ਇਸ ਸੰਬੰਧੀ ਜਿੱਥੇ ਕਾਂਗਰਸ ਮੋਹਰੀ ਰੋਲ ਅਦਾ ਕਰ ਰਹੀ ਹੈ, ਉੱਥੇ ਭਾਜਪਾ ਵਿਚ ਵੰਸ਼ਵਾਦ ਦੀ ਵੇਲ ਵੱਧ-ਫੁੱਲ ਰਹੀ ਹੈ। ਅਸਲ ਵਿਚ ਤਾਂ ਮੌਜੂਦਾ ਦੌਰ 'ਚ ਇਹ ਨੇਤਾ ਸਿਆਸੀ ਪਾਰਟੀਆਂ ਨੂੰ ਆਪਣੀ ਜਗੀਰ ਸਮਝਦੇ ਹਨ। ਇਹ ਬਿਮਾਰੀ ਕਾਂਗਰਸ ਤੋਂ ਸ਼ੁਰੂ ਹੋਈ ਸੀ ਪਰ ਹੁਣ ਇਹ ਖੇਤਰੀ ਦਲਾਂ ਅਤੇ ਭਾਜਪਾ ਵਿਚ ਵੀ ਪੂਰੀ ਤਰ੍ਹਾਂ ਫੈਲ ਚੁੱਕੀ ਹੈ।*

ਕਦੇ ਦੇਸ਼ ਦੀ ਸਭ ਤੋਂ ਪੁਰਾਣੀ ਸਿਆਸੀ ਧਿਰ ਕਾਂਗਰਸ ਉੱਤੇ ਇਹ ਦੋਸ਼ ਲੱਗਦਾ ਸੀ ਕਿ ਇਹ ਪਰਿਵਾਰਵਾਦ ਵਿਚ ਪੂਰੀ ਤਰ੍ਹਾਂ ਜਕੜੀ ਹੋਈ ਹੈ। ਸਾਲ 2014 ਵਿਚ ਨਰਿੰਦਰ ਮੋਦੀ ਦੀ ਜਿੱਤ ਤੋਂ ਬਾਅਦ ਮੀਡੀਆ ਦੇ ਇੱਕ ਹਿੱਸੇ ਨੇ ਇਹ ਘੋਸ਼ਣਾ ਹੀ ਕਰ ਦਿੱਤੀ ਸੀ ਕਿ ਦੇਸ਼ ਵਿਚ ਪਰਿਵਾਰਵਾਦ ਦੀ ਸਿਆਸਤ ਖ਼ਤਮ ਹੋ ਗਈ ਹੈ, ਉਦੋਂ ਜਦੋਂ ਕਾਂਗਰਸ ਦੇਸ਼ ਵਿਚ ਲੋਕ ਸਭਾ



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਚੋਣਾਂ ਹਾਰ ਗਈ ਸੀ ਅਤੇ ਭਾਜਪਾ ਨੇ ਜਿੱਤ ਪ੍ਰਾਪਤ ਕਰ ਲਈ ਸੀ। ਪਰ ਹਾਲ ਹੀ ਵਿਚ ਕੀਤਾ ਗਿਆ ਸਰਵੇ ਅੱਖਾਂ ਖੋਲ੍ਹਣ ਵਾਲਾ ਹੈ। ਸਾਲ 2009 ਵਿਚ ਪਰਿਵਾਰਵਾਦੀ ਸੰਸਦ ਮੈਂਬਰਾਂ ਦੀ ਕਾਂਗਰਸ ਵਿਚ ਗਿਣਤੀ 12 ਫ਼ੀਸਦੀ ਸੀ ਜਦ ਕਿ ਭਾਜਪਾ ਵਿਚ 11 ਫ਼ੀਸਦੀ ਸੀ। ਸਾਲ 1999 ਵਿਚ ਕਾਂਗਰਸ 'ਚ ਇਹ ਗਿਣਤੀ 8 ਫ਼ੀਸਦੀ ਅਤੇ ਭਾਜਪਾ ਵਿਚ 6 ਫ਼ੀਸਦੀ ਸੀ।

ਅੱਜ ਦੇਸ਼ 'ਚ ਪਰਿਵਾਰਵਾਦ ਨੇ ਵਿਕਰਾਲ ਰੂਪ ਧਾਰ ਲਿਆ ਹੈ। ਕਾਂਗਰਸ 'ਚ ਇਹ ਗਿਣਤੀ ਵਿਧਾਇਕਾਂ, ਸੰਸਦਾਂ, ਵਿਧਾਨ ਪ੍ਰੀਸ਼ਦਾਂ ਵਿਚ 33.25 ਫ਼ੀਸਦੀ ਹੈ। ਜਦ ਕਿ ਭਾਜਪਾ ਦੀ ਹਿੱਸੇਦਾਰੀ 18.62 ਫ਼ੀਸਦੀ ਹੈ। ਖੇਤਰੀ ਦਲਾਂ ਵਿਚ ਤਾਂ ਕੁਝ ਪਰਿਵਾਰਾਂ ਦਾ ਦਬਦਬਾ ਬਹੁਤ ਹੀ ਵੱਡਾ ਹੈ।

ਅੱਜ ਪਰਿਵਾਰਾਂ ਦੀ ਰਾਜਨੀਤੀ ਇਸ ਕਰਕੇ ਬਹੁਤ ਚਰਚਾ ਵਿਚ ਹੈ ਕਿ ਬਿਹਾਰ ਵਿਚ ਚੋਣਾਂ ਹਨ। ਲਾਲੂ ਪ੍ਰਸਾਦ ਯਾਦਵ ਦਾ ਪੁੱਤਰ ਮੁੱਖ ਮੰਤਰੀ ਦਾ ਦਾਅਵੇਦਾਰ ਹੈ ਤਾਂ ਕਾਬਜ਼ ਧਿਰ ਦੇ ਨੇਤਾ ਸਵ: ਰਾਮ ਵਿਲਾਸ ਪਾਸਵਾਨ ਦਾ ਬੇਟਾ ਵੀ ਇਸ ਪੌੜੀ 'ਤੇ ਚੜ੍ਹਨ ਦਾ ਚਾਹਵਾਨ ਹੈ। ਪਰਿਵਾਰਵਾਦ ਅਰਥਾਤ ਵੰਸ਼ਵਾਦ ਦੀ ਸਿਆਸਤ ਵਿਚ ਬਿਹਾਰ ਇੱਕ ਨੰਬਰ 'ਤੇ ਹੈ। ਪਿਛਲੇ 243 ਮੈਂਬਰੀ ਬਿਹਾਰ ਵਿਧਾਨ ਸਭਾ ਵਿਚ ਇਨ੍ਹਾਂ ਵੰਸ਼ਵਾਦੀਆਂ ਦੀ ਗਿਣਤੀ 70 ਹੈ। ਕੁਨਬਿਆਂ 'ਤੇ ਅਧਾਰਤ ਦਲਾਂ ਦੇ ਆਗੂਆਂ ਨੇ ਆਪਣੀ ਪਤਨੀ, ਭਾਬੀ, ਨੂੰਹ ਤੱਕ ਨੂੰ ਟਿਕਟ ਵੰਡੇ ਹਨ। ਵਿਧਾਇਕਾਂ, ਸੰਸਦਾਂ, ਮੰਤਰੀਆਂ ਪਾਰਟੀ ਦੇ ਮੁੱਖੀਆਂ ਦੇ ਬੇਟੇ, ਬੇਟੀਆਂ ਤੱਕ ਇਸ ਦੌੜ 'ਚ ਸ਼ਾਮਿਲ ਹਨ। ਹਰ ਰਾਜ, ਹਰ ਪਾਰਟੀ ਵਿਚ ਇਹ ਪ੍ਰਵਿਰਤੀ ਲਗਾਤਾਰ ਜ਼ੋਰ ਫੜ ਰਹੀ ਹੈ।

2019 ਵਿਚ ਆਮ ਲੋਕ ਸਭਾ ਚੋਣਾਂ ਹੋਣ ਤੋਂ ਪਹਿਲਾਂ ਪ੍ਰਿਅੰਕਾ ਗਾਂਧੀ ਨੇ ਰਾਜਨੀਤੀ ਵਿਚ ਦਾਖ਼ਲਾ ਲਿਆ ਅਤੇ ਇਸ ਨਾਲ ਕਾਂਗਰਸ ਉੱਤੇ ਵੰਸ਼ਵਾਦ ਦੇ ਵਾਧੇ ਦੇ ਵੱਡੇ ਦੋਸ਼ ਲੱਗੇ। ਭਾਵੇਂ ਕਿ ਦੇਸ਼ ਵਿਚ ਕਾਂਗਰਸ ਦਾ ਸਿਆਸੀ ਪ੍ਰਭਾਵ ਘੱਟ ਹੋ ਗਿਆ ਹੋਵੇ ਪਰ ਹਾਲੇ ਵੀ ਕਾਂਗਰਸ ਉੱਤੇ ਇਹ ਦੋਸ਼ ਲਗਾਤਾਰ ਲੱਗ ਰਹੇ ਹਨ। ਪਰ ਇਸ ਦੌੜ 'ਚ ਭਾਜਪਾ ਵੀ ਪਿੱਛੇ ਨਹੀਂ ਹੈ।

ਭਾਜਪਾ ਦੇ ਦੇਸ਼ ਚ ਕੁੱਲ ਮਿਲਾ ਕੇ 2078 ਵਿਧਾਇਕ ਹਨ, ਉਨਾਂ ਵਿਚੋਂ 18.2 ਫ਼ੀਸਦੀ ਵੰਸ਼ਵਾਦੀ ਹਨ। ਕਾਂਗਰਸ ਦੇ ਲੋਕ ਸਭਾ 'ਚ 99 ਸੰਸਦ ਹਨ, ਜਿਨ੍ਹਾਂ ਵਿਚ ਤਿੰਨ ਗਾਂਧੀ ਪਰਿਵਾਰ ਦੇ ਹਨ: ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ। ਇਹ ਵੀ ਹੁਣ ਸਪਸ਼ਟ ਹੈ ਕਿ ਭਾਜਪਾ ਭਾਈ- ਭਤੀਜਾਵਾਦ, ਪਰਿਵਾਰਵਾਦ ਤੋਂ ਦੁੱਧ ਧੋਤੀ ਨਹੀਂ, ਭਾਵੇਂ ਕਿ ਭਾਜਪਾ ਨੇਤਾ ਇਸ ਗੱਲ 'ਤੇ ਜੋਰ ਦਿੰਦੇ ਹਨ ਕਿ ਉਨ੍ਹਾਂ ਦੀ ਪਾਰਟੀ ਵੰਸ਼ਵਾਦੀ ਨਹੀਂ ਹੈ।

ਪੁੱਤਰ-ਪੁੱਤਰੀਆਂ, ਮਾਤਾ-ਪਿਤਾ, ਭਰਾ-ਭੈਣਾਂ, ਸਹੁਰੇ ਘਰ ਵਾਲੇ, ਚਾਚੇ ਦੇ ਪੁੱਤ, ਭੈਣ-ਭਰਾ, ਚਾਚੇ-ਭਤੀਜੇ ਪਰਿਵਾਰਵਾਦ ਵਿਚ ਗਿਣੇ ਜਾਂਦੇ ਹਨ। ਤਮਿਲਨਾਡੂ ਤੋਂ ਲੈ ਕੇ ਕਸ਼ਮੀਰ, ਮਹਾਰਾਸ਼ਟਰ, ਉੜੀਸਾ, ਪੱਛਮੀ ਬੰਗਾਲ ਅਤੇ ਉੱਤਰ ਪੂਰਬ ਤੱਕ ਦੇ ਮੁੱਖ ਸਿਆਸੀ ਦਲਾਂ ਦੇ 149 ਪਰਿਵਾਰਾਂ ਦੇ ਇੱਕ ਤੋਂ ਵੱਧ ਮੈਂਬਰ ਰਾਜ ਵਿਧਾਨ ਸਭਾਵਾਂ ਜਾਂ ਸੰਸਦ ਦੋਨਾਂ ਵਿਚ ਮੈਂਬਰ ਹਨ। ਇਨ੍ਹਾਂ ਦੀ ਗਿਣਤੀ 337 ਵਿਧਾਇਕ ਜਾਂ




ਸੰਸਦ ਮੈਂਬਰ ਹੋ ਗਈ ਹੈ। ਕੁੱਲ ਮਿਲਾ ਕੇ ਇਹ ਸੰਖਿਆ 5 ਰਾਜਾਂ- ਅਰੁਣਾਚਲ ਪ੍ਰਦੇਸ਼, ਦਿੱਲੀ, ਹਿਮਾਚਲ ਪ੍ਰਦੇਸ਼, ਮਣੀਪੁਰ ਅਤੇ ਉੱਤਰਾਖੰਡ ਦੀਆਂ ਵਿਧਾਨ ਸਭਾਵਾਂ ਦੀ ਕੁੱਲ ਸੰਖਿਆ ਦੇ ਬਰਾਬਰ ਹੈ।

ਇੱਕ ਸਰਵੇ ਮੁਤਾਬਿਕ 6 ਕੇਂਦਰੀ ਮੰਤਰੀ, 5 ਕੇਂਦਰੀ ਰਾਜ ਮੰਤਰੀ, 9 ਮੁੱਖ ਮੰਤਰੀ, 7 ਉਪ ਮੁੱਖ ਮੰਤਰੀ, 35 ਰਾਜ ਮੰਤਰੀ ਅਤੇ ਦੋ ਵਿਧਾਨ ਸਭਾ ਸਪੀਕਰ ਵੰਸ਼ਵਾਦੀ ਪਰਿਵਾਰਾਂ 'ਚ ਸ਼ਾਮਿਲ ਹਨ। ਇਨ੍ਹਾਂ 149 ਪਰਿਵਾਰਾਂ ਵਿਚੋਂ 23 ਪਰਿਵਾਰਾਂ ਦੇ ਵਿਧਾਨ ਸਭਾਵਾਂ ਜਾਂ ਸੰਸਦ ਵਿਚ ਦੋ-ਦੋ ਮੈਂਬਰ ਹਨ। ਇਨ੍ਹਾਂ 149 ਪਰਿਵਾਰਾਂ ਵਿਚੋਂ 27 ਇਹੋ ਜਿਹੇ ਹਨ ਜਿਨ੍ਹਾਂ ਦੇ ਪਰਿਵਾਰਿਕ ਮੈਂਬਰ ਭਾਜਪਾ ਨਾਲ ਜੁੜੇ ਹੋਏ ਹਨ ਜਦਕਿ 23 ਇਹੋ ਜਿਹੇ ਹਨ ਜਿਹੜੇ ਵਿਧਾਇਕ ਭਾਜਪਾ ਜਾਂ ਹੋਰ ਸਿਆਸੀ ਦਲਾਂ ਦੇ ਹਨ ਜਾਂ ਅਜ਼ਾਦ ਮੈਂਬਰ ਹਨ ਅਤੇ 32 ਪਰਿਵਾਰ ਪੂਰੀ ਤਰ੍ਹਾਂ ਕਾਂਗਰਸ ਨਾਲ ਜੁੜੇ ਹਨ, ਜਿਨ੍ਹਾਂ 'ਚੋਂ 5 ਹੋਰ ਦਲਾਂ ਦੇ ਨਾਲ ਵਿਧਾਇਕਾਂ ਨੂੰ ਸਾਂਝਾ ਕਰ ਰਹੇ ਹਨ।

ਹੈਰਾਨੀ ਦੀ ਗੱਲ ਨਹੀਂ ਸਮਝੀ ਜਾਣੀ ਚਾਹੀਦੀ ਕਿ ਹਾਕਮ ਧਿਰ ਅਤੇ ਵਿਰੋਧੀ ਧਿਰ ਦੇ ਧੁਰੰਤਰ ਨੇਤਾ ਇਸ ਲਿਸਟ ਵਿਚ ਮੋਹਰੀ ਹਨ। ਰੱਖਿਆ ਮੰਤਰੀ ਰਾਜਨਾਥ ਸਿੰਘ (ਭਾਜਪਾ) ਉਨ੍ਹਾਂ ਦਾ ਬੇਟਾ ਵਿਧਾਇਕ ਪੰਕਜ ਸਿੰਘ ਸੰਸਦ ਮੈਂਬਰ ਅਤੇ ਕਾਂਗਰਸ ਮੁਖੀ ਮਲਿਕਾਅਰਜੁਨ ਖੜਗੇ ਅਤੇ ਉਨ੍ਹਾਂ ਦਾ ਵਿਧਾਇਕ ਬੇਟਾ ਪ੍ਰਿਯਕ ਖੜਗੇ, ਕਰਨਾਟਕ ਦੇ ਉਪ ਮੁੱਖ ਮੰਤਰੀ ਏਕ ਨਾਥ ਸ਼ਿੰਦੇ ਅਤੇ ਉਸਦਾ ਵਿਧਾਇਕ ਬੇਟਾ ਸ਼੍ਰੀਕਾਂਤ ਸ਼ਿੰਦੇ, ਕਰਨਾਟਕ ਦਾ ਮੁੱਖ ਮੰਤਰੀ ਸਿੱਧਾਰਮੱਈਆ ਅਤੇ ਉਨ੍ਹਾਂ ਦਾ ਬੇਟਾ ਯਤਿੰਦ੍ਰਾ ਸਿੱਧਾਰਮੱਈਆ ਮੈਂਬਰ ਵਿਧਾਨ ਪ੍ਰੀਸ਼ਦ ਹੈ।

ਇਹ ਸੂਚੀ ਇੰਨੀ ਲੰਮੀ ਹੈ ਕਿ ਪ੍ਰਸਿੱਧ ਸਿਆਸੀ ਪਰਿਵਾਰ ਇਸ ਦਾ ਸ਼ਿੰਗਾਰ ਹਨ। ਗਾਂਧੀ (ਕਾਂਗਰਸ), ਸਿੰਧੀਆ (ਭਾਜਪਾ), ਨਾਇਡੂ (ਤੇਦੇਪਾ), ਮੁਲਾਇਮ ਸਿੰਘ ਯਾਦਵ ਅਤੇ ਪੁੱਤਰ (ਸਪਾ), ਲਾਲੂ ਪ੍ਰਸਾਦ ਯਾਦਵ (ਰਾਜਦ), ਸ਼ਰਦ ਪਵਾਰ (ਰਾਕਾਂਪਾ ਗੁੱਟ), ਦੇਵ ਗੌੜਾ (ਜਦ), ਪ੍ਰਕਾਸ਼ ਸਿੰਘ ਬਾਦਲ (ਸ਼੍ਰੋਮਣੀ ਅਕਾਲੀ ਦਲ), ਜੇਦੀਯੁਰੱਪਾ (ਭਾਜਪਾ), ਐੱਮ.ਕੇ. ਸਟਾਲਿਨ (ਡੀ.ਐੱਮ.ਕੇ.) ਆਦਿ ਇਸ ਸੂਚੀ ਵਿਚ ਵਿਸ਼ੇਸ਼ ਤੌਰ 'ਤੇ ਗਿਣੇ ਜਾਂਦੇ ਹਨ।

ਦਿੱਲੀ ਵਿਚ ਤਿੰਨ ਭਾਜਪਾ ਸਾਬਕਾ ਮੁੱਖ ਮੰਤਰੀਆਂ ਮਦਨ ਲਾਲ ਖੁਰਾਨਾ, ਸਾਹਿਬ ਸਿੰਘ ਵਰਮਾ ਅਤੇ ਸੁਸ਼ਮਾ ਸਵਰਾਜ ਦੀ ਵਿਰਾਸਤ ਉਨ੍ਹਾਂ ਦੇ ਬੱਚੇ ਸੰਭਾਲ ਰਹੇ ਹਨ। ਸਾਬਕਾ ਕੇਂਦਰੀ ਮੰਤਰੀ ਰਾਜੇਸ਼ ਪਾਇਲਟ ਦੇ ਪੁੱਤਰ ਸਚਿਨ ਪਾਇਲਟ ਰਾਜਸਥਾਨ, ਸਾਬਕਾ ਮੁੱਖ ਮੰਤਰੀ ਭੁਪਿੰਦਰ ਹੁੱਡਾ ਦੇ ਪੁੱਤਰ ਦੇਪੇਂਦਰ ਹੁੱਡਾ ਹਰਿਆਣਾ, ਸਾਬਕਾ ਮੁੱਖ ਮੰਤਰੀ ਵੀਰਭੱਦਰ ਸਿੰਘ ਦੇ ਪੁੱਤਰ ਵਿਕਰਮਦਿੱਤਿਆ ਹਿਮਾਚਲ ਪ੍ਰਦੇਸ਼, ਵੰਸ਼ਵਾਦੀ ਸਿਆਸਤ ਨੂੰ ਅੱਗੇ ਤੋਰ ਰਹੇ ਹਨ।

ਜਿਹੜੀਆਂ ਖੇਤਰੀ ਪਾਰਟੀਆਂ ਦੇ ਪ੍ਰਮੁੱਖ ਇਸ ਵੇਲੇ ਕਾਬਜ਼ ਹਨ, ਉਨ੍ਹਾਂ ਵਿਚ ਅਬਦੁਲਾ ਪਰਿਵਾਰ ਜੰਮੂ-ਕਸ਼ਮੀਰ ਅਤੇ ਮਮਤਾ ਬੈਨਰਜੀ ਪੱਛਮੀ ਬੰਗਾਲ ਹਨ, ਜਿਨ੍ਹਾਂ ਦੇ ਪੁੱਤਰ-ਭਤੀਜੇ ਵੰਸ਼ਵਾਦੀ ਸਿਆਸਤੀ ਹਨ। ਇਸ ਲਿਸਟ ਵਿਚ ਔਰਤਾਂ ਦਾ ਦਬਦਬਾ ਵੀ ਘੱਟ ਨਹੀਂ। ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ (ਏ.ਡੀ.ਆਰ.) ਦੇ ਅਨੁਸਾਰ ਇਹ ਦਿਸਦਾ ਹੈ ਕਿ 47 ਫ਼ੀਸਦੀ ਔਰਤਾਂ ਇਨ੍ਹਾਂ ਤੱਕੜੇ ਵੰਸ਼ਵਾਦੀ ਪਰਿਵਾਰਾਂ ਦਾ ਚਿਰਾਗ ਬਾਲ ਰਹੀਆਂ ਹਨ। ਵੰਸ਼ਵਾਦ ਨੇ ਹੀ ਅਸਲ ਵਿਚ ਔਰਤਾਂ ਦੇ ਸਿਆਸਤ ਵਿਚ ਦਰਵਾਜੇ ਖੋਲ੍ਹੇ ਹਨ।

ਇਹ ਤੱਥ ਵੀ ਸਾਹਮਣੇ ਆਏ ਹਨ ਕਿ ਕੁੱਲ ਮਿਲਾ ਕੇ 1074 ਸਾਬਕਾ ਅਤੇ ਵਰਤਮਾਨ ਵਿਧਾਇਕਾਂ ਦੇ ਰਿਸ਼ਤੇਦਾਰਾਂ ਵਿਚ ਘੱਟੋ-ਘੱਟ 21 ਕੇਂਦਰੀ ਮੰਤਰੀ, 13 ਮੁੱਖ ਮੰਤਰੀ, 8 ਉਪ ਮੁੱਖ ਮੰਤਰੀ, 129 ਰਾਜ ਮੰਤਰੀ, 4 ਵਿਧਾਨ ਸਭਾ ਸਪੀਕਰ ਅਤੇ ਵੱਖੋ-ਵੱਖਰੇ ਸਦਨਾਂ ਵਿਚ ਆਪਣੀਆਂ ਸਿਆਸੀ ਧਿਰਾਂ ਦੇ 18 ਨੇਤਾ ਹਨ।

ਉੱਤਰ ਤੋਂ ਲੈ ਕੇ ਦੱਖਣ ਤੱਕ ਰਾਜਨੀਤੀ ਵਿਚ ਪਰਿਵਾਰਿਕ ਮੈਂਬਰਾਂ ਦੀ ਸਿਆਸਤ ਨੂੰ ਪੂਰੀ ਤਰ੍ਹਾਂ ਪ੍ਰਵਾਨ ਕੀਤਾ ਜਾ ਚੁੱਕਾ ਹੈ। ਇਸ ਸੰਬੰਧੀ ਜਿੱਥੇ ਕਾਂਗਰਸ ਮੋਹਰੀ ਰੋਲ ਅਦਾ ਕਰ ਰਹੀ ਹੈ, ਉੱਥੇ ਭਾਜਪਾ ਵਿਚ ਵੰਸ਼ਵਾਦ ਦੀ ਵੇਲ ਵੱਧ-ਫੁੱਲ ਰਹੀ ਹੈ। ਅਸਲ ਵਿਚ ਤਾਂ ਮੌਜੂਦਾ ਦੌਰ 'ਚ ਇਹ ਨੇਤਾ ਸਿਆਸੀ ਪਾਰਟੀਆਂ ਨੂੰ ਆਪਣੀ ਜਗੀਰ ਸਮਝਦੇ ਹਨ। ਇਹ ਬਿਮਾਰੀ ਕਾਂਗਰਸ ਤੋਂ ਸ਼ੁਰੂ ਹੋਈ ਸੀ ਪਰ ਹੁਣ ਇਹ ਖੇਤਰੀ ਦਲਾਂ ਅਤੇ ਭਾਜਪਾ ਵਿਚ ਵੀ ਪੂਰੀ ਤਰ੍ਹਾਂ ਫੈਲ ਚੁੱਕੀ ਹੈ।

ਸਿਆਸੀ ਨੇਤਾ ਲੋਕ-ਸੇਵਾ ਦਾ ਸੰਕਲਪ ਛੱਡ ਕੇ ਹੁਣ ਨਿਰਾਪੁਰਾ ਸਿਆਸਤ ਕਰਨ ਲੱਗ ਪਏ ਹਨ ਅਤੇ ਸਾਮ, ਦਾਮ, ਦੰਡ ਦੀ ਵਰਤੋਂ ਕਰਦਿਆਂ ਆਪਣੀ ਗੱਦੀ ਨੂੰ ਕਿਸੇ ਵੀ ਕੀਮਤ 'ਤੇ ਹੱਥੋਂ ਨਹੀਂ ਜਾਣ ਦੇ ਰਹੇ। ਸਿਆਸੀ ਧਿਰਾਂ ਆਪਣੇ ਮੰਤਵ, ਆਪਣੇ ਅਸੂਲ, ਆਪਣੀ ਪਾਰਟੀ ਦੇ ਸੰਵਿਧਾਨ ਨੂੰ ਛਿੱਕੇ ਟੰਗ ਕੇ ਸੀਮਾਂਤਵਾਦੀ ਸੋਚ ਨੂੰ ਅਪਨਾ ਚੁੱਕੀਆਂ ਹਨ। ਪਾਰਟੀਆਂ 'ਚ ਆਮ ਪਾਰਟੀ ਵਰਕਰ ਦੀ ਪੁੱਛ-ਗਿੱਛ ਨਹੀਂ ਰਹੀ। ਲੋਕ ਸਰੋਕਾਰ ਪਾਰਟੀਆਂ ਦੀ ਪਹਿਲ ਨਹੀਂ ਰਹੇ। ਸਿਰਫ਼ ਤੇ ਸਿਰਫ਼ ਧਨ ਦੌਲਤ ਅਤੇ ਕੁਰਸੀ ਦਾ ਹੀ ਬੋਲ-ਬਾਲਾ ਹੋ ਗਿਆ ਹੈ।

ਦੇਸ਼ 'ਚ ਪਰਿਵਾਰਵਾਦ ਦੀ ਵਧਦੀ ਵੇਲ ਲੋਕ ਕਲਿਆਣ ਤੋਂ ਮੁੱਖ ਮੋੜ ਕੇ ਰਿਸ਼ਵਤ ਦੇ ਦੌਰ 'ਚ ਪੁੱਜ ਚੁੱਕੀ ਹੈ। ਦੇਸ਼ ਭਗਤੀ ਇਮਾਨਦਾਰੀ ਦੇਸ਼ ਦੇ ਨਕਸ਼ੇ ਤੋਂ ਜਿਵੇਂ ਗੁਆਚੀ ਜਾ ਰਹੀ ਹੈ। ਚੋਣਾਂ 'ਚ ਰਿਸ਼ਵਤ ਦਿਓ, ਲੋਕਾਂ ਨੂੰ ਸਾੜੀਆਂ, ਸ਼ਰਾਬ ਵੰਡੋ, ਨਕਦੀ ਖ਼ਾਤਿਆਂ 'ਚ ਪੈਸੇ ਜਮ੍ਹਾਂ ਕਰਵਾਓ, ਵੋਟਾਂ ਲਓ ਅਤੇ ਰਾਜਨੇਤਾ ਬਣ ਜਾਓ। ਕੁਝ ਹੱਥਾਂ 'ਚ ਦੇਸ਼ ਦੀ ਸਿਆਸਤ ਦਾ ਆਉਣਾ ਹੋਰ ਵੀ ਘਾਤਕ ਹੋ ਰਿਹਾ ਹੈ। ਜਿਹੜਾ ਵੀ ਵਿਅਕਤੀ ਰਾਜ-ਭਾਗ ਸੰਭਾਲਦਾ ਹੈ, ਉਸਦੇ ਦੁਆਲੇ ਚੰਡਾਲ-ਚੌਂਕੜੀ ਇਕੱਠੀ ਹੁੰਦੀ ਹੈ, ਜੋ ਉਸ ਨੇਤਾ ਨੂੰ 'ਮਹਾਨ ਗਰਦਾਨਦੀ' ਹੈ ਅਤੇ ਆਪਣੀ ਸਵਾਰਥ ਸਿੱਧੀ ਕਰਦੀ ਹੈ। ਪਰਿਵਾਰਵਾਦ ਦੇਸ਼ ਵਿਚ ਲੋਕਤੰਤਰ ਨੂੰ ਘੁਣ ਵਾਂਗ ਖਾ ਰਿਹਾ ਹੈ। ਇਸ ਨਾਲ ਇਹੋ ਜਿਹੀਆਂ ਅਲਾਮਤਾਂ ਦੇਸ਼ 'ਚ ਫੈਲ ਗਈਆਂ ਹਨ ਕਿ ਦੇਸ਼ 'ਚ ਲਗਾਤਾਰ ਨੈਤਿਕ ਨਿਘਾਰ ਤਾਂ ਆ ਹੀ ਰਿਹਾ ਹੈ, ਆਰਥਿਕ ਮੰਦੀ, ਗੁਰਬਤ, ਬੇਰੁਜ਼ਗਾਰੀ ਰਿਸ਼ਵਤਖੋਰੀ ਸਿਖ਼ਰਾਂ 'ਤੇ ਪੁੱਜ ਰਹੀ ਹੈ।

ਭਾਈ-ਭਤੀਜਾਵਾਦ ਸਿਆਸੀ ਦਲਾਂ ਵਿਚ ਸੱਤਾ ਦੇ ਕੇਂਦਰੀਕਰਨ ਦਾ ਫੈਲਾਅ ਪੈਦਾ ਕਰ ਰਿਹਾ ਹੈ, ਜਿਸ ਨਾਲ ਆਮ ਲੋਕ ਸਿਆਸਤ ਤੋਂ ਦੂਰ ਹੋ ਰਹੇ ਹਨ। ਇਸ ਸਥਿਤੀ ਉੱਤੇ ਜੇਕਰ ਕਾਬੂ ਨਹੀਂ ਪਾਇਆ ਜਾਂਦਾ ਤਾਂ ਦੇਸ਼ ਦਾ ਵੋਟਰ ਸਿਰਫ ਖਾਮੋਸ਼ ਦਰਸ਼ਕ ਤੱਕ ਸੀਮਤ ਹੋ ਜਾਏਗਾ। ਜੋ ਦੇਸ਼ 'ਚ ਵੱਡੀ ਅਰਾਜਕਤਾ ਦਾ ਕਾਰਨ ਬਣੇਗਾ।

# ਟਰੰਪ ਦੇ ਹਮਲਾਵਰ ਤੇਵਰ: ਕੀ ਵੈਨਜ਼ੁਏਲਾ ਨੂੰ ਦੂਜਾ ਇਰਾਕ ਬਣਾਉਣ ਦੀ ਤਿਆਰੀ ਹੈ?

**ਵੈਨਜ਼ੁਏਲਾ ਵਿਰੁੱਧ ਸਖ਼ਤ ਆਰਥਕ ਪਾਬੰਦੀਆਂ ਦੇ ਤਬਾਹਕੁਨ ਪੜਾਅ ਤੋਂ ਬਾਅਦ ਇੰਝ ਜਾਪਦਾ ਹੈ ਕਿ ਹੁਣ ਟਰੰਪ ਸਰਕਾਰ ਮਾਦੁਰੋ ਨਿਕੋਲਸ ਦੀ ਸਰਕਾਰ ਦਾ ਤਖ਼ਤਾ ਪਲਟਣ ਲਈ ਫ਼ੌਜੀ ਤਾਕਤ ਦਾ ਹਥਿਆਰ ਵਰਤਣ ਵੱਲ ਵਧ ਰਹੀ ਹੈ। ਕੀ ਵੈਨਜ਼ੁਏਲਾ ਸੱਚਮੁੱਚ 'ਨਾਰਕੋ ਦਹਿਸ਼ਤਵਾਦ' ਦਾ ਦੋਸ਼ੀ ਹੈ ਜਿਵੇਂ ਟਰੰਪ ਦਾਅਵਾ ਕਰ ਰਹੇ ਹਨ ਜਾਂ ਇਸ ਪਿੱਛੇ ਕੋਈ ਹੋਰ ਭੂ-ਰਾਜਨੀਤਕ ਫੈਕਟਰ ਕੰਮ ਕਰਦੇ ਹਨ। ਇਨ੍ਹਾਂ ਸਵਾਲਾਂ ਦੀ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਵੱਲੋਂ ਆਪਣੇ ਇਸ ਲੇਖ ਵਿਚ ਕੀਤੀ ਗਈ ਹੈ।-ਸੰਪਾਦਕ।**

ਹਾਲੀਆ ਘਟਨਾਕ੍ਰਮ ਨਾਲ ਟਰੰਪ ਸਰਕਾਰ ਦੇ ਵੈਨਜ਼ੁਏਲਾ ਵਿਰੁੱਧ ਸਾਮਰਾਜੀ ਮਨਸੂਬੇ ਪੂਰੀ ਤਰ੍ਹਾਂ ਖੁੱਲ੍ਹ ਕੇ ਸਾਹਮਣੇ ਆ ਗਏ ਹਨ। ਪਹਿਲੀਆਂ ਸਰਕਾਰਾਂ ਨੂੰ ਉਹ 'ਸਦੀਵੀ ਯੁੱਧਾਂ ਵਿਚ ਲੱਗੀਆਂ ਰਹਿਣ ਵਾਲੀਆਂ' ਸਰਕਾਰਾਂ ਕਹਿ ਕੇ ਭੰਡਦਾ ਰਿਹਾ ਹੈ ਅਤੇ ਹੁਣ 'ਸ਼ਾਂਤੀ ਮਸੀਹਾ' ਨੇ ਵੈਨਜ਼ੁਏਲਾ ਉਪਰ ਪੂਰੀ ਤਰ੍ਹਾਂ ਨਹੱਕ ਯੁੱਧ ਥੋਪਣ ਦੇ ਹਾਲਾਤ ਬਣਾਉਣੇ ਸ਼ੁਰੂ ਕਰ ਦਿੱਤੇ ਹਨ। ਪਹਿਲੀ ਸਤੰਬਰ ਤੋਂ ਲੈ ਕੇ ਅਮਰੀਕੀ ਫ਼ੌਜ ਵੱਲੋਂ ਵੈਨਜ਼ੁਏਲਾ ਦੇ ਸਮੁੰਦਰੀ ਤੱਟ ਨਾਲ ਲੱਗਦੇ ਕੈਰੀਬੀਅਨ ਸਾਗਰ ਵਿਚ ਛੋਟੀਆਂ ਕਿਸ਼ਤੀਆਂ ਨੂੰ ਨਿਸ਼ਾਨਾ ਬਣਾ ਕੇ ਅਤੇ ਫਿਰ ਹਮਲੇ ਦਾ ਘੇਰਾ

**ਬੂਟਾ ਸਿੰਘ ਮਹਿਮੂਦਪੁਰ**

ਕੋਲੰਬੀਆ ਵੱਲ ਫੈਲਾ ਕੇ ਮੌਤ ਦੀ ਵਾਛੜ ਕੀਤੀ ਗਈ। ਇਸ ਸਮੁੰਦਰੀ ਮਾਰਗ ਦੀ ਵਰਤੋਂ ਮਛੇਰੇ ਕਰਦੇ ਹਨ, ਫਿਰ ਵੀ ਇੱਥੇ ਅੰਧਾਧੁੰਦ ਹਮਲੇ ਕੀਤੇ ਗਏ। 10 ਹਮਲਿਆਂ ਵਿਚ ਘੱਟੋ 43 ਲੋਕਾਂ ਦੇ ਕਤਲਾਂ ਨੂੰ ਟਰੰਪ ਸਰਕਾਰ ਵੱਲੋਂ ਇਹ ਦਾਅਵਾ ਕਰਕੇ ਜਾਇਜ਼ ਠਹਿਰਾਇਆ ਗਿਆ ਕਿ ਇਹ ਡਰੱਗ ਕਾਰਟਲਾਂ ਵੱਲੋਂ ਭੇਜੀਆਂ ਗਈਆਂ ਕਿਸ਼ਤੀਆਂ ਸਨ ਜੋ ਅਮਰੀਕਾ ਨੂੰ ਨਸ਼ੇ ਲਿਜਾ ਰਹੀਆਂ ਸਨ ਅਤੇ ਮਾਰੇ ਗਏ ਵਿਅਕਤੀ 'ਨਾਰਕੋ ਦਹਿਸ਼ਤਗਰਦ' ਸਨ। ਵੈਨਜ਼ੁਏਲਾ ਅਤੇ ਕੋਲੰਬੀਆ ਦੇ ਕੇਸ ਵਿਚ 'ਨਾਰਕੋ ਦਹਿਸ਼ਤਵਾਦ' ਉਸੇ ਤਰ੍ਹਾਂ ਬਹਾਨਾ ਹੈ ਜਿਵੇਂ ਬੁਸ਼ ਸਰਕਾਰ ਵੱਲੋਂ ਇਰਾਕ ਉਪਰ ਕਬਜ਼ੇ ਲਈ ਇਰਾਕ ਕੋਲ 'ਜਨਤਕ ਤਬਾਹੀ ਦੇ ਹਥਿਆਰ' ਹੋਣ ਦਾ ਬਿਰਤਾਂਤ ਘੜਿਆ ਗਿਆ ਸੀ। ਜਿਵੇਂ ਅਮਰੀਕੀ ਸਾਮਰਾਜੀ ਹਕੂਮਤ ਅਤੇ ਉਸਦੇ ਯੁੱਧ ਜੋਟੀਦਾਰਾਂ ਵੱਲੋਂ ਇਰਾਕ ਕੋਲ ਤਬਾਹੀ ਦੇ ਹਥਿਆਰ ਹੋਣ ਦੇ ਦੋਸ਼ ਕਦੇ ਸਾਬਤ ਨਹੀਂ ਕੀਤੇ ਗਏ, ਉਸੇ ਤਰ੍ਹਾਂ ਟਰੰਪ ਸਰਕਾਰ ਵੱਲੋਂ ਵੈਨਜ਼ੁਏਲਾ ਵਿਰੁੱਧ ਡਰੱਗ ਦੇ ਦੋਸ਼ਾਂ ਦੇ ਕੋਈ ਸਬੂਤ ਪੇਸ਼ ਨਹੀਂ ਕੀਤੇ ਗਏ। ਖ਼ੁਦ ਯੂ.ਐਸ. ਡਰੱਗ ਐਨਫੋਰਸਮੈਂਟ ਐਡਮਿਨਿਸਟ੍ਰੇਸ਼ਨ ਦੀ ਰਿਪੋਰਟ ਟਰੰਪ ਦੇ ਇਸ ਦਾਅਵੇ ਨੂੰ ਝੁਠਲਾਉਂਦੀ ਹੈ, ਜਿਸ ਵਿਚ ਵੈਨਜ਼ੁਏਲਾ ਦਾ ਨਾਂ ਸ਼ਾਮਲ ਨਹੀਂ ਹੈ। ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਦੁਆਰਾ ਬਣਾਈ 'ਸੁਤੰਤਰ ਵਿਸ਼ੇਸ਼ਗਾਂ' ਦੀ ਟੀਮ ਨੇ ਭਾਵੇਂ ਟਰੰਪ ਦੀ ਇਹ ਬੋਲੀ ਹੀ ਦੁਹਰਾਈ ਕਿ 'ਕਿਸ਼ਤੀਆਂ ਡਰੱਗ ਲਿਜਾ ਰਹੀਆਂ ਸਨ' ਪਰ ਉਨ੍ਹਾਂ ਨੂੰ ਵੀ ਕਹਿਣਾ ਪਿਆ ਕਿ ਅਮਰੀਕੀ ਕਾਰਵਾਈ 'ਅੰਤਰਰਾਸ਼ਟਰੀ ਸਮੁੰਦਰੀ ਕਾਨੂੰਨ ਦੀ ਉਲੰਘਣਾ' ਹੈ ਅਤੇ 'ਕੈਰੀਬੀਅਨ ਖੇਤਰ ਵਿਚ ਸ਼ਾਂਤੀ ਅਤੇ ਸੁਰੱਖਿਆ ਲਈ ਗੰਭੀਰ ਅਸਰਾਂ ਵਾਲੀ ਅਤਿਅੰਤ ਖ਼ਤਰਨਾਕ ਹਾਲਤ' ਬਣਾ ਦਿੱਤੀ ਗਈ ਹੈ।

ਪਰ ਟਰੰਪ ਦੇ ਫਾਸ਼ਿਸਟ ਏਜੰਡੇ ਵਿਚ ਤੱਥ, ਸਬੂਤ ਅਤੇ ਕਾਨੂੰਨ (ਅਮਰੀਕੀ ਅਤੇ ਅੰਤਰਰਾਸ਼ਟਰੀ) ਕੋਈ ਮਾਇਨੇ ਨਹੀਂ ਰੱਖਦੇ। ਆਪਣੇ ਆਰਥਕ, ਕੂਟਨੀਤਕ ਅਤੇ ਫ਼ੌਜੀ ਹਮਲਿਆਂ ਨੂੰ ਵਾਜਬ ਦਰਸਾਉਣ ਲਈ ਉਹ ਕੋਈ ਵੀ ਮਹਾਂ-ਝੂਠ ਬੋਲ ਸਕਦਾ ਹੈ। ਉਸਨੇ ਦਾਅਵਾ ਕੀਤਾ ਕਿ ਉਹ ਫੈਂਟਾਨਿਲ ਦੀ ਓਵਰਡੋਜ਼ ਨਾਲ ਮਰਨ ਵਾਲੇ ਲੱਖਾਂ ਅਮਰੀਕੀ ਨਾਗਰਿਕਾਂ ਦੀਆਂ ਜਾਨਾਂ ਬਚਾ ਰਿਹਾ ਹੈ। ਫੈਂਟਾਨਿਲ ਮੁੱਖ ਤੌਰ 'ਤੇ ਮੈਕਸੀਕੋ ਤੋਂ ਹੋ ਕੇ ਆਉਂਦੀ ਹੈ ਪਰ ਉਹ ਇਸ ਨੂੰ ਵੈਨਜ਼ੁਏਲਾ ਦੇ ਖਾਤੇ ਪਾ ਰਿਹਾ ਹੈ! ਵੈਨਜ਼ੁਏਲਾ, ਕੋਲੰਬੀਆ ਆਦਿ ਵਿਰੁੱਧ ਦੋਸ਼ਾਂ ਨੂੰ ਕਾਨੂੰਨੀ ਤਰੀਕੇ ਨਾਲ ਸਾਬਤ ਕਰਨ ਦੀ ਬਜਾਏ ਅਮਰੀਕੀ ਸਾਮਰਾਜੀਏ ਮਨਮਾਨੇ ਫ਼ਤਵੇ ਸੁਣਾਉਣਾ ਆਪਣਾ ਜਨਮ-ਸਿੱਧ ਅਧਿਕਾਰ ਸਮਝਦੇ ਹਨ। ਕੋਲੰਬੀਆ ਜਾਂ ਹੋਰ ਲਾਤੀਨੀ ਅਮਰੀਕੀ ਮੁਲਕਾਂ ਜ਼ਰੀਏ ਡਰੱਗ ਤਸਕਰੀ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਪਰ ਇਸ ਬਹਾਨੇ ਟਰੰਪ ਤੇ ਅਮਰੀਕਾ ਨੂੰ ਕਿਸੇ ਮੁਲਕ ਦੀ ਪ੍ਰਭੂਸੱਤਾ ਦੀ ਉਲੰਘਣਾ ਦਾ ਅਧਿਕਾਰ ਨਹੀਂ ਮਿਲ ਜਾਂਦਾ। ਕੀ ਡਰੱਗ ਤਸਕਰੀ ਅਮਰੀਕਾ ਤੇ ਹੋਰ ਸਾਮਰਾਜੀ ਹਕੂਮਤਾਂ ਦੀ ਮਿਲੀਭੁਗਤ, ਸ਼ਹਿ ਅਤੇ ਸਰਪ੍ਰਸਤੀ ਤੋਂ ਬਿਨਾਂ ਸੰਭਵ ਹੋ ਸਕਦੀ ਹੈ?

ਟਰੰਪ ਸਰਕਾਰ ਦਾ ਮਕਸਦ ਡਰੱਗ ਤਸਕਰੀ ਨੂੰ ਰੋਕਣਾ ਨਹੀਂ ਸਗੋਂ ਇਸ ਬਹਾਨੇ ਉਨ੍ਹਾਂ ਲਾਤੀਨੀ ਤੇ ਦੱਖਣੀ ਅਮਰੀਕੀ ਸਰਕਾਰਾਂ ਨੂੰ ਡੇਗਣਾ ਹੈ ਜੋ ਸ਼ਰੀਕ ਸਾਮਰਾਜੀ ਕੈਂਪ ਦਾ ਹਿੱਸਾ ਹਨ ਅਤੇ ਜਿਨ੍ਹਾਂ ਦੀਆਂ ਨੀਤੀਆਂ ਅਮਰੀਕੀ ਕਾਰੋਬਾਰੀ ਤੇ ਯੁੱਧਨੀਤਕ ਹਿਤਾਂ ਦੇ ਵਿਰੁੱਧ ਹਨ। ਚੀਨ ਹੁਣ ਲਾਤੀਨੀ ਅਮਰੀਕਾ ਵਿਚ ਭਾਰੂ ਆਰਥਕ ਤਾਕਤ ਹੈ। ਉਹ ਦੱਖਣੀ ਅਮਰੀਕੀ ਮੁਲਕਾਂ ਦਾ ਸਿਰਮੌਰ ਵਪਾਰਕ ਭਾਈਵਾਲ ਅਤੇ ਬਦੇਸ਼ੀ ਸਿੱਧੇ ਪੂੰਜੀ-ਨਿਵੇਸ਼ ਅਤੇ ਊਰਜਾ ਤੇ




ਬੁਨਿਆਦੀ-ਢਾਂਚੇ ਦੀ ਮੱਦਦ ਦਾ ਮੁੱਖ ਸਰੋਤ ਹੈ। ਵੈਨਜ਼ੁਏਲਾ ਦੇ ਤੇਲ ਉਤਪਾਦਨ ਦਾ 90% ਚੀਨ ਖ਼ਰੀਦਦਾ ਹੈ ਅਤੇ ਵੈਨਜ਼ੁਏਲਾ ਦੀ ਉਸ ਉਪਰ ਨਿਰਭਰਤਾ ਤੇਜ਼ੀ ਨਾਲ ਵਧ ਰਹੀ ਹੈ ਜਿਸਨੇ ਇਸ ਨੂੰ 60 ਅਰਬ ਡਾਲਰ ਦੀ ਫ਼ੌਜੀ ਮੱਦਦ ਦਿੱਤੀ ਹੈ। ਪੂਤਿਨ ਦੀ ਅਗਵਾਈ 'ਚ ਰੂਸ ਵੀ ਆਪਣਾ ਰਸੂਖ਼ ਤੇ ਹਿਤ ਵਧਾ ਰਿਹਾ ਹੈ। ਲਾਤੀਨੀ ਅਮਰੀਕਾ ਨੂੰ ਆਪਣਾ 'ਪਿਛਵਾੜਾ' ਸਮਝਣ ਵਾਲੇ ਅਮਰੀਕੀ ਸਾਮਰਾਜੀਏ ਇਹ ਕਿਵੇਂ ਬਰਦਾਸ਼ਤ ਕਰ ਸਕਦੇ ਹਨ ਕਿ ਇੱਥੇ ਕੋਈ ਸਰਕਾਰ ਅਮਰੀਕੀ ਹਿਤਾਂ ਦੇ ਖ਼ਿਲਾਫ਼ ਕੰਮ ਕਰੇ।

ਅਮਰੀਕੀ ਸਰਕਾਰਾਂ ਦਾ ਇਸ ਖੇਤਰ ਵਿਚ ਗ਼ਲਬਾ ਕਾਇਮ ਕਰਨ ਲਈ ਹਮਲਿਆਂ, ਰਾਜ ਪਲਟਿਆਂ ਅਤੇ ਹੱਥਠੋਕਾ ਤਾਨਾਸ਼ਾਹ ਹਕੂਮਤਾਂ ਦੀ ਪੁਸ਼ਤਪਨਾਹੀ ਸਦੀਆਂ ਦਾ ਇਤਿਹਾਸ ਹੈ। ਵਾਸ਼ਿੰਗਟਨ ਨੇ ਹਮੇਸ਼ਾ ਲਾਤੀਨੀ ਅਮਰੀਕਾ ਅਤੇ ਕੈਰੀਬੀਅਨ ਨੂੰ ਮੁਨਰੋ ਮੱਤ (ਮੋਨਰੋ ਡੋਕਟਰਨਿਏ) ਦੀ ਐਨਕ ਨਾਲ ਦੇਖਿਆ ਹੈ, ਅਤੇ ਇਸ ਖੇਤਰ ਨੂੰ ਇਕਤਰਫ਼ਾ ਤੌਰ 'ਤੇ ਆਪਣੇ ਭੂ-ਰਾਜਨੀਤਿਕ ਗ਼ਲਬੇ ਲਈ ਰਾਖਵਾਂ ਮੰਨਿਆ ਹੈ। ਪਿਛਲੇ ਦੋ ਸੌ ਸਾਲ ਵਾਰ-ਵਾਰ ਹੋਣ ਵਾਲੀ, ਹਮਲਾਵਰ ਦਖਲਅੰਦਾਜ਼ੀ ਦੇ ਪੈਟਰਨ ਦੇ ਗਵਾਹ ਹਨ। ਕੁਝ ਕੁ ਹਾਲੀਆ ਮਿਸਾਲਾਂ ਤੋਂ ਅਮਰੀਕਾ ਦੀ ਹਮਲਾਵਰ ਦਖ਼ਲਅੰਦਾਜ਼ੀ ਰਾਜਨੀਤਿਕ ਹਮਾਇਤ, ਖ਼ੁਫ਼ੀਆ ਕਾਰਵਾਈਆਂ ਤੋਂ ਲੈ ਕੇ ਸਿੱਧੀ ਫ਼ੌਜੀ ਦਖਲਅੰਦਾਜ਼ੀ ਤੱਕ ਦੀ ਝਲਕ ਦੇਖੀ ਜਾ ਸਕਦੀ ਹੈ। ਜਿਵੇਂ 1954 'ਚ ਗੁਆਟੇਮਾਲਾ ਵਿਚ ਜੈਕਬੋ ਆਰਬੇਂਜ਼ ਦੇ ਖ਼ਿਲਾਫ਼ ਰਾਜ-ਪਲਟਾ, 1965 ਵਿਚ ਡੋਮਿਨਿਕਨ ਰੀਪਬਲਿਕ 'ਤੇ ਹਮਲਾ ਜਿਸਨੇ ਜੁਆਨ ਬੋਸ਼ ਦੀ ਅਗਵਾਈ ਵਾਲੀ ਅਗਾਂਹਵਧੂ ਸਰਕਾਰ ਦੀ ਵਾਪਸੀ ਨੂੰ ਨਾਕਾਮ ਬਣਾ ਦਿੱਤਾ, 1973 ਦਾ ਰਾਜ-ਪਲਟਾ ਜਿਸਨੇ ਚਿੱਲੀ ਵਿਚ ਸਲਵਾਡੋਰ ਅਲੈਂਦੇ ਦੇ ਸਮਾਜਵਾਦੀ ਪ੍ਰੋਜੈਕਟ ਨੂੰ ਕੁਚਲ ਦਿੱਤਾ, 1983 ਵਿਚ ਮੌਰਿਸ ਬਿਸ਼ਪ ਦੀ ਸਰਕਾਰ ਨੂੰ ਉਖਾੜ ਸੁੱਟਣ ਦੀ ਸਾਜ਼ਿਸ਼ ਅਤੇ ਗ੍ਰੇਨਾਡਾ 'ਤੇ ਹਮਲਾ, ਅਤੇ 1991 ਤੇ 2004 ਵਿਚ ਹੈਤੀ ਦੇ ਰਾਸ਼ਟਰਪਤੀ ਜੀਨ-ਬਰਟਰਾਂਡ ਅਰਿਸਤਿਦ ਨੂੰ ਵਾਰ-ਵਾਰ ਸੱਤਾ ਤੋਂ ਲਾਹੁਣਾ ਆਦਿ। 2009 ਵਿਚ ਮੈਲ ਜ਼ੇਲਾਯਾ ਦੀ ਸਰਕਾਰ ਦੇ ਖ਼ਿਲਾਫ਼ ਹਾਂਡੁਰਾਸ ਵਿਚ ਰਾਜ-ਪਲਟਾ ਇਸੇ ਦੀ ਲਗਾਤਾਰਤਾ ਸੀ।

ਇਸ ਸਿਲਸਿਲੇ 'ਚ ਵੈਨਜ਼ੁਏਲਾ ਖ਼ਾਸ ਨਿਸ਼ਾਨਾ ਬਣਿਆ ਹੋਇਆ ਹੈ ਜਿਸ ਨੂੰ ਪਿਛਲੀ ਚੌਥਾਈ ਸਦੀ ਵਿਚ ਕਿਸੇ ਵੀ ਹੋਰ ਲਾਤੀਨੀ ਅਮਰੀਕੀ ਮੁਲਕ ਦੇ ਮੁਕਾਬਲੇ ਅਮਰੀਕੀ-ਹਮਾਇਤ ਨਾਲ ਸਰਕਾਰਾਂ ਬਦਲਣ ਦੇ ਯਤਨਾਂ ਦਾ ਸਾਹਮਣਾ ਕਰਨਾ ਪਿਆ ਹੈ। ਇਸ ਮੁਲਕ ਉਪਰ ਮੁੜ ਕੰਟਰੋਲ ਬਣਾਉਣ ਦੀ ਅਮਰੀਕੀ ਧੁੱਸ 1998 ਵਿਚ ਹਿਊਗੋ ਚਾਵੇਜ਼ ਦੇ ਚੁਣੇ ਜਾਣ ਦੇ ਥੋੜ੍ਹੇ ਸਮੇਂ ਬਾਅਦ ਹੀ ਸ਼ੁਰੂ ਹੋ ਗਈ ਸੀ। ਚਾਵੇਜ਼ ਦੀ ਜਿੱਤ ਅਮਰੀਕੀ ਸਰਪ੍ਰਸਤੀ ਵਾਲੀਆਂ ਨਵ-ਉਦਾਰਵਾਦੀ ਨੀਤੀਆਂ ਤੋਂ ਪਾਸਾ ਵੱਟਣ ਅਤੇ ਲਾਤੀਨੀ ਅਮਰੀਕਾ ਵਿਚ ਖੱਬੇ-ਪੱਖੀ ਸਰਕਾਰਾਂ ਦੀ ਲਹਿਰ ਦੀ ਅਗਵਾਈ ਵਿਚ ਗਰੀਬੀ ਘਟਾਉਣ ਤੋਂ ਲੈ ਕੇ ਖੇਤਰੀ ਏਕੀਕਰਣ ਤੱਕ ਦੇ ਵੱਡੀਆਂ ਤਬਦੀਲੀਆਂ ਦੇ ਅਰਸੇ ਦੇ ਆਗਾਜ਼ ਦਾ ਸੰਕੇਤ ਸੀ। ਵਾਸ਼ਿੰਗਟਨ ਨੇ ਚਾਵੇਜ਼ ਨੂੰ ਹਟਾਉਣ ਦੀਆਂ ਕੋਸ਼ਿਸ਼ਾਂ ਦੀ ਸਰਗਰਮੀ ਨਾਲ ਹਮਾਇਤ ਕੀਤੀ, ਖ਼ਾਸ ਤੌਰ 'ਤੇ 2002 ਦਾ ਫ਼ੌਜੀ ਰਾਜ-ਪਲਟਾ ਜਿਸਨੂੰ ਜਨਤਕ-ਉਭਾਰ ਨੇ ਨਾਕਾਮ ਬਣਾ ਦਿੱਤਾ ਅਤੇ 2002-2003 ਦਾ ਵਿਨਾਸ਼ਕਾਰੀ ਤੇਲ ਲਾਕਆਊਟ ਜਿਸਦਾ ਨਿਸ਼ਾਨਾ ਮੁਲਕ ਦੇ ਸਭ ਤੋਂ ਮਹੱਤਵਪੂਰਨ ਆਮਦਨੀ ਵਸੀਲੇ ਨੂੰ ਬੰਦ ਕਰਨਾ ਸੀ।

ਜਾਰਜ ਡਬਲਿਊ ਬੁਸ਼ ਅਤੇ ਬਰਾਕ ਓਬਾਮਾ ਦੋਹਾਂ ਦੇ ਕਾਰਜਕਾਲ ਦੌਰਾਨ, ਵੈਨਜ਼ੁਏਲਾ ਦੇ ਸੱਜੇਪੱਖੀ ਗੁੱਟਾਂ, ਜਿਨ੍ਹਾਂ ਦਾ ਕੋਈ ਖ਼ਾਸ ਸਮਾਜਿਕ ਅਧਾਰ ਨਹੀਂ ਸੀ, ਨੂੰ ਕਤਲ ਦੀਆਂ ਸਾਜ਼ਿਸ਼ਾਂ ਤੋਂ ਲੈ ਕੇ ਦਹਿਸ਼ਤਗਰਦ ਕਾਰਵਾਈਆਂ ਤੱਕ ਦੀ ਰਣਨੀਤੀ ਦੁਆਰਾ ਵੈਨਜ਼ੁਏਲਾ ਸਰਕਾਰ ਨਾਲ ਸਿੱਧੇ ਟਕਰਾਅ ਵਿਚ ਧੱਕਣ ਲਈ ਦਹਿ-ਲੱਖਾਂ ਡਾਲਰ ਦਿੱਤੇ ਗਏ। ਇਸ ਫੰਡਿੰਗ ਨੇ ਉਨ੍ਹਾਂ ਗੁੱਟਾਂ ਅਤੇ ਆਗੂਆਂ ਨੂੰ ਹੁਲਾਰਾ ਦਿੱਤਾ, ਜੋ ਜਮਹੂਰੀ ਵਿਰੋਧ ਜਾਂ ਗੈਰ-ਸਰਕਾਰੀ ਸੰਗਠਨਾਂ ਦਾ ਢੌਂਗ ਰਚਦੇ ਹੋਏ ਮੁਲਕ ਦੀ ਜਮਹੂਰੀ ਢੰਗ ਨਾਲ ਚੁਣੀ ਗਈ ਸਰਕਾਰ ਨੂੰ ਲਗਾਤਾਰ ਹਿੰਸਕ ਤਰੀਕੇ ਨਾਲ ਸੱਤਾ ਤੋਂ ਪਾਸੇ ਕਰਨ ਦੀ ਵਕਾਲਤ ਕਰਦੇ ਰਹੇ ਹਨ। ਇਹ ਜਮਹੂਰੀਅਤ ਦੀ ਰਾਖੀ ਦੇ ਦਾਅਵੇ ਕਰਨ ਵਾਲੇ ਅਮਰੀਕੀ ਸਾਮਰਾਜੀ ਸਟੇਟ ਦਾ ਅਸਲ ਖ਼ੂਨੀ ਚਿਹਰਾ ਹੈ ਜੋ ਦੁਨੀਆ ਵਾਰ-ਵਾਰ ਦੇਖ ਰਹੀ ਹੈ।

# ਕਿੱਸਾਕਾਰੀ ਦਾ ਸ਼ਾਹਸਵਾਰ ਸ਼ਾਇਰ 'ਹਾਸ਼ਮ ਸ਼ਾਹ'

ਸਦੀਆਂ ਪਹਿਲਾਂ ਵੀ ਪੰਜਾਬੀ ਨੂੰ ਉੱਚ ਦੁਮਾਲੜੇ ਤੱਕ ਪਹੁੰਚਾਉਣ ਵਾਲੇ ਉੱਚ-ਕੋਟੀ ਦੇ ਕਵੀ ਸ਼ਾਇਰ ਹੋਏ ਹਨ। ਉਨ੍ਹਾਂ ਭਾਵੇਂ ਵੱਖ-ਵੱਖ ਵਿਸ਼ਿਆਂ 'ਤੇ ਕਈ ਕਈ ਲੰਬੀਆਂ ਕਾਵਿਕ ਰਚਨਾਵਾਂ ਰਚੀਆਂ, ਪਰ ਕੋਈ ਇੱਕ ਅਜਿਹੀ ਹੋ ਨਿਬੜਦੀ ਜੋ ਉਨ੍ਹਾਂ ਦੇ ਨਾਂ ਨਾਲ ਹੀ ਜੁੜ ਜਾਂਦੀ। ਜਿਵੇਂ ਵਾਰਸ ਦੀ ਹੀਰ, ਕਾਦਰਯਾਰ ਦਾ ਪੂਰਨ ਭਗਤ, ਪੀਲੂ ਦਾ ਮਿਰਜ਼ਾ, ਫ਼ਜ਼ਲ ਸ਼ਾਹ ਦੀ ਸੋਹਣੀ, ਰਮਲ ਨਜੂਮ ਹਾਸ਼ਮੀ ਦੀ



**ਬਲਵਿੰਦਰ ਸਿੰਘ ਭੁੱਲਰ**
**ਫੋਨ: 098882-75913**

ਲੈਲਾ ਮਜਨੂੰ। ਇਸੇ ਤਰ੍ਹਾਂ ਦੀ ਰਚਨਾ ਹੈ ਹਾਸ਼ਮ ਸ਼ਾਹ ਦੀ ਸੱਸੀ ਪੁੰਨੂੰ, ਜੋ ਸੁਣੀ ਸੁਣਾਈ ਨਹੀਂ ਬਲਕਿ ਖੋਜ ਭਰਪੂਰ ਰਚਨਾ ਹੈ।

ਹਾਸ਼ਮ ਆਪਣੇ ਸਮੇਂ ਦਾ ਰਹੱਸਮਈ ਸ਼ਾਇਰ, ਰੋਮਾਂਸ ਵਿਚੋਂ ਸੂਫ਼ੀਆਨਾ ਅਤੇ ਸੂਫ਼ੀਆਨਾ ਵਿਚੋਂ ਰੋਮਾਂਸ ਦਾ ਨਿਖੇੜਾ ਕਰਨ ਵਾਲਾ ਪੰਜਾਬੀ ਦਾ ਪਹਿਲਾ ਅਜਿਹਾ ਕਵੀ ਹੈ, ਜਿਸਦੀ ਕਵਿਤਾ ਵਿਚ ਦਰਦ, ਚੀਸ, ਬਿਰਹਾ ਦੇ ਨਾਲ ਨਾਲ ਪ੍ਰੇਮ ਰੰਗ ਵੀ ਪੂਰੀ ਤਰ੍ਹਾਂ ਭਰਿਆ ਹੋਇਆ ਹੈ। ਸੰਨ 1735 ਵਿਚ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਜਗਦੇਵ ਕਲਾਂ ਵਿਖੇ ਕਾਸਮ ਸ਼ਾਹ ਦੇ ਘਰ ਮਾਤਾ ਰਜਨੀ ਮਾਈ ਦੇ ਪੇਟੋਂ ਜਨਮੇ ਹਾਸ਼ਮ ਨੇ ਆਪਣਾ ਸਮੁੱਚਾ ਜੀਵਨ ਇਸੇ ਪਿੰਡ ਵਿਚ ਬਤੀਤ ਕੀਤਾ। ਉਸ ਨੇ ਕੁੱਝ ਪੜ੍ਹਾਈ ਕੀਤੀ ਤੇ ਹਿਕਮਤ ਵੀ ਕੀਤੀ। ਉਸਦੇ ਪਿੰਡ ਦੇ ਹੀ ਨਜ਼ਦੀਕ ਪਿੰਡ ਕੰਦੋਵਾਲੀ ਦੇ ਇੱਕ ਸੰਤ ਮਾਣਕ ਦਾਸ ਨਾਲ ਉਸਦਾ ਸੰਪਰਕ ਹੋ ਗਿਆ, ਜਿੱਥੋਂ ਉਸਨੂੰ ਅਧਿਆਤਮਕ ਸਿੱਖਿਆ ਪ੍ਰਾਪਤ ਹੋਈ। ਉਸਨੇ ਕਵਿਤਾ ਲਿਖਣੀ ਅਰੰਭ ਕੀਤੀ, ਜਿਸ ਵਿਚ ਸੂਫ਼ੀਆਨਾ ਪ੍ਰਭਾਵ ਵੀ ਮਿਲਦਾ ਹੈ ਅਤੇ ਪ੍ਰੇਮ ਰਸ ਵੀ ਘੁਲਿਆ ਹੋਇਆ ਹੈ। ਮਹਾਰਾਜਾ ਰਣਜੀਤ ਸਿੰਘ ਦੇ ਕਹਿਣ 'ਤੇ ਉਸਨੇ ਇੱਕ ਵਾਰ ਆਪਣੀ ਕਵਿਤਾ ਸੁਣਾਈ "ਕਾਮਿਲ ਸ਼ੌਕ ਮਾਹੀ ਦਾ ਮੈਨੂੰ, ਰਹੇ ਜਿਗਰ ਵਿਚ ਵਸਦਾ, ਲੂੰ ਲੂੰ ਰਸਦਾ।" ਮਹਾਰਾਜੇ ਨੇ ਖ਼ੁਸ਼ ਹੋ ਕੇ ਬਹੁਤ ਸਾਰਾ ਇਨਾਮ ਦਿੱਤਾ, ਉਸ ਤੋਂ ਬਾਅਦ ਦਰਬਾਰ ਵਿਚ ਉਸਨੂੰ ਬਹੁਤ ਮਾਣ ਸਨਮਾਨ ਮਿਲਦਾ ਰਿਹਾ। ਉਸਦੀ ਸ਼ਾਇਰੀ ਬੜੀ ਅਨੂਠੀ ਤੇ ਸਰਲ ਸੀ, ਜਿਸ ਵਿਚ ਕਿਤੇ-ਕਿਤੇ ਅਰਬੀ, ਉਰਦੂ, ਫ਼ਾਰਸੀ ਦੇ ਸ਼ਬਦ ਵੀ ਮਿਲਦੇ ਹਨ। ਉਸਨੇ ਕਵਿਤਾ ਰੂਪ ਵਿਚ ਸੀਰੀ ਫਰਹਾਦ, ਹੀਰ ਰਾਂਝਾ, ਸੱਸੀ ਪੁੰਨੂੰ, ਵਾਰ ਮਹਾਂ ਸਿੰਘ, ਮਹਿਮੂਦ ਗਜ਼ਨਵੀ, ਗਿਆਨ ਪ੍ਰਕਾਸ਼ ਸਮੇਤ ਦੋਹਰੇ, ਸੀਹਰਫੀਆ ਆਦਿ ਵੀ ਲਿਖੀਆਂ ਹਨ। ਉਸਦੀ ਸਭ ਤੋਂ ਸ਼ਾਹਕਾਰ ਰਚਨਾ ਸੱਸੀ ਪੁੰਨੂੰ ਮੰਨੀ ਜਾਂਦੀ ਹੈ, ਜਿਸਨੂੰ ਲੋਕਾਂ ਨੇ ਅਜਿਹੀ ਮਾਨਤਾ ਦਿੱਤੀ ਕਿ ਉਸਦੇ ਨਾਲ ਇਹ ਰਚਨਾ ਅਮਰ ਹੋ ਗਈ ਹੈ। ਸੰਨ 1843 ਵਿਚ ਉਸਦੀ ਆਪਣੇ ਪਿੰਡ ਵਿਚ ਹੀ ਮੌਤ ਹੋ ਗਈ, ਪਰ ਉਸਨੂੰ ਜ਼ਿਲ੍ਹਾ ਸਿਆਲਕੋਟ ਦੇ ਪਿੰਡ ਥਰਪਾਲ ਵਿਖੇ ਦਫ਼ਨਾਇਆ ਗਿਆ, ਜਿੱਥੇ ਉਸਦੀ ਦਰਗਾਹ ਮੌਜੂਦ ਹੈ। ਹਾਸ਼ਮ ਦਾ ਸਿਰਫ਼ ਇਕਲੌਤੀ ਪੁੱਤਰੀ ਸੀ, ਜਿਸ ਦੀ ਔਲਾਦ ਅੱਜ ਵੀ ਜ਼ਿਲ੍ਹਾ ਸਿਆਲਕੋਟ ਵਿਚ ਵਸਦੀ ਹੈ।

ਹਾਸ਼ਮ ਨੇ ਅਧਿਆਤਮਕ ਰਹੱਸ ਨੂੰ ਇਸ਼ਕ ਦੇ ਰੂਪ ਵਿਚ ਵੇਖਿਆ ਅਤੇ ਰਚਿਆ। ਉਸਦੀ ਇਸ਼ਕ ਮਜਾਜੀ ਦੀ ਰਚਨਾ ਉੱਚ ਦਰਜੇ ਦੀ ਹੈ, ਜਿਸ ਵਿਚ ਰੋਮਾਂਸ ਤੇ ਸੂਫ਼ੀ ਅੰਸ਼ ਰਲੇ ਮਿਲੇ ਹੋਏ ਹਨ। ਇਹੋ ਕਾਰਨ ਹੈ ਕਿ ਉਸਦੀ ਰਚਨਾ



ਪਾਠਕ ਨੂੰ ਉਤੇਜਿਤ ਨਹੀਂ ਕਰਦੀ ਬਲਕਿ ਉਸਦੇ ਮਨ ਦੇ ਭਾਵਾਂ ਨੂੰ ਹਲੂਣ ਕੇ ਡੂੰਘੇ ਵਹਿਣ ਵੱਲ ਤੋਰ ਦਿੰਦੀ ਹੈ। ਉਸਨੇ ਇਸ਼ਕ ਨੂੰ ਪਾਰਸ ਦਾ ਰੁਤਬਾ ਦਿੱਤਾ।

ਪਾਰਸ ਇਸ਼ਕ ਜਿਨ੍ਹਾਂ ਨੂੰ ਮਿਲਿਆ<br>
ਉਹਦੀ ਜਾਤ ਸਕਲ ਸਭ ਮੇਟੀ।<br>
ਹਾਸ਼ਮ ਹੀਰ ਬਣੀ ਜਗ ਮਾਤਾ<br>
ਭਲਾ ਕੌਣ ਕੰਗਾਲ ਜਟੇਟੀ।

ਉਹ ਆਪਣੀ ਮਕਬੂਲ ਰਚਨਾ ਸੱਸੀ ਪੁੰਨੂੰ ਰਚਦਿਆਂ ਵਰਣਨ ਕਰਦਾ ਹੈ ਕਿ ਜਦ ਪੁੰਨੂੰ ਨੂੰ ਉਸਦੇ ਭਰਾ ਚੁੱਕ ਕੇ ਲੈ ਗਏ ਅਤੇ ਸੱਸੀ ਦੀ ਅੱਖ ਖੁਲ੍ਹੀ ਤਾਂ ਉਸਨੇ ਵਿਛੋੜੇ ਵਿਚ ਆਪਣੇ ਸ਼ਿੰਗਾਰ ਤੋੜ ਸੁੱਟੇ। ਹਾਸ਼ਮ ਲਿਖਦਾ ਹੈ:

ਨਾ ਉਹ ਊਠ ਨਾ ਊਠਾਂ ਵਾਲੇ, ਨਾ ਉਹ ਜਾਮ ਸੁਰਾਹੀ।

ਹਾਸ਼ਮ ਤੋੜ ਸਿੰਗਾਰ ਸੱਸੀ ਨੇ, ਖ਼ਾਕ ਮਿੱਟੀ ਸਿਰ ਪਾਈ।

ਫੇਰ ਪੁੰਨੂੰ ਦੀ ਭਾਲ ਵਿਚ ਸੱਸੀ ਕਿਵੇਂ ਤੱਤੇ ਰੇਤ 'ਤੇ ਵਿਲਕਦੀ ਫਿਰਦੀ ਹੈ? ਉਹਨਾਂ ਹਾਲਾਤਾਂ ਬਾਰੇ ਇੱਕ ਮਨ ਹੋ ਕੇ ਪੜ੍ਹਦਿਆਂ ਪਾਠਕ ਨੂੰ ਇੱਕ ਤਰ੍ਹਾਂ ਸੱਸੀ ਦੀਆਂ ਚੀਕਾਂ ਸੁਣਾਈ ਦੇਣ ਲੱਗ ਪੈਂਦੀਆਂ ਹਨ, ਉਸਨੂੰ ਸਾਹਮਣੇ ਥੱਕੀ-ਟੁੱਟੀ ਭੱਜੀ ਜਾਂਦੀ ਦਿਸਣ ਲੱਗ ਪੈਂਦੀ ਹੈ। ਉਹ ਲਿਖਦਾ ਹੈ:

ਨਾਜ਼ਕ ਪੈਰ ਮਲੂਕ ਸੱਸੀ ਦੇ ਮਹਿੰਦੀ ਨਾਲ ਸ਼ਿੰਗਾਰੇ।

ਬਾਲੂ ਰੇਤ ਤਪੇ ਵਿਚ ਥਲ ਦੇ, ਜਿਉਂ ਜੌਂ ਭੁੰਨਣ ਭਠਿਆਰੇ।

ਸੂਰਜ ਭੱਜ ਵੜਿਆ ਵਿਚ ਬੱਦਲੀ, ਡਰਦਾ ਲਿਸ਼ਕ ਨਾ ਮਾਰੇ।

ਹਾਸ਼ਮ ਦੇਖ ਯਕੀਨ ਸੱਸੀ ਦਾ, ਸਿਦਕੋਂ ਮੂਲ ਨਾ ਹਾਰੇ।

ਹਾਲਾਤ ਨੂੰ ਕਰੁਣਾਮਈ ਰੰਗਤ ਨਾਲ ਇਉਂ ਪੇਸ਼ ਕਰਦਾ ਹੈ ਕਿ ਪੱਥਰ ਵੀ ਦਲ ਜਾਵੇ। ਪਾਠਕ ਅੱਖਾਂ ਬੰਦ ਕਰਕੇ ਸੋਚਣ ਲਈ ਮਜਬੂਰ ਹੋ ਜਾਂਦਾ ਹੈ:

ਓੜਕ ਵਕਤ ਕਹਿਰ ਦੀਆਂ ਕੂਕਾਂ, ਸੁਣ ਪੱਥਰ ਦਲ ਜਾਵੇ।

ਜਿਸ ਡਾਚੀ ਮੇਰਾ ਪੁੰਨੂੰ ਖੜਿਆ, ਸ਼ਾਲਾ ਉਹ ਨਰਕਾਂ ਨੂੰ ਜਾਵੇ।

ਸੱਸੀ ਦੀ ਮੌਤ ਤੋਂ ਬਾਅਦ ਪੁੰਨੂੰ ਵੀ ਉਸਨੂੰ ਭਾਲਦਾ ਹੋਇਆ ਸੱਸੀ ਦੀ ਕਬਰ 'ਤੇ ਪਹੁੰਚ ਜਾਂਦਾ ਹੈ ਤੇ ਪ੍ਰਾਣ ਤਿਆਗ ਦਿੰਦਾ ਹੈ, ਜਿੱਥੇ ਇਹ ਪ੍ਰੇਮ ਸਿਰੇ ਚੜ੍ਹਦਿਆਂ ਕਹਾਣੀ ਦਾ ਅੰਤ ਹੁੰਦਾ ਹੈ। ਇਸ ਅੰਤਲੇ ਸਮੇਂ ਨੂੰ ਹਾਸ਼ਮ ਇਉਂ ਵਰਣਨ ਕਰਦਾ ਹੈ:

ਗਲ ਸੁਣ ਹੋਤ ਜਿਮੀਂ ਤੇ ਡਿੱਗਾ, ਖਾ ਕਲੇਜੇ ਕਾਨੀ।

ਖੁਲ ਗਈ ਗੋਰ ਪਿਆ ਵਿਚ ਕਬਰੇ, ਫੇਰ ਮਿਲੇ ਦਿਲ ਜਾਨੀ।

ਖਾਤਰ ਇਸ਼ਕ ਗਈ ਰਲ ਮਿੱਟੀ, ਸੂਰਤ ਹੁਸਨ ਜਵਾਨੀ।

ਹਾਸ਼ਮ ਇਸ਼ਕ ਕਮਾਲ ਸੱਸੀ ਦਾ, ਜਗ ਵਿਚ ਰਹੀ ਕਹਾਣੀ।

ਹਾਸ਼ਮ ਵਿਚ ਘੱਟ ਸ਼ਬਦਾਂ ਰਾਹੀਂ ਵੱਡੀ ਗੱਲ ਕਹਿਣ ਦੀ ਕਲਾ ਸੀ, ਸੱਸੀ ਪੁੰਨੂੰ ਦੀ ਰਚਨਾ ਵੀ ਉਸਨੇ ਸੰਜਮ ਨਾਲ ਸ਼ਬਦਾਂ ਦੀ ਵਰਤੋਂ ਕਰਦਿਆਂ ਕੀਤੀ। ਇਸ ਦੇ 126 ਦਵੱਈਆ ਛੰਦ ਹਨ, ਜਿਸ ਵਿਚ ਪੂਰੀ ਕਹਾਣੀ ਕਲਮਬੱਧ ਕਰ ਦਿੱਤੀ ਹੈ। ਇਹ ਲਿਖਤ ਉਸਦੀ ਰੋਮਾਂਟਿਕ ਤੇ ਇਸ਼ਕ ਮਜਾਜੀ ਕਲਾ ਦਾ ਨਮੂਨਾ ਹੈ ਤੇ ਇਸ ਵਿਚ ਮਿਠਾਸ ਤੇ ਰਸ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਜਿਸਨੂੰ ਕਲਮਬੱਧ ਕਰਦਿਆਂ ਹਾਸ਼ਮ ਨੇ ਪੰਜਾਬੀ ਨੂੰ ਨਵਾਂ ਰੰਗ ਚਾੜ੍ਹਿਆ। ਉਹ ਸੂਫ਼ੀਆਨਾ ਤੇ ਰੋਮਾਂਸ ਨੂੰ ਸਾਂਝੇ ਤੌਰ 'ਤੇ ਪੇਸ਼ ਕਰਨ ਵਾਲਾ ਕਿੱਸਾਕਾਰੀ ਦਾ ਸਦੀਆਂ ਪਹਿਲਾਂ ਹੋਇਆ ਅਜਿਹਾ ਸ਼ਾਹਸਵਾਰ ਸ਼ਾਇਰ ਹੈ, ਜਿਸ ਦੀਆਂ ਰਚਨਾਵਾਂ ਨੂੰ ਅੱਜ ਵੀ ਪੰਜਾਬੀ ਪ੍ਰੇਮੀ ਪੂਰੇ ਮਾਣ ਸਤਿਕਾਰ ਨਾਲ ਪੜ੍ਹਦੇ ਹਨ।

ੴ ੴ

ਪੁਛਨਿ ਗਲ ਈਮਾਨ ਦੀ ਕਾਜੀ ਮੁਲਾਂ ਇਕਠੇ ਹੋਈ। ਵਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ।
ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ। ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।

## ‘ਰਾਜੇ ਸ਼ੀਂਹ ਮੁਕੱਦਮ ਕੁੱਤੇ’ ਆਖ ਸਮੇਂ ਦੇ ਹਾਕਮਾਂ ਨੂੰ ਫਿੱਟ ਲਾਹਨਤ ਪਾਉਣ ਵਾਲੇ ਤੇ ਜ਼ਾਲਮਾਂ ਦੇ ਜ਼ੁਲਮਾਂ ਪ੍ਰਤੀ ਰੱਬ ਨੂੰ ‘ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦੁ ਨਾ ਆਇਆ’ ਦਾ ਨਿਹੋਰਾ ਦੇਣ ਵਾਲੇ

# ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਦੀ

## ਸਮੂਹ ਨਾਨਕ ਨਾਮ ਲੇਵਾ ਸਾਧ ਸੰਗਤ ਨੂੰ

# ਲੱਖ-ਲੱਖ ਵਧਾਈ


ਮਨਜੀਤ ਸਿੰਘ ਰਾਜਪੁਰ ਭਾਈਆਂ


ਪਰਮਵੀਰ ਸਿੰਘ, ਸ਼ਿਕਾਗੋ


ਮਨਜਿੰਦਰ ਸਿੰਘ, ਸ਼ਿਕਾਗੋ


ਅਮਰੀਕ ਸਿੰਘ ਸ਼ਿਕਾਗੋ

**Amar Carpets Inc.**
2423 W Devon Ave. Chicago IL 60659
Ph: 773-508-5253, 773-507-8043
Fax: 773-508-5249


**Best Flooring & Carpet Ltd**
2761 W. Algonquin Rd., Algonquin, IL 60102
Paramvir Singh, Ph: 773-956-0718
bestflooring13@gmail.com

ਵਲੋਂ: ਸ. ਅਮਰੀਕ ਸਿੰਘ ਸ਼ਿਕਾਗੋ ਅਤੇ ਸਮੁੱਚਾ ਅਮਰ ਕਾਰਪੈਟਸ ਪਰਿਵਾਰ

ੴ ਸਤਿਗੁਰ ਪ੍ਰਸਾਦਿ॥

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਦੇਰੁ ਪਰੋਆ॥

# ਸੱਚ ਦੀ ਜੋਤ, ਸਮਾਜਿਕ ਚਿੰਤਕ ਅਤੇ ਸੁਧਾਰਕ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ



# ਲੱਖ ਲੱਖ ਵਧਾਈ ਹੋਵੇ



ਮੇਜਰ ਗੁਰਚਰਨ ਸਿੰਘ ਝੱਜ (ਸ਼ਿਕਾਗੋ)
ਫੋਨ: 847-330-1421



ਜੈਦੇਵ ਸਿੰਘ (ਸੱਤੀ) ਭੱਠਲ
(ਸ਼ਿਕਾਗੋ)



ਸੁਖਰਾਜ ਸਿੰਘ ਤੱਖਰ
(ਸ਼ਿਕਾਗੋ)


**From:**


**Major Gurcharn Singh Jhaj**
**Jaidev Singh Bhattal & Sukhraj Singh Takher**
**and their families.**

# ਅਸੀਂ ਨਾਨਕ ਦੇ ਕੀ ਲੱਗਦੇ ਹਾਂ?

## ਡਾ. ਆਤਮਜੀਤ ਨੇ 'ਮੈਂ ਨਾਨਕ ਦੀ ਬਾਣੀ ਹਾਂ' ਦੇ ਨਾਟਕੀ ਪਾਠ ਰਾਹੀਂ ਅਜੋਕੀਆਂ ਸਮਾਜਿਕ ਰਹੁ-ਰੀਤਾਂ 'ਤੇ ਕੀਤੀ ਚੋਟ

ਸ਼ਿਕਾਗੋ: ਡਾ. ਆਤਮਜੀਤ ਦਾ ਨਾਟਕ 'ਮੈਂ ਨਾਨਕ ਦੀ ਬਾਣੀ ਹਾਂ', ਜਿੱਥੇ ਸਾਨੂੰ ਬਾਬੇ ਨਾਨਕ, ਭਾਈ ਮਰਦਾਨਾ ਤੇ ਨਾਨਕ ਦੀ ਬਾਣੀ ਦੇ ਨੇੜੇ ਲੈ ਕੇ ਜਾਂਦਾ ਹੈ, ਉਥੇ ਹੀ ਅਜੋਕੇ ਸਮੇਂ ਵੀ ਬਾਬਾ ਨਾਨਕ ਦੀਆਂ ਸਿੱਖਿਆਵਾਂ ਦੇ ਉਲਟ ਵਰਤ ਰਹੇ ਕਰਮ-ਕਾਂਡਾਂ, ਪਾਖੰਡਵਾਦ, ਜਾਤੀ ਨਾਲ ਸਬੰਧਤ ਭੇਦਭਾਵ, ਔਰਤ ਦੇ ਸ਼ੋਸ਼ਣ ਸਬੰਧੀ ਸਾਡੇ ਮਨ ਵਿਚ ਕਈ ਸਵਾਲ ਖੜ੍ਹੇ ਕਰਦਾ ਹੈ। ਬਹੁਤ ਹੀ ਡੂੰਘਾਈ ਨਾਲ ਗਹਿਰ-ਗੰਭੀਰ ਤੇ ਇਤਿਹਾਸਕ, ਧਾਰਮਿਕ, ਸਮਾਜਿਕ ਮੁੱਦਿਆਂ ਨੂੰ ਨਾਟਕਾਂ ਰਾਹੀਂ ਦਰਸ਼ਕਾਂ/ਸਰੋਤਿਆਂ ਸਾਹਮਣੇ ਪੇਸ਼ ਕਰਨ ਅਤੇ ਬੇਬਾਕੀ ਨਾਲ ਆਪਣੀ ਗੱਲ ਕਹਿਣ ਦਾ ਹੁਨਰ ਡਾ. ਆਤਮਜੀਤ ਹੁਰਾਂ ਕੋਲ ਹੀ ਹੈ, ਜੋ ਹਰ ਨਾਟਕ ਰਾਹੀਂ ਸਾਡੇ ਅੱਗੇ ਕਈ ਸਵਾਲ ਖੜ੍ਹੇ ਕਰ ਜਾਂਦੇ ਨੇ। ਉਨ੍ਹਾਂ ਦਾ ਹਰੇਕ ਨਾਟਕ ਦਰਸ਼ਕਾਂ ਦੇ ਦਿਲ 'ਤੇ ਡੂੰਘੀ ਛਾਪ ਛੱਡ ਜਾਂਦਾ ਹੈ ਤੇ ਦਰਸ਼ਕ ਕਈ ਦਿਨ ਉਸ ਨਾਟਕ ਦੇ ਰੰਗ ਵਿਚ ਹੀ ਰੰਗੇ ਰਹਿੰਦੇ ਨੇ।









'ਗਲੋਬਲ ਪੰਜਾਬੀ ਮਿਲਾਪ' ਸ਼ਿਕਾਗੋ ਵਲੋਂ ਕਰਵਾਏ ਨਾਟਕੀ ਪਾਠ ਵਿਚ ਡਾ. ਆਤਮਜੀਤ ਨੇ 'ਮੈਂ ਨਾਨਕ ਦੀ ਬਾਣੀ ਹਾਂ' ਦਾ ਨਾਟਕੀ ਪਾਠ ਕੀਤਾ ਤਾਂ ਇਹ ਇਕ ਵਿਲੱਖਣ ਤਜਰਬਾ ਹੋ ਨਿੱਬੜਿਆ। ਡਾ. ਆਤਮਜੀਤ ਦੇ ਹਾਵ-ਭਾਵਾਂ ਨਾਲ ਨਾਟਕ ਪੜ੍ਹਨ ਦੇ ਅਨੋਖੇ ਅੰਦਾਜ਼ ਨੇ ਸਰੋਤਿਆਂ ਨੂੰ ਸ਼ੁਰੂ ਤੋਂ ਅਖੀਰ ਤੱਕ ਨਾਟਕ, ਇਸ ਦੇ ਪਾਤਰਾਂ, ਬਾਬੇ ਨਾਨਕ ਤੇ ਇਸ ਦੀ ਬਾਣੀ ਨਾਲ ਜੋੜੀ ਰੱਖਿਆ। ਸਰੋਤੇ ਮੰਤਰ-ਮੁਗਧ ਹੋ ਕੇ ਨਾਟਕ ਦੇ ਹਰ ਦ੍ਰਿਸ਼ ਨੂੰ ਸੁਣ ਕੇ ਮਾਣ ਰਹੇ ਸੀ।

ਲੰਘੇ ਐਤਵਾਰ ਆਲ ਸੇਂਟਸ ਲੂਥਰਨ ਚਰਚ ਵਿਚ ਗਲੋਬਲ ਪੰਜਾਬੀ ਮਿਲਾਪ ਵਲੋਂ ਠਾਕਰ ਸਿੰਘ ਬਸਾਤੀ, ਸਾਜਿਦ ਚੌਧਰੀ ਅਤੇ ਡਾ. ਰਵਿੰਦਰ ਸਹਿਰਾਅ ਦੇ ਸਾਂਝੇ ਯਤਨਾਂ ਨਾਲ ਡਾ. ਆਤਮਜੀਤ ਦੇ ਨਾਟਕੀ ਪਾਠ ਦਾ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ। ਪ੍ਰੋਗਰਾਮ ਦੀ ਸ਼ੁਰੂਆਤ ਸਾਜਿਦ ਚੌਧਰੀ ਨੇ ਬਾਬਾ ਨਾਨਕ ਦੇ ਕਲਾਮ 'ਅਵਲਿ ਅਲਹ ਨੂਰੁ ਉਪਾਇਆ' ਨਾਲ ਕੀਤੀ। ਉਨ੍ਹਾਂ ਗਲੋਬਲ ਪੰਜਾਬੀ ਮਿਲਾਪ ਬਾਰੇ ਦੱਸਿਆ ਕਿ ਇਹ ਨਾਨ ਪੌਲੀਟੀਕਲ, ਨਾਨ ਰਿਲੀਜੀਅਸ ਸੰਸਥਾ ਹੈ। ਬਾਬਾ ਨਾਨਕ ਬਾਰੇ ਉਨ੍ਹਾਂ ਆਖਿਆ ਕਿ ਬਾਬਾ ਜੀ ਸਭ ਤੋਂ ਵੱਡੇ ਸੂਫੀ ਸਨ, ਜਿਨ੍ਹਾਂ ਨੇ ਲੋਕਾਈ ਨੂੰ ਵੰਡਿਆ ਨਹੀਂ ਸਗੋਂ ਜੋੜਿਆ ਹੈ। ਉਨ੍ਹਾਂ ਆਖਿਆ ਕਿ ਬੱਚਾ ਜਦੋਂ ਪੈਦਾ ਹੁੰਦਾ ਹੈ ਤਾਂ ਉਸ ਦਾ ਕੋਈ ਮਜ਼ਹਬ ਨਹੀਂ ਹੁੰਦਾ ਪਰ ਅਸੀਂ ਆਪੋ-ਆਪਣੀ ਟੋਪੀ ਪਹਿਨਾ ਕੇ ਉਸ ਨੂੰ ਮਜ਼ਹਬ ਨਾਲ ਬੰਨ੍ਹ ਦਿੰਦੇ ਹਾਂ ਪਰ ਬਾਬਾ ਨਾਨਕ ਨੇ ਸਭਨਾਂ ਨੂੰ ਸਿਰਫ਼ ਇਨਸਾਨ ਮੰਨਿਆ ਹੈ।

ਠਾਕਰ ਸਿੰਘ ਬਸਾਤੀ ਨੇ ਸਭਨਾਂ ਨੂੰ ਜੀਅ ਆਇਆਂ ਆਖਦਿਆਂ ਡਾ. ਆਤਮਜੀਤ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਅੰਮ੍ਰਿਤਸਰ ਦੇ ਜੰਮਪਲ ਹਨ ਤੇ ਪੰਜਾਬੀ ਸਣੇ ਹੋਰ ਕਈ ਭਾਸ਼ਾਵਾਂ ਦੇ ਗਿਆਤਾ ਹਨ, ਜੋ 20 ਤੋਂ ਵੱਧ ਕਿਤਾਬਾਂ ਲਿਖ ਚੁੱਕੇ ਹਨ। ਆਪਣੇ ਨਾਟਕਾਂ ਰਾਹੀਂ ਉਹ ਧਾਰਮਿਕ, ਸਮਾਜਿਕ, ਸਾਂਝੀਵਾਲਤਾ ਦਾ ਸੁਨੇਹਾ ਦਿੰਦੇ ਹਨ। ਸਾਜਿਦ ਚੌਧਰੀ ਅਤੇ ਠਾਕਰ ਸਿੰਘ ਬਸਾਤੀ ਵਲੋਂ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ।

ਡਾ. ਆਤਮਜੀਤ ਨੇ ਦੱਸਿਆ ਕਿ ਉਹ ਪਿਛਲੇ 30-35 ਸਾਲਾਂ ਤੋਂ ਨਾਟਕ ਸੁਣਾ ਰਹੇ ਹਨ। ਉਨ੍ਹਾਂ ਦੇ ਘਰ ਦਾ ਸਾਹਿਤਕ ਮਾਹੌਲ ਹੋਣ ਕਾਰਨ ਹੀ ਉਹ ਵੀ ਸਾਹਿਤ ਨਾਲ ਜੁੜੇ। ਉਨ੍ਹਾਂ ਲੰਮਾ ਅਰਸਾ ਪੰਜਾਬੀ ਬੋਲੀ ਅਤੇ ਸਾਹਿਤ ਪੜ੍ਹਾਇਆ, ਪਰ ਇਹ ਨਾਟਕ ਲਿਖਣ ਵੇਲੇ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਉਹ ਵੀ ਪਹਿਲਾਂ ਬਾਬਾ ਨਾਨਕ ਬਾਰੇ ਸਾਰਾ ਕੁਝ ਨਹੀਂ ਸਨ ਜਾਣਦੇ।

13 ਦ੍ਰਿਸ਼ਾਂ ਵਾਲੇ ਇਕ ਘੰਟਾ 20 ਮਿੰਟ ਦੇ ਨਾਟਕ 'ਮੈਂ ਨਾਨਕ ਦੀ ਬਾਣੀ ਹਾਂ' ਵਿਚ ਡਾ. ਆਤਮਜੀਤ ਨੇ ਮਹਾਂਦਰਸ਼ਕ, ਬਾਣੀ, ਭਾਈ ਮਰਦਾਨਾ, ਲੱਖੋ, ਸਾਬਰਾ ਦੇ ਕਿਰਦਾਰਾਂ ਰਾਹੀਂ 3000 ਸਾਲ ਪਹਿਲਾਂ ਵਾਲੇ ਮਾਹੌਲ ਤੋਂ ਲੈ ਕੇ ਅਜੋਕੇ ਸਮੇਂ ਤੱਕ ਦੇ ਸਮਾਜਿਕ-ਧਾਰਮਿਕ ਤਾਣੇ-ਬਾਣੇ 'ਤੇ ਗਹਿਰੀ ਚੋਟ ਕੀਤੀ ਹੈ। ਉਨ੍ਹਾਂ ਜਿੱਥੇ ਨਾਟਕ ਰਾਹੀਂ ਪੁਰਾਤਨ ਸਮੇਂ ਦੇ ਫੋਕੇ ਕਰਮ-ਕਾਂਡਾਂ, ਪਾਖੰਡਵਾਦ, ਜਾਤੀ ਮਤਭੇਦ, ਵਰਣ ਆਸ਼ਰਮ, ਬ੍ਰਾਹਮਣਵਾਦ, ਸਤੀ ਪ੍ਰਥਾ, ਔਰਤਾਂ ਦੀ ਦੁਰਦਸ਼ਾ ਦੀ ਗੱਲ ਕੀਤੀ ਹੈ, ਉਥੇ ਹੀ ਮੌਜੂਦਾ ਸਮੇਂ ਵੀ ਇਨ੍ਹਾਂ ਕੁਰੀਤੀਆਂ 'ਤੇ ਠੱਲ੍ਹ ਨਾ ਪੈ ਸਕਣ 'ਤੇ ਸਵਾਲ ਵੀ ਖੜ੍ਹੇ ਕੀਤੇ ਹਨ।





ਉਨ੍ਹਾਂ ਦੱਸਿਆ ਕਿ ਕਿੰਝ ਧਰਮ ਦੇ ਠੇਕੇਦਾਰ ਆਪਣੇ ਮੁਤਾਬਕ ਗ੍ਰੰਥਾਂ ਵਿਚ ਵੀ ਫੇਰਬਦਲ ਕਰ ਰਹੇ ਹਨ ਅਤੇ ਉਚ ਜਾਤੀ ਵਾਲਿਆਂ ਨੇ ਹਮੇਸ਼ਾ ਨੀਵੀਂ ਜਾਤੀ ਵਾਲਿਆਂ ਦਾ ਸ਼ੋਸ਼ਣ ਕੀਤਾ ਹੈ।

ਔਰਤ, ਜਿਸ ਦੀ ਹਾਲਤ ਪੁਰਾਤਨ ਸਮੇਂ ਮਲੇਛ ਤੋਂ ਵੀ ਮਾੜੀ ਸੀ, ਨੂੰ ਭਾਵੇਂ ਬਾਬੇ ਨਾਨਕ ਨੇ 'ਜਨਮ ਦਾਤੀ' ਆਖਿਆ, ਉਸ ਦੀ ਵਡਿਆਈ ਕੀਤੀ ਪਰ ਅੱਜ ਵੀ ਉਸ ਨਾਲ ਵਿਤਕਰਾ ਹੁੰਦੈ, ਤੇ ਉਸ ਨੂੰ ਪੂਰਨ ਹੱਕ ਨਹੀਂ ਮਿਲੇ। ਭਾਵੇਂ ਹੁਣ ਆਮ ਬੰਦੇ ਦਾ ਯੁੱਗ ਆ ਗਿਐ, ਬੰਦੇ ਨੂੰ ਸਾਹ ਆ ਰਿਹੈ, ਪਰ ਔਰਤ ਦਾ ਅਜੇ ਵੀ ਦਮ ਘੁੱਟਦੈ। ਬਾਣੀ ਜਦੋਂ ਮਹਾਦਰਸ਼ਕ ਨੂੰ ਆਖਦੀ ਏ, 'ਲੜਦਾ ਬੰਦੈ, ਭੁਗਤਦੀ ਔਰਤ ਹੈ' ਤਾਂ ਇਸ ਤੋਂ ਔਰਤ ਦੀ ਦੁਰਦਸ਼ਾ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦੈ।

ਗੁਰੂ ਨਾਨਕ ਦੇ ਵੇਲੇ ਪੁਰੋਹਿਤਾਂ ਵਲੋਂ ਸ਼ੂਦਰਾਂ ਨਾਲ ਕੀਤੇ ਜਾਂਦੇ ਮਾੜੇ ਰਵੱਈਏ ਅਤੇ ਉਨ੍ਹਾਂ ਦੀਆਂ ਔਰਤ ਦੇ ਸ਼ੋਸ਼ਣ ਦੀ ਵਿਥਿਆ ਨੂੰ ਮਾਰਮਿਕ ਢੰਗ ਨਾਲ ਬਿਆਨਿਆ ਗਿਆ ਹੈ।

ਡਾ. ਆਤਮਜੀਤ ਨੇ ਬੜੀ ਗਹਿਰਾਈ ਨਾਲ ਭਾਈ ਮਰਦਾਨੇ ਦੇ ਕਿਰਦਾਰ ਰਾਹੀਂ ਦੱਸਿਆ ਕਿ ਗੁਰੂ ਜੀ ਕਰਮ-ਕਾਂਡਾਂ ਤੇ ਪਾਖੰਡਵਾਦ ਬਾਰੇ ਲੋਕਾਈ ਨੂੰ ਕਿਵੇਂ ਜਾਗਰੂਕ ਕਰਦੇ ਸਨ। ਜਦੋਂ ਭਾਈ ਮਰਦਾਨਾ ਆਪਣੀ ਮਾਂ ਲੱਖੋ ਨੂੰ ਦੱਸਦੇ ਨੇ ਕਿ ਉਹ ਤੇ ਨਾਨਕ 'ਕੱਠੇ ਹੀ ਖਾਂਦੇ ਨੇ ਤਾਂ ਉਸ ਦੀ ਮਾਂ ਲੱਖੋ ਦਾ ਸਿਰ ਘੁੰਮ ਜਾਂਦੈ। ਉਹ ਦੱਸਦੈ ਕਿ ਉਹ ਪਾਖੰਡ ਕਰਨ ਵਾਲੇ ਪੰਡਤਾਂ, ਮੌਲਵੀਆਂ ਤੇ ਜੋਗੀਆਂ ਸਭ ਨੂੰ ਇਕੋ ਸਬਕ ਪੜ੍ਹਾਉਂਦੇ ਨੇ, ਉਹ ਕੋਰੇ ਗਿਆਨ ਵਿਚ ਨਹੀਂ, ਸਗੋਂ ਕਰਮ ਵਿਚ ਵਿਸ਼ਵਾਸ ਰੱਖਦੇ ਨੇ। ਬਾਬਾ ਨਾਨਕ ਕਹਿੰਦੈ ਕਿ ਸੱਚ ਤੋਂ ਵੱਡਾ ਕੋਈ ਪੀਰ ਨਹੀਂ। ਸੱਚਾ ਵਿਹਾਰ ਰੱਬ ਤੋਂ ਵੀ ਉਤਾਂਹ ਹੈ। ਸੱਚਾ ਜਨੇਊ ਪਾਓ, ਜੋ ਨਾ ਟੁੱਟੇ ਤੇ ਨਾ ਮੈਲਾ ਹੋਵੇ। ਮਰਦਾਨਾ ਜਦੋਂ ਮੱਕੇ ਵਿਚ ਵਰਤੇ ਕੌਤਕ ਤੇ ਕਾਮਰੂਪ ਵਾਲੀ ਘਟਨਾ ਬਾਰੇ ਦੱਸਦੈ ਤਾਂ ਮਾਂ ਲੱਖੋ ਹੈਰਾਨ ਰਹਿ ਜਾਂਦੀ ਏ।

ਮਰਦਾਨਾ ਦੱਸਦੈ ਕਿ ਬਾਬਾ ਨਾਨਕ ਮਜ਼ਹਬ ਦੇ ਠੇਕੇਦਾਰਾਂ ਨੂੰ ਸਮਝਾਉਂਦੇ ਨੇ ਕਿ ਮਜ਼ਹਬ ਸਿਰਫ਼ ਇਕ ਛਿੱਲੜ ਹੈ ਜੋ ਅੰਦਰਲੇ ਫ਼ਲ ਦੀ ਹਿਫਾਜ਼ਤ ਕਰਦੈ; ਛਿੱਲੜ ਨੂੰ ਫਲ ਸਮਝ ਲੈਣਾ ਗ਼ਲਤ ਹੈ।

ਭਾਈ ਮਰਦਾਨਾ ਦੀਆਂ ਗੱਲਾਂ ਸੁਣ ਕੇ ਜਦੋਂ ਲੱਖੋ ਪੁੱਛਦੀ ਐ, 'ਕਿਤੇ ਤੈਨੂੰ ਨਮਾਜ਼ ਪੜਨੋਂ ਤਾਂ ਨੀਂ ਰੋਕਦਾ?' ਤਾਂ ਭਾਈ ਮਰਦਾਨਾ ਦਾ ਉੱਤਰ ਕਿ 'ਉਹ ਕਹਿੰਦੇ ਨੇ ਚੱਜ ਦੇ ਹਿੰਦੂ ਬਣੋ ਜਾਂ ਸੱਚੇ ਮੋਮਨ ਬਣੋ' ਮਾਂ ਦੀ ਤਸੱਲੀ ਕਰਵਾ ਦਿੰਦਾ ਹੈ। ਉਹ ਇਕੋ ਰੱਬ ਦੀ ਗੱਲ ਆਖਦੇ ਨੇ।

ਬਾਬੇ ਨਾਨਕ ਦੇ ਉਪਦੇਸ਼ਾਂ ਨੂੰ ਵੱਖ ਵੱਖ ਉਦਾਹਰਨਾਂ ਰਾਹੀਂ ਬਾਖੂਬੀ ਸਰੋਤਿਆਂ ਤੱਕ ਪਹੁੰਚਾਇਆ ਗਿਆ ਹੈ।

ਡਾ. ਆਤਮਜੀਤ ਨੇ ਸਵਾਲ ਚੁੱਕਿਆ ਕਿ ਅਜੇ ਵੀ ਔਰਤ ਨੂੰ 'ਨਰਕ ਦਾ ਦੁਆਰ', 'ਕਾਮਣੀ' ਕਿਉਂ ਆਖਿਆ ਜਾਂਦੈ? ਉਨ੍ਹਾਂ ਕਰਤਾਰਪੁਰ ਨੂੰ ਹਰ ਔਰਤ ਦਾ ਪੇਕਾ ਘਰ ਦਰਸਾਇਆ ਹੈ, ਜਿੱਥੇ ਉਸ ਨੂੰ ਮਾਣ ਮਿਲਦੈ ਪਰ ਹਰਿਮੰਦਰ ਸਾਹਿਬ ਵਿਚ ਔਰਤ ਨੂੰ ਕੀਰਤਨ ਕਰਨ ਦੀ ਇਜ਼ਾਜਤ ਕਿਉਂ ਨਹੀਂ, ਇਹ ਵਿਚਾਰਨਯੋਗ ਹੈ। ਉਨ੍ਹਾਂ ਹਰਿਮੰਦਰ ਵਿਚ ਭਾਈ ਮਰਦਾਨਾ ਦੇ ਵੰਸ਼ਜਾਂ ਨੂੰ ਕੀਰਤਨ ਨਾ ਕਰਨ ਦੇਣ ਦੀ ਆਗਿਆ ਹੋਣ ਬਾਰੇ ਵੀ ਸਵਾਲ ਇਸ ਨਾਟਕ ਰਾਹੀਂ ਪੁੱਛਿਆ ਹੈ।

ਨਾਟਕ ਦੇ ਪਾਠ ਮਗਰੋਂ ਸਰੋਤਿਆਂ ਵਿਚੋਂ ਸਿਨਸਿਨੈਟੀ ਤੋਂ ਆਏ ਰਛਪਾਲ ਸਿੰਘ ਸਹੋਤਾ ਤੋਂ ਇਲਾਵਾ ਕੁਲਵੰਤ ਸਿੰਘ ਹੁੰਦਲ, ਇੰਦਰਬੀਰ ਸਿੰਘ ਗਿੱਲ, ਪ੍ਰਦੀਪ ਸਿੰਘ ਗਿੱਲ, ਭੁਪਿੰਦਰ ਧਾਲੀਵਾਲ, ਸ੍ਰੀ ਕੁਲਦੀਪ ਸਿੰਘ ਮੱਕੜ ਆਦਿ ਨੇ ਵੀ ਡਾ. ਆਤਮਜੀਤ ਨੂੰ ਸਵਾਲ ਪੁੱਛੇ, ਜਿਨ੍ਹਾਂ ਦੇ ਉਨ੍ਹਾਂ ਤਸੱਲੀਬਖਸ਼ ਉਤਰ ਦਿੱਤੇ। ਬੈਕਗਰਾਊਂਡ ਮਿਊਜ਼ਿਕ ਦੀ ਜ਼ਿੰਮੇਵਾਰੀ ਅਕਾਸ਼ ਜੋਸ਼ੀ ਨੇ ਬਾਖੂਬੀ ਸੰਭਾਲੀ। ਡਾਕਟਰ ਵੀ.ਕੇ. ਗਿੱਲ ਨੇ ਬਾਅਦ ਵਿਚ ਦੱਸਿਆ ਕਿ ਇਸ ਨਾਟਕ ਵਿਚ ਜਿਸ ਕਿਸਮ ਦੀ ਮੁਹਾਵਰਿਆਂ ਅਤੇ ਅਖਾਣਾਂ ਨਾਲ ਭਰੀ ਹੋਈ ਬੋਲੀ ਵਰਤੀ ਗਈ ਹੈ, ਉਹ ਬਹੁਤ ਪ੍ਰਭਾਵਿਤ ਕਰਦੀ ਹੈ। ਉਨ੍ਹਾਂ ਅਨੁਸਾਰ ਨਾਟਕ ਦੀ ਇਹ ਵੀ ਇਕ ਪ੍ਰਾਪਤੀ ਹੈ ਕਿ ਇਸ ਵਿਚ ਹਜ਼ਾਰਾਂ ਸਾਲਾਂ ਦੇ ਲੰਮੇ ਭਾਰਤੀ ਇਤਿਹਾਸ ਨੂੰ ਬੜੀ ਕਲਾਤਮਕਤਾ ਨਾਲ ਪਰੋਇਆ ਗਿਆ ਹੈ। ਸਰਵਣ ਸਿੰਘ ਦਾ ਵਿਚਾਰ ਸੀ ਕਿ ਇਸ ਨਾਟਕ ਵਿਚ ਵਾਤਾਵਰਨ ਸੰਬੰਧੀ ਗੁਰੂ ਨਾਨਕ ਦੇ ਫ਼ਿਕਰ ਨੂੰ ਵੀ ਜੋੜ ਲੈਣਾ ਚਾਹੀਦਾ ਹੈ।

ਰਵਿੰਦਰ ਸਹਿਰਾਅ ਨੇ ਪ੍ਰੋਗਰਾਮ ਦੇ ਅਖੀਰ ਵਿਚ ਆਏ ਸਰੋਤਿਆਂ ਦਾ ਧੰਨਵਾਦ ਕੀਤਾ। ਉਨ੍ਹਾਂ ਵਲੋਂ ਡਾ. ਆਤਮਜੀਤ ਨੂੰ ਸ਼ਾਲ ਅਤੇ ਗਿਫਟ ਮਨੀ ਦੇ ਕੇ ਸਨਮਾਨਿਤ ਕੀਤਾ ਗਿਆ। ਸਾਜਿਦ ਚੌਧਰੀ ਨੇ ਡਾ. ਆਤਮਜੀਤ ਨੂੰ ਆਪਣੀਆਂ ਕਿਤਾਬਾਂ 'ਰੰਗੋ ਰੰਗੀ' ਅਤੇ 'ਆਪਣਾ ਖੋਜ' ਭੇਟ ਕੀਤੀਆਂ। ਇਸ ਮੌਕੇ ਸਰਵਣ ਸਿੰਘ ਵਲੋਂ ਤਿਆਰ ਕੀਤੀ ਸਿੱਖ ਸਿਰੀਜ਼ ਬਾਰੇ ਪ੍ਰਦਰਸ਼ਨੀ ਲਗਾਈ ਗਈ ਸੀ। ਸ. ਅਮਰੀਕ ਸਿੰਘ ਅਮਰ ਕਾਰਪੇਟ ਵਾਲਿਆਂ ਨੇ ਹਾਜ਼ਰੀਨ ਲਈ ਸਨੈਕਸ ਦਾ ਪ੍ਰਬੰਧ ਕੀਤਾ ਸੀ। ਡਾਕਟਰ ਆਤਮਜੀਤ ਨੇ ਗਲੋਬਲ ਪੰਜਾਬੀ ਮਿਲਾਪ, ਠਾਕੁਰ ਸਿੰਘ ਬਸਾਤੀ, ਸਾਜਿਦ ਚੌਧਰੀ, ਅਕਾਸ਼ ਜੋਸ਼ੀ ਅਤੇ ਆਏ ਹੋਏ ਸਰੋਤਆਂ ਦਾ ਧੰਨਵਾਦ ਕੀਤਾ।

## ਸ. ਇੰਦਰਮੋਹਨ ਸਿੰਘ ਛਾਬੜਾ ਨੂੰ ਸਦਮਾ; ਪਤਨੀ ਦਾ ਦੇਹਾਂਤ



**ਸ਼ਿਕਾਗੋ:** ਸਿੱਖ ਟੀ.ਵੀ. ਦੇ ਸੰਚਾਲਕ ਸ. ਇੰਦਰਮੋਹਨ ਸਿੰਘ ਛਾਬੜਾ ਨੂੰ ਉਸ ਸਮੇਂ ਡੂੰਘਾ ਸਦਮਾ ਲੱਗਾ, ਜਦੋਂ ਉਨ੍ਹਾ ਦੀ ਪਤਨੀ ਸਰਦਾਰਨੀ ਜਗਦੀਸ਼ ਕੌਰ ਛਾਬੜਾ ਦਾ ਅਚਾਨਕ ਲੰਘੀ 24 ਅਕਤੂਬਰ ਨੂੰ ਦੇਹਾਂਤ ਹੋ ਗਿਆ। ਉਹ 75 ਸਾਲਾਂ ਦੇ ਸਨ। ਉਹ ਆਪਣੇ ਪਿੱਛੇ ਪਤੀ ਸ. ਇੰਦਰਮੋਹਨ ਸਿੰਘ ਛਾਬੜਾ, ਪੁੱਤਰ ਗੁਰਪ੍ਰੀਤ ਸਿੰਘ ਛਾਬੜਾ, ਨੂੰਹ ਗਗਨਪ੍ਰੀਤ ਕੌਰ, ਪੋਤੀਆਂ ਹਰਸਿਮਰਨ ਕੌਰ ਛਾਬੜਾ, ਸਿਮਰੀਨ ਕੌਰ ਛਾਬੜਾ ਅਤੇ ਪੋਤਰਾ ਜੀਵਨਬੀਰ ਸਿੰਘ ਛਾਬੜਾ ਦਾ ਭਰਿਆ ਪਰਿਵਾਰ ਛੱਡ ਗਏ ਹਨ।

ਜਗਦੀਸ਼ ਕੌਰ ਛਾਬੜਾ ਬਹੁਤ ਲੰਮੇ ਸਮੇਂ ਤੋਂ ਬਿਮਾਰ ਸਨ। ਉਨ੍ਹਾਂ ਦਾ ਸਸਕਾਰ ਬੁੱਧਵਾਰ, 29 ਅਕਤੂਬਰ ਨੂੰ ਦੁਪਹਿਰ 12:00 ਤੋਂ 2:00 ਵਜੇ ਦਰਮਿਆਨ ਡੇਵਨਪੋਰਟ ਫਿਊਨਰਲ ਹੋਮ ਵਿਖੇ ਅਤੇ ਅੰਤਮ ਅਰਦਾਸ ਬਾਅਦ ਦੁਪਹਿਰ 3:00 ਤੋਂ ਸ਼ਾਮ 5:00 ਵਜੇ ਤੱਕ ਸਿੱਖ ਰਿਲੀਜੀਅਸ ਸੋਸਾਇਟੀ ਗੁਰਦੁਆਰਾ ਪੈਲਾਟਾਈਨ ਵਿਖੇ ਹੋਵੇਗੀ।

## ਸਰਦਾਰਨੀ ਬਲਵੀਰ ਕੌਰ ਸਿੰਘ ਦੇ ਦੇਹਾਂਤ ਨਾਲ ਪਰਿਵਾਰ ਨੂੰ ਸਦਮਾ

**ਸ਼ਿਕਾਗੋ:** ਸਰਦਾਰ ਪ੍ਰੀਤ ਮੋਹਨ ਸਿੰਘ ਦੇ ਮਾਤਾ ਸਰਦਾਰਨੀ ਬਲਵੀਰ ਕੌਰ ਸਿੰਘ ਲੰਘੀ 24 ਅਕਤੂਬਰ ਨੂੰ ਅਕਾਲ ਚਲਾਣਾ ਕਰ ਗਏ ਹਨ। ਉਹ 75 ਸਾਲਾਂ ਦੇ ਸਨ ਅਤੇ ਪਿਛਲੇ 50 ਸਾਲਾਂ ਤੋਂ ਸ਼ਿਕਾਗੋ ਰਹਿ ਰਹੇ ਸਨ। ਬਲਵੀਰ ਕੌਰ ਆਪਣੇ ਪਿੱਛੇ ਪਤੀ ਸਰਦਾਰ ਹਰਪ੍ਰੀਤ ਸਿੰਘ, ਪੁੱਤਰ ਸ. ਪ੍ਰੀਤ ਮੋਹਨ ਸਿੰਘ, ਧੀ ਦੀਪਾ ਮੋਹਣੀ ਜਸਵਾਲ, ਨੂੰਹ ਮੀਤੂ ਸਿੰਘ, ਜਵਾਈ ਸ. ਨਵਦੀਪ ਸਿੰਘ ਜਸਵਾਲ, ਪੋਤੀਆਂ ਕਿਰਪਾ ਮੋਹਣੀ ਸਿੰਘ, ਸਮ੍ਰਿਤਾ ਕੌਰ ਮੰਨਤ ਕੌਰ ਜਸਵਾਲ ਦਾ ਭਰਿਆ ਪਰਿਵਾਰ ਛੱਡ ਗਏ ਹਨ। ਬਲਵੀਰ ਕੌਰ ਸਿੰਘ ਬਹੁਤ ਹੀ ਨਿੱਘੇ ਤੇਮਿਲਾਪੜੇ ਸੁਭਾਅ ਦੇ ਮਾਲਕ ਸਨ, ਜਿਨ੍ਹਾਂ ਆਪਣੇ ਬੱਚਿਆਂ ਨੂੰ ਚੰਗੇ ਸੰਸਕਾਰ ਦਿੱਤੇ।



ਬਲਵੀਰ ਕੌਰ ਸਿੰਘ ਦਾ ਸਸਕਾਰ ਅਤੇ ਅੰਤਿਮ ਅਰਦਾਸ ਲੰਘੀ 28 ਅਕਤੂਬਰ ਨੂੰ ਕਰ ਦਿੱਤੀ ਗਈ ਹੈ। ਪਰਿਵਾਰ ਨਾਲ ਦੁਖ ਸਾਂਝਾ ਕਰਨ ਲਈ ਪ੍ਰੀਤ ਮੋਹਨ ਸਿੰਘ ਨਾਲ ਫੋਨ ਨੰਬਰ 201-424-4645 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪ੍ਰਥਮ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਦੀ ਕੁਲ ਲੋਕਾਈ ਨੂੰ

# ਲੱਖ ਲੱਖ ਵਧਾਈ

## ਵਨ ਬੀਟ ਮੈਡੀਕਲ ਗਰੁੱਪ ਦੇ ਤਿੰਨਾਂ ਹਸਪਤਾਲਾਂ ਵਿੱਚ

ਫਰੀ ਸੇਵਾ

ਤਜਰਬੇਕਾਰ ਤੇ ਅਨੁਭਵੀ ਡਾਕਟਰਾਂ ਤੇ ਸਰਜਨਾਂ ਦੀ ਟੀਮ ਦੇ ਸਹਿਯੋਗ ਨਾਲ

ਫਰੀ ਸੇਵਾ



ਸ. ਅੰਮ੍ਰਿਤ ਸਿੰਘ
ਮੁਖੀ
ਵਨ ਬੀਟ ਮੈਡੀਕਲ ਗਰੁੱਪ

ਮੈਡੀਕਲ ਵਿਭਾਗ | ਗੰਭੀਰ ਰੋਗ ਵਿਭਾਗ | ਇਸਤਰੀਆਂ ਨਾਲ ਸਬੰਧਤ ਰੋਗ ਵਿਭਾਗ
ਟੀ. ਬੀ. ਅਤੇ ਛਾਤੀ ਰੋਗ ਵਿਭਾਗ | ਹੱਡੀ ਰੋਗ ਵਿਭਾਗ | ਅੱਖਾਂ ਦਾ ਰੋਗ ਵਿਭਾਗ
ਸਾਧਾਰਨ ਰੋਗ ਵਿਭਾਗ | ਸਰਜਰੀ ਵਿਭਾਗ | ਨਵਜੰਮੇ ਬੱਚਿਆਂ ਨਾਲ ਸਬੰਧਤ ਰੋਗ ਵਿਭਾਗ

* ਬਿਰਧਾਂ, ਵਿਕਲਾਂਗਾਂ, ਨਿਮਾਣਿਆਂ, ਨਿਤਾਣਿਆਂ ਦਾ ਪਹਿਲ ਦੇ ਆਧਾਰ ਤੇ ਇਲਾਜ
* ਨੇੜਲੇ ਇਲਾਕਾ ਨਿਵਾਸੀਆਂ ਲਈ ਬਲੱਡ ਬੈਂਕ ਦੀ ਸੁਵਿਧਾ ਉਪਲਬਧ (95545-71155)



ਸ. ਬਹਾਦਰ ਸਿੰਘ
ਸੰਸਥਾਪਕ/ਚੇਅਰਮੈਨ
ਵਨ ਬੀਟ ਮੈਡੀਕਲ ਗਰੁੱਪ

ਵਨ ਬੀਟ ਹਸਪਤਾਲ 'ਚ ਆਉਣ ਵਾਲੇ ਮਰੀਜ਼ਾਂ ਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਵਾਸਤੇ ਫਰੀ ਲੰਗਰ ਦਾ ਪ੍ਰਬੰਧ

ਮਰੀਜ਼ਾਂ ਵਾਸਤੇ ਦਵਾਈਆਂ, ਟੈਸਟ, ਅਪ੍ਰੇਸ਼ਨ, ਐਮਰਜੈਂਸੀ ਸੇਵਾਵਾਂ ਫਰੀ ਉਪਲਬਧ

ONE BEAT

## ਵਨ ਬੀਟ ਮੈਡੀਕਲ ਗਰੁੱਪ

A Charitable Organization inspired by Sikhism way of life



## ਵਨ ਬੀਟ ਆਈ ਹਸਪਤਾਲ

ਖੁੱਲ੍ਹ ਗਿਆ ਹੈ

ਸੰਧੂਆਂ ਰੋਡ, ਸ੍ਰੀ ਚਮਕੌਰ ਸਾਹਿਬ 140112




ਦਿੱਤੀਆਂ ਜਾਣ ਵਾਲੀਆਂ ਸੇਵਾਵਾਂ

ਓ.ਪੀ.ਡੀ. | ਅੱਖਾਂ ਦੀ ਜਾਂਚ | ਨੇੜੇ ਦੀ ਨਿਗਾ ਦੀਆਂ ਐਨਕਾਂ
ਮੋਤੀਆਬਿੰਦ ਦਾ ਆਪ੍ਰੇਸ਼ਨ | ਨਾਖੂਨਾਂ ਦਾ ਆਪ੍ਰੇਸ਼ਨ | ਦਵਾਈਆਂ

### ਇਹ ਸਾਰੀਆਂ ਸੇਵਾਵਾਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ।

ਹਸਪਤਾਲ ਖੁੱਲ੍ਹਣ ਦਾ ਸਮਾਂ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ


ਐਤਵਾਰ ਨੂੰ ਹਸਪਤਾਲ ਬੰਦ ਰਹੇਗਾ।

E-Mail: onebeatdasmeshhospital@gmail.com
https://onebeathospitals.in/ https:/onebeat.org.in/
PH:01881511952 M: 78892-68941

## ਵਲੋਂ: ਸ. ਬਹਾਦਰ ਸਿੰਘ ਅਤੇ ਪਰਿਵਾਰ

# ਗੁਰੂ ਨਾਨਕ ਦੀ ਵਡਿਆਈ: ਅਨਹਦ ਸਬਦ ਅਚਰਜ ਬਿਸਮਾਦ

ਧਰਮ ਜਗਤ ਵਿਚ ਮਹਾ-ਪੁਰਖਾਂ ਨੇ ਆਪਣਾ ਸੁਨੇਹਾ ਦੇਕੇ ਮਨੁੱਖਤਾ ਦਾ ਉਧਾਰ ਕਰਨ ਲਈ ਭਿੰਨ-ਭਿੰਨ ਢੰਗ ਅਪਨਾਏ। ਇਨ੍ਹਾਂ ਵਿਚੋਂ ਪ੍ਰਵਚਨ ਦਾ ਮਾਧਿਅਮ ਮੁੱਖ ਸੀ। ਪ੍ਰਵਚਨਾਂ ਲਈ ਗੰਭੀਰ ਸ਼ਬਦਾਵਲੀ ਵਰਤੀ ਜਾਂਦੀ ਸੀ ਜਿਸ ਨੂੰ ਸਮਝਣਾ ਸਧਾਰਨ ਮਨੁੱਖ ਲਈ ਔਖਾ ਸੀ। ਧਰਮ ਦਾ ਪਾਲਣ ਕਰਨ ਲਈ ਸਰੀਰਕ, ਆਤਮਕ ਅਭਿਆਸ ਦੇ ਆਪੋ-ਆਪਣੇ ਢੰਗ ਸਨ ਜਿਨ੍ਹਾਂ ਨੂੰ ਵਰਤਣਾ ਸੌਖਾ ਨਹੀਂ ਸੀ। ਇਸ ਕਾਰਨ ਧਰਮ ਇੱਕ ਖਾਸ ਵਰਗ ਦਾ ਵਿਸ਼ਾ ਬਣ ਕੇ ਰਹਿ ਗਿਆ। ਆਮ ਮਨੁੱਖ, ਭਾਵੇਂ ਕਿਸੇ ਵੀ ਧਰਮ ਦਾ ਅਨੁਆਈ ਸੀ ਧਰਮ ਦੀ ਵਿਆਖਿਆ ਤੇ ਧਰਮ-ਕਰਮ ਦਾ ਫਲ ਪ੍ਰਾਪਤ ਕਰਨ ਲਈ ਉਸ ਵਰਗ ਦੇ ਆਸਰੇ ਹੋ ਗਿਆ। ਗੁਰੂ ਨਾਨਕ ਸਾਹਿਬ ਨੇ ਆਪਣੇ ਚਿੰਤਨ ਦੁਆਰਾ ਲੋਕ ਉਧਾਰ ਲਈ ਸ਼ਬਦ ਨੂੰ



**ਡਾ. ਸਤਿੰਦਰ ਪਾਲ ਸਿੰਘ, ਸਿਡਨੀ**
akaalpurkh.7@gmail.com

ਮਾਧਿਅਮ ਬਣਾਇਆ। ਆਪ ਨੇ ਅੱਖਰ ਤੇ ਸ਼ਬਦ ਨੂੰ ਵਰਣਮਾਲਾ ਦੀ ਹੱਦ ਤੋਂ ਬਾਹਰ ਕੱਢ ਕੇ ਇੱਕ ਨਵਾਂ ਰੂਪ ਦਿੱਤਾ ਜੋ ਮੌਲਿਕ, ਸਰਸ ਤੇ ਸਰਲ ਸੀ। ਗੁਰੂ ਨਾਨਕ ਸਾਹਿਬ ਨੇ ਦੋ ਦਹਾਕਿਆਂ ਤੋਂ ਵੱਧ ਦਾ ਸਮਾਂ ਧਰਮ ਯਾਤਰਾਵਾਂ ਵਿਚ ਲਗਾਇਆ ਪਰ ਇਤਿਹਾਸ ਵਿਚ ਕੋਈ ਜ਼ਿਕਰ ਨਹੀਂ ਆਉਂਦਾ ਕਿ ਉਨ੍ਹਾਂ ਕਿਸੇ ਵੀ ਅਸਥਾਨ 'ਤੇ ਲੋਕਾਂ ਨੂੰ ਮਤਿ ਦੇਣ ਲਈ ਕੋਈ ਪ੍ਰਵਚਨ ਕੀਤਾ ਹੋਵੇ। ਧਰਮ ਜਗਤ ਦੀ ਧਾਰਾ ਦੇ ਵਿਪਰੀਤ ਗੁਰੂ ਸਾਹਿਬ ਕੋਲੋਂ ਉਨ੍ਹਾਂ ਨੂੰ ਕੇਂਦ੍ਰਿਤ ਕਰ ਕੇ ਸਵਾਲ ਪੁੱਛੇ ਗਏ। ਗੁਰੂ ਸਾਹਿਬ ਨੇ ਉਨ੍ਹਾਂ ਸਵਾਲਾਂ ਦੇ ਜਵਾਬ ਦਿੱਤੇ ਪਰ ਸੰਪੂਰਨ ਲੋਕਾਈ ਨੂੰ ਕੇਂਦਰ ਵਿਚ ਰੱਖ ਕੇ। ਆਪਣਾ ਰੂਹਾਨੀ ਫ਼ਲਸਫ਼ਾ ਲੋਕਾਂ ਤੱਕ ਪੁਚਾਉਣ ਲਈ ਗੁਰੂ ਸਾਹਿਬ ਨੇ ਬਾਣੀ ਦਾ ਕਾਵਿਆਤਮਕ ਰੂਪ ਵਰਤਿਆ। ਗੁਰੂ ਸਾਹਿਬ ਨੇ ਬਾਣੀ ਸ਼ਬਦ, ਸੁਰਤਿ ਤੇ ਸੰਗੀਤ ਦੇ ਕੌਤਕ ਵਰਤਾਉਣ ਵਾਲੇ ਸੁਮੇਲ ਨਾਲ ਉਚਾਰੀ। ਗੁਰੂ ਸਾਹਿਬ ਦੀ ਬਾਣੀ ਲੋਕਾਂ ਦੇ ਦਿਲ ਵਿਚ ਉਤਰਦੀ ਗਈ ਤੇ ਲੋਕ ਉਨ੍ਹਾਂ ਦੇ ਅਨੁਆਈ ਬਣਦੇ ਗਏ। ਗੁਰਬਾਣੀ ਸੁਣਨਾ, ਪੜ੍ਹਨਾ ਅੰਮ੍ਰਿਤ ਬਰਖਾ ਵਿਚ ਭਿੱਜਣ ਤੇ ਸਿੰਝਣ ਜਿਹੀ ਪਰਤੀਤਿ ਦੇਣ ਵਾਲਾ ਸੀ।

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥
ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ॥
ਜਲਨਿ ਬੁਝੀ ਸੀਤਲੁ ਹੋਇ ਮਨੂਆ
ਸਤਿਗੁਰ ਕਾ ਦਰਸਨੁ ਪਾਏ ਜੀਉ॥1॥
(ਸ੍ਰੀ ਗੁਰੂ ਗਰੰਥ ਸਾਹਿਬ, ਅੰਗ 103)


ਗੁਰੂ ਨਾਨਕ ਸਾਹਿਬ ਦੀ ਰੂਹਾਨੀ ਬਾਣੀ ਮਾਤਰ ਸੁਣਨ ਨਾਲ ਅਣਗਿਣਤ ਤਪਦੇ ਹੋਏ ਮਨ ਸ਼ੀਤਲ ਹੋ ਗਏ, ਭਟਕਦੇ ਹੋਏ ਤਨ ਬਿਸ੍ਰਾਮ ਵਿਚ ਆ ਗਏ। ਬਾਣੀ ਦਾ ਕੌਤਕ ਸੀ ਕਿ ਸ਼ੇਖ ਸੱਜਣ ਦੇ ਮਨ ਦੇ ਸਾਰੇ ਖੋਟ, ਪਾਪ ਦਾ ਹਨੇਰਾ ਦੂਰ ਹੋ ਗਿਆ ਤੇ ਸੱਚ ਪ੍ਰਕਾਸ਼ਮਾਨ ਹੋ ਗਿਆ। ਕਾਮਰੂਪ ਦੀ ਜਾਦੂਗਰਨੀ ਨੂਰ ਸ਼ਾਹ ਬਾਣੀ ਸੁਣ ਕੇ ਸ਼ਰਮਸਾਰ ਹੋ ਗਈ ਤੇ ਗੁਰੂ ਸਾਹਿਬ ਦੇ ਚਰਨਾਂ ਵਿਚ ਆ ਪਈ। ਕੌਡਾ ਰਾਖਸ਼ ਦੇ ਅੰਦਰ ਵੱਸ ਰਹੀ ਨਿਰਦੈਤਾ ਮੋਮ ਬਣ ਕੇ ਪਿਘਲ ਗਈ। ਇਹ ਕੌਤਕ ਗੁਰੂ ਨਾਨਕ ਸਾਹਿਬ ਦੇ ਕਾਲ ਤੋਂ ਨਿਰੰਤਰ ਵਰਤ ਰਿਹਾ ਹੈ। ਕੋਰੇ ਸ਼ਬਦ, ਕੋਰਾ ਗਿਆਨ ਅੰਤਰ ਚੇਤਨਾ ਨੂੰ ਨਹੀਂ ਜਗਾ ਸਕਦਾ। ਗੁਰੂ ਨਾਨਕ ਸਾਹਿਬ ਨੇ ਵਰਣਮਾਲਾ ਦੇ ਇੱਕ-ਇੱਕ ਅੱਖਰ ਵਿਚ ਸੱਚ ਨੂੰ ਟਿਕਾ ਕੇ ਮ੍ਰਿਤਕ ਤੋਂ ਜੀਵਤ ਕੀਤਾ ਤੇ ਜੀਵਤ ਅੱਖਰਾਂ ਨਾਲ ਸ਼ਬਦ ਸਿਰਜ ਕੇ 'ਮਾਣਸ ਤੇ ਦੇਵਤੇ ਕੀਏ' ਦਾ ਮਿਸ਼ਨ ਆਰੰਭ ਕੀਤਾ ਸੀ। ਦੇਵਤਾ ਹੋ ਜਾਣਾ ਮਨੁੱਖ ਦਾ ਆਤਮਿਕ ਮੌਤ ਤੋਂ ਉਭਰ ਕੇ ਪੁਨਰ ਜਨਮ ਹੋਣਾ ਸੀ। ਧਾਰਮਿਕ ਸਭਿਆਚਾਰ ਵਿਚ ਅੰਮ੍ਰਿਤ ਨੂੰ ਜੀਵਨ ਦਾ ਪ੍ਰਤੀਕ ਮੰਨਿਆ ਗਿਆ ਹੈ। ਇਸ ਦ੍ਰਿਸ਼ਟੀ ਨਾਲ ਹੀ ਗੁਰਬਾਣੀ ਨੂੰ ਅੰਮ੍ਰਿਤ ਕਿਹਾ ਗਿਆ। ਸਾਗਰ ਮੰਥਨ ਤੋਂ ਪ੍ਰਾਪਤ ਹੋਏ ਅੰਮ੍ਰਿਤ ਨੇ ਕਿਵੇਂ ਕੌਤਕ ਕੀਤਾ ਸੀ ਇਸ ਦਾ ਕੋਈ ਪ੍ਰਤੱਖ ਪ੍ਰਮਾਣ ਨਹੀਂ ਮਿਲਦਾ ਪਰ ਗੁਰੂ ਸਾਹਿਬ ਨੇ ਸ਼ਬਦ ਅੰਮ੍ਰਿਤ ਬਖਸ਼ ਕੇ ਗੁਰਸਿੱਖ ਦੇ ਆਤਮਿਕ ਪੁਨਰ ਜੀਵਨ ਨੂੰ ਯਕੀਨੀ ਬਣਾ ਦਿੱਤਾ। ਗੁਰਬਾਣੀ ਇਸ ਤਰ੍ਹਾਂ ਇੱਕ ਅਲੌਕਿਕ ਤਾਕਤ ਬਣ ਗਈ। ਗੁਰਬਾਣੀ ਦਾ ਇੱਕ ਇੱਕ ਸ਼ਬਦ ਅੰਮ੍ਰਿਤ ਦੀ ਸੁਹਾਵਣੀ ਬੂੰਦ ਜਿਹਾ ਹੈ। ਇੱਕ ਬੂੰਦ ਸੀਪ ਵਿਚ ਪੈਂਦੀ ਹੈ ਤੇ ਮੋਤੀ ਬਣ ਜਾਂਦੀ ਹੈ। ਗੁਰਬਾਣੀ ਦਾ ਇੱਕ ਇੱਕ ਸ਼ਬਦ ਮਨ ਵਿਚ ਸੰਭਾਲ ਕੇ ਰੱਖ ਲਿਆ ਜਾਵੇ ਤਾਂ ਜੀਵ ਗੁਣਾਂ ਨਾਲ ਮਾਲਾ-ਮਾਲ ਹੋ ਜਾਂਦਾ ਹੈ। ਗੁਣਾਂ ਤੋਂ ਅਨਮੋਲ ਹੋਰ ਕੁੱਝ ਨਹੀਂ ਹੈ।

ਸੰਸਾਰ ਵਿਚ ਸੱਤ ਹਜ਼ਾਰ ਤੋਂ ਵੱਧ ਭਾਸ਼ਾਵਾਂ ਹਨ। ਹਰ ਭਾਸ਼ਾ ਦੀ ਆਪਣੀ ਲਿਪੀ ਤੇ ਵਰਣਮਾਲਾ ਹੈ। ਇਵੇਂ ਹੀ ਇੱਕ ਹਜ਼ਾਰ ਤੋਂ ਵੱਧ ਧਰਮ ਹਨ ਜਿਨ੍ਹਾਂ ਦੇ ਆਪਣੇ ਸਿਧਾਂਤ, ਵਿਸ਼ਵਾਸ ਤੇ ਗ੍ਰੰਥ ਹਨ। ਗਿਆਨ ਪ੍ਰਦਾਨ ਕਰਨ ਵਾਲੇ ਗ੍ਰੰਥ ਅਣਗਿਣਤ ਹਨ। ਪਰ ਗੁਰਬਾਣੀ ਹੀ ਇਕੱਲੀ ਹੈ ਜਿਸ ਦੀ ਭਾਸ਼ਾ ਦੇ ਇੱਕ-ਇੱਕ ਅੱਖਰ ਨੂੰ ਗੁਰੂ ਸਾਹਿਬਾਨ ਨੇ ਸੱਚ ਨਾਲ ਜੋੜ ਕੇ ਆਪਣੇ ਆਪ ਵਿਚ ਸੰਪੂਰਨ ਤਾਕਤ ਬਣਾ ਦਿੱਤਾ। ਇਨ੍ਹਾਂ ਅੱਖਰਾਂ ਨਾਲ ਜਦੋਂ ਸ਼ਬਦ ਬਣੇ ਤਾਂ ਉਹ ਖੜਗ ਬਣ ਗਏ। ਇਸ ਖੜਗ ਨੇ ਮਨ ਅੰਦਰ ਜਾ ਕੇ ਮਨੁੱਖ ਦੇ ਸਭ ਤੋਂ ਵੱਡੇ ਵੈਰੀਆਂ ਦਾ ਨਾਸ਼ ਕਰ ਦਿੱਤਾ।

ਗੁਰ ਕੈ ਸਬਦਿ ਪੰਚ ਸੰਘਾਰੈ॥
ਆਪਿ ਤਰੈ ਸਗਲੇ ਕੁਲ ਤਾਰੈ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 230)

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਮਨੁੱਖ ਦੇ ਮਨ, ਤਨ ਨੂੰ ਆਪਣੇ ਵੱਸ 'ਚ ਕਰ ਕੇ ਮਾਇਆ ਵਿਚ ਲਿਪਤ ਕਰ ਦਿੰਦੇ ਹਨ। ਮਨੁੱਖ ਪਰਮਾਤਮਾ ਤੋਂ ਦੂਰ ਹੋ ਜਾਂਦਾ ਹੈ। ਵਿਕਾਰਾਂ, ਮਾਇਆ ਤੋਂ ਜੀਵਨ ਭਰ ਜਪ, ਤਪ ਕਰਨ ਵਾਲੇ ਜਤੀ, ਸਤੀ, ਹਠੀ, ਧਰਮੀ ਵੀ ਨਹੀਂ ਉਭਰ ਸਕੇ ਤੇ ਪ੍ਰੀਖਿਆ ਦਾ ਸਮਾਂ ਆਉਣ 'ਤੇ ਡੋਲ ਗਏ। ਦੇਵਤਾਵਾਂ ਦੇ ਰਾਜਾ ਇੰਦਰ ਨੇ ਵੀ ਕਾਮ ਵੱਸ ਹੋ ਆਪਣਾ ਰਾਜ ਗੁਆ ਦਿੱਤਾ ਸੀ। ਕ੍ਰੋਧ ਵੱਸ ਆਏ ਮਹਾ ਗਿਆਨੀ ਰਾਵਣ ਕੋਲੋਂ ਸੋਨੇ ਦੀ ਲੰਕਾ ਦਾ ਰਾਜ ਤੇ ਵੱਡਾ ਕੁਲ ਚਲਾ ਗਿਆ। ਗੁਰੂ ਨੇ ਆਪਣੇ ਸ਼ਬਦ ਦੁਆਰਾ ਇਸ ਨੂੰ ਸਹਿਜ ਕਰ ਦਿੱਤਾ। ਗੁਰ ਸ਼ਬਦ ਦੇ ਖੜਗ ਨੇ ਗੁਰਸਿੱਖ ਨੂੰ ਮਹਾਬਲੀ ਬਣਾ ਦਿੱਤਾ ਤੇ ਮਾਇਆ ਤੇ ਵਿਕਾਰਾਂ ਨੂੰ ਜਿੱਤਣ ਵਿਚ ਸਹਾਈ ਹੋਇਆ "ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥" ਗੁਰਬਾਣੀ ਪਰਮਾਤਮਾ ਦਾ ਗਾਇਨ ਹੈ। ਗੁਰਸਿੱਖ ਗੁਰਬਾਣੀ ਪੜ੍ਹਦਾ ਹੈ ਤਾਂ ਪਰਮਾਤਮਾ ਦੇ ਗੁਣਾਂ ਨੂੰ ਜਾਣਦਾ ਹੈ। ਪਰਮਾਤਮਾ ਦੇ ਗੁਣਾਂ ਨੂੰ ਜਾਣਨਾ ਉਸ ਨੂੰ ਆਪਣੇ ਅੰਦਰ ਦੇ ਔਗੁਣਾਂ ਦੀ ਪਛਾਣ ਦਾ ਅਵਸਰ ਵੀ ਦਿੰਦਾ ਹੈ। ਗੁਣਾਂ ਦੀ ਪਛਾਣ ਹੋਵੇ ਤਾਂ ਔਗੁਣ ਆਪ ਹੀ ਪਛਾਣੇ ਜਾਂਦੇ ਹਨ। ਗੁਰ ਸ਼ਬਦ ਗੁਰਸਿੱਖ ਦੇ ਮਨ ਅੰਦਰ ਪਛਤਾਵੇ ਦਾ ਭਾਵ ਪੈਦਾ ਕਰਦੀ ਹੈ "ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥" ਗੁਰਬਾਣੀ ਹੀ ਉਸ ਨੂੰ ਵਿਕਲਪ ਦੱਸਦੀ ਹੈ "ਇਕੁ ਉਤਮੁ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥" ਗੁਰ ਸ਼ਬਦ ਹੀ ਉਸ ਨੂੰ ਪਛਤਾਵੇ ਤੋਂ ਬਾਹਰ ਕੱਢਦਾ ਹੈ "ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ॥"

ਸ਼ਬਦ ਵਿਚ ਗੁਰੂ ਨਾਨਕ ਸਾਹਿਬ ਨੇ ਸੰਗੀਤ ਦਾ ਨਿਰਮਲ ਨਾਦ ਵੀ ਸਮੋ ਦਿੱਤਾ। ਸੰਗੀਤ ਸ੍ਰਿਸ਼ਟੀ ਦੀ ਰਚਨਾ ਦਾ ਇੱਕ ਅਨਮੋਲ ਤੱਤ ਹੈ ਜੋ ਸੰਸਾਰ ਨੂੰ ਰੂਪਵਾਨ ਬਣਾਉਂਦਾ ਹੈ। ਜਲ ਦੇ ਪ੍ਰਵਾਹ ਦਾ, ਪਵਨ ਦੇ ਵੇਗ ਦਾ, ਵਨਸਪਤੀਆਂ ਦੇ ਵਿਕਾਸ ਦਾ ਆਪਣਾ ਇੱਕ ਨਾਦ ਹੈ। ਇਹ ਨਾਦ ਪਰਮਾਤਮਾ ਨੇ ਜੀਵ ਅੰਦਰ ਵੀ ਪਾਇਆ ਹੈ। ਮਨੁੱਖ ਦੇ ਇੱਕ ਸਵਾਸ ਦਾ ਵੀ ਆਪਣਾ ਨਾਦ ਹੈ, ਸੁਰ ਹੈ। ਇਹ ਸਾਰੇ ਸੰਗੀਤ, ਨਾਦ ਟਕਰਾਉਣ ਨਾਲ ਪੈਦਾ ਹੁੰਦੇ ਹਨ। ਗੁਰ ਸ਼ਬਦ ਦਾ ਨਾਦ ਬਿਨਾ ਕਿਸੇ ਦਬਾਅ, ਚੋਟ ਤੇ ਆਪਣੇ ਆਪ ਪ੍ਰਗਟ ਹੋ ਰਿਹਾ ਹੈ ਜਿਸ ਨੂੰ ਅਨਾਹਦ ਨਾਦ ਕਿਹਾ ਗਿਆ ਹੈ। ਸਤਿਨਾਮ ਸ਼ਬਦ ਮਨ ਅੰਦਰ ਉਤਰਦਿਆਂ



ਹੀ ਆਸ, ਵਿਸ਼ਵਾਸ, ਆਨੰਦ ਦੀ ਧੁਨ ਵੱਜਣੀ ਆਰੰਭ ਹੋ ਜਾਂਦੀ ਹੈ। ਇਸ ਧੁਨ ਦੇ ਕੰਪਨ ਨਾਲ ਸੋਗ, ਸੰਤਾਪ, ਦੁੱਖ ਦੇ ਪਰਬਤ ਆਪ ਹੀ ਢਹਿ ਢੇਰੀ ਹੋਣ ਲੱਗਦੇ ਹਨ। ਗੁਰੂ ਕਿਰਪਾ ਕਰਦਾ ਹੈ ਤਾਂ ਹੀ ਸ਼ਬਦ ਦੀ ਧੁਨ ਮਨ ਵਿਚ ਵੱਜਣ ਲੱਗਦੀ ਹੈ।

ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ॥
ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 20)

ਗੁਰ ਸ਼ਬਦ ਦਾ ਅਨਾਹਦ ਨਾਦ ਹੀ ਮਨ ਅੰਦਰ ਭਾਵਨਾ, ਪ੍ਰੇਮ ਰਸ ਪੈਦਾ ਕਰਦਾ ਹੈ। ਵਿਕਾਰਾਂ, ਮਾਇਆ ਦੇ ਭਰਮ ਦਾ ਨਾਸ਼ ਹੋਣ ਤੋਂ ਬਾਅਦ ਮਨ ਅੰਦਰ ਪੈਦਾ ਹੋਈ ਭਾਵਨਾ ਗੁਰਸਿੱਖ ਨੂੰ ਪਰਮਾਤਮਾ ਨਾਲ ਜੋੜਦੀ ਹੈ। ਮਨ ਨੂੰ ਟਿਕਣ ਦਾ ਆਧਾਰ ਪ੍ਰਾਪਤ ਹੁੰਦਾ ਹੈ। ਗੁਰੂ ਨਾਨਕ ਸਾਹਿਬ ਨੇ ਆਪ ਕਿਹਾ ਕਿ ਗੁਰਸਿੱਖ ਪਰਮਾਤਮਾ ਦੇ ਜਸ ਦੀ ਬਾਣੀ ਨੂੰ ਬੀਨ ਵਾਂਗੂੰ ਵਜਾਏ।

ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ॥
ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ ਵਿਚਾਰਾ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 351)

ਗੁਰਸਿੱਖ ਨੂੰ ਕਿਸੇ ਵਾਦ ਯੰਤਰ, ਸਾਜ਼ ਦੀ ਲੋੜ ਨਹੀਂ। ਗੁਰੂ ਨੇ ਸਾਰੇ ਸਾਜ਼ ਗੁਰ ਸ਼ਬਦ ਵਿਚ ਹੀ ਪਿਰੋ ਦਿੱਤੇ। ਗੁਰ ਸ਼ਬਦ ਹੀ ਗੁਰਸਿੱਖ ਦਾ ਸਾਜ਼ ਵੀ ਹੈ। ਗੁਰੂ ਨਾਨਕ ਸਾਹਿਬ ਦੀ ਮਿਹਰ ਨਾਲ ਭਾਈ ਮਰਦਾਨਾ ਜੀ ਦੀ ਰਬਾਬ ਦਾ ਇੱਕ-ਇੱਕ ਸੁਰ ਗੁਰਬਾਣੀ ਦੇ ਹਰ ਅੱਖਰ ਦਾ ਅਭਿੰਨ ਹਿੱਸਾ ਬਣ ਗਿਆ ਸੀ। ਬਿਨਾ ਸਾਜ਼ ਦੇ ਹੀ ਗੁਰ ਸ਼ਬਦ ਰਸ ਪੈਦਾ ਕਰਦਾ ਹੈ ਤੇ ਮਨ ਰਮਿਆ ਜਾਂਦਾ ਹੈ। ਗੁਰੂ ਰਾਮਦਾਸ ਸਾਹਿਬ ਨੇ ਕਿਹਾ ਕਿ ਜੋ ਰਸ ਦੂਜੇ ਲੋਕ ਸਾਜ਼ਾਂ ਰਾਹੀਂ ਭਗਤੀ ਵਿਚ ਪ੍ਰਾਪਤ ਕਰਦੇ ਹਨ ਗੁਰਸਿੱਖ ਬਿਨਾ ਸਾਜ਼ਾਂ ਦੇ ਹੀ ਪ੍ਰਾਪਤ ਕਰ ਲੈਂਦਾ ਹੈ "ਕਬ ਕੋ ਭਾਲੈ ਘੁੰਘਰੂ ਤਾਲਾ ਕਬ ਕੋ ਬਜਾਵੈ ਰਬਾਬੁ॥ ਆਵਤ ਜਾਤ ਬਾਰ ਖਿਨੁ ਲਾਗੈ ਹਉ ਤਬ ਲਗੁ ਸਮਾਰਉ ਨਾਮੁ॥" ਗੁਰ ਸ਼ਬਦ ਹੀ ਸਾਜ ਬਣ ਜਾਂਦਾ ਹੈ।

ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 381)

ਗੁਰੂ ਰਾਮਦਾਸ ਸਾਹਿਬ ਨੇ ਵਚਨ ਕੀਤਾ ਕਿ ਗੁਰ ਸ਼ਬਦ ਦਾ ਅਨਾਹਦ ਨਾਦ ਸਾਰੇ ਸਾਜ਼ਾਂ ਤੋਂ ਸ੍ਰੇਸ਼ਟ ਹੈ ਕਿਉਂਕਿ ਇਹ ਗੁਰਸਿੱਖ ਦੇ ਮਨ ਨੂੰ ਤਾਂ ਮੋਹ ਹੀ ਲੈਂਦਾ ਹੈ, ਹੋਰਨਾਂ ਨੂੰ ਵੀ ਰਿਝਾਉਂਦਾ ਹੈ, ਜਿਵੇਂ ਭਾਈ ਲਹਿਣਾ ਜੀ ਤੇ ਸ੍ਰੀ ਅਮਰਦਾਸ ਜੀ ਦੇ ਮਨ ਨੂੰ ਮੋਹ ਲਿਆ ਸੀ।

ਗੁਰੂ ਦਾ ਸ਼ਬਦ ਸੱਚ, ਸੰਗੀਤ ਦੇ ਨਾਲ ਹੀ ਸੁਰਤਿ ਦਾ ਵੀ ਜਨਕ ਹੈ। ਮਨ ਗੁਰ ਸ਼ਬਦ ਵਿਚ ਰਮ ਜਾਂਦਾ ਹੈ ਤਾਂ ਪਾਵਨ ਅੰਤਰ ਅਵਸਥਾ ਸਿਰਜੀ ਜਾਂਦੀ ਹੈ। ਮਨ ਅੰਦਰ ਸਹਿਜ, ਸੰਜਮ, ਸੰਤੋਖ, ਦਇਆ, ਸੇਵਾ ਜਿਹੇ ਗੁਣ ਵੱਸ ਜਾਂਦੇ ਹਨ। ਗੁਰ ਸ਼ਬਦ ਮਨ ਅੰਦਰ ਪਰਮਾਤਮਾ ਪ੍ਰੇਮ ਦਾ ਰਸ ਪੈਦਾ ਕਰਦਾ ਹੈ ਜਿਸ ਨਾਲ ਦਸਮ ਦੁਆਰ ਜੋ ਗੁਪਤ ਰੱਖਿਆ ਹੋਇਆ ਸੀ ਪ੍ਰਗਟ ਹੋ ਜਾਂਦਾ ਹੈ ਭਾਵ ਅੰਤਰ ਚੇਤਨਾ ਜਾਗ੍ਰਤ ਹੋ ਜਾਂਦੀ ਹੈ। ਦਸਵਾਂ ਦੁਆਰ ਹੀ ਮਨੁੱਖ ਦੀ ਸੁਰਤਿ ਹੈ ਜਿਸ ਦੇ ਜਾਗ੍ਰਤ ਹੋਣ ਤੋਂ ਬਾਅਦ ਹੀ ਮਨੁੱਖ ਦਾ ਪਰਮਾਤਮਾ ਨਾਲ ਮੇਲ ਸੰਭਵ ਹੁੰਦਾ ਹੈ।

ਅੰਮ੍ਰਿਤ ਰਸੁ ਸਤਿਗੁਰੂ ਚੁਆਇਆ॥
ਦਸਵੈ ਦੁਆਰਿ ਪ੍ਰਗਟੁ ਹੋਇ ਆਇਆ॥
ਤਹ ਅਨਹਦ ਸਬਦ ਵਜਹਿ ਧੁਨਿ ਬਾਣੀ
ਸਹਜੇ ਸਹਜਿ ਸਮਾਈ ਹੇ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1069)

ਦਸਵਾਂ ਦੁਆਰ ਖੁੱਲ੍ਹ ਜਾਂਦਾ ਹੈ। ਸ੍ਰਵਣ ਤੇ ਕਥਨ ਦੇ ਪੱਧਰ 'ਤੇ ਵੱਜਣ ਵਾਲਾ ਗੁਰ ਸ਼ਬਦ ਦਾ ਨਾਦ ਚੇਤਨਾ ਦੇ ਤਲ 'ਤੇ ਵੱਜਣ ਲੱਗਦਾ ਹੈ ਤੇ ਸਦਾ ਵੱਜਦਾ ਰਹਿੰਦਾ ਹੈ। ਇਹ ਸਹਿਜ ਦੀ ਅਵਸਥਾ ਹੈ ਜਿਸ ਵਿਚ ਸੁੱਖ-ਦੁੱਖ, ਸੋਗ-ਹਰਖ, ਮਾਨ-ਅਪਮਾਨ ਆਦਿਕ ਸਾਰੇ ਇੱਕ ਸਮਾਨ ਹੋ ਜਾਂਦੇ ਹਨ। ਇੱਕ ਪਰਮਾਤਮਾ ਦੇ ਪ੍ਰੇਮ ਦਾ ਭਾਵ ਹੀ ਬੱਚਦਾ ਹੈ ਜਿਸ ਨਾਲ ਅੰਤਰ ਪੂਰਾ ਭਰ ਜਾਂਦਾ ਹੈ। ਚੇਤਨ - ਅਵ ਚੇਤਨ ਮਨ ਵਿਚ ਸਦਾ ਪਰਮਾਤਮਾ ਦੀ ਵਡਿਆਈ ਹੀ ਦਿਨ ਰਾਤ ਚੱਲਦੀ ਰਹਿੰਦੀ ਹੈ "ਸਹਜੇ ਜਾਗੈ ਸਹਜੇ ਸੋਵੈ॥" ਸਹਿਜ ਗੁਰਸਿੱਖ ਦੀ ਪੱਕੀ ਅਵਸਥਾ ਹੈ ਜਿਸ ਵਿਚ ਰਹਿ ਕੇ ਕੀਤੀ ਗਈ ਪਰਮਾਤਮਾ ਦੀ ਬੰਦਗੀ, ਸਿਮਰਨ, ਸੇਵਾ ਹੀ ਗੁਰੂ, ਪਰਮਾਤਮਾ ਨੂੰ ਪ੍ਰਵਾਨ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨ ਬਾਣੀ ਗੁਰੂ ਨਾਨਕ ਸਾਹਿਬ ਦੀ ਚਿੰਤਨ ਧਾਰਾ ਤੋਂ ਹੀ ਨਿਕਲੀ ਬਾਣੀ ਹੈ। ਇਸ ਬਾਣੀ ਤੋਂ ਅੰਮ੍ਰਿਤ ਦੀ ਬਰਖਾ ਨਿਰੰਤਰ ਹੋ ਰਹੀ ਹੈ।

ਅੰਮ੍ਰਿਤੁ ਸਦਾ ਵਰਸਦਾ ਬੂਝਨਿ ਬੂਝਣਹਾਰ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1281)

ਗੁਰਸਿੱਖੀ ਗੁਰ ਸ਼ਬਦ ਦੇ ਅੰਮ੍ਰਿਤ ਨੂੰ ਆਪਣੇ ਮਨ ਵਿਚ ਸਹੇਜ ਲੈਣਾ ਤੇ ਦਸਮ ਦੁਆਰ ਨੂੰ ਖੋਲ੍ਹ ਸਹਿਜ ਅਵਸਥਾ ਪ੍ਰਾਪਤ ਕਰਨਾ ਹੈ। ਮਨ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਤੇ ਕੇਂਦ੍ਰਿਤ ਰਹੇ ਕਿਉਂਕਿ ਕੇਵਲ ਇਹੋ ਸੱਚੀ ਬਾਣੀ ਹੈ ਜਿਸ ਨੂੰ ਆਪ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਗੁਰਗੱਦੀ ਤੇ ਬਿਰਾਜਮਾਨ ਕਰ ਪ੍ਰਮਾਣਿਤ ਕੀਤਾ ਸੀ। ਇੱਕ ਦੀ ਹੀ ਸੇਵਾ ਹੈ, ਇੱਕ ਦਾ ਹੀ ਧਿਆਨ ਹੈ ਇੱਕ ਹੀ ਦਾਤਾ ਹੈ ਜਿਸ ਕੋਲੋਂ ਸਭ ਕੁਝ ਪ੍ਰਾਪਤ ਕਰਨਾ ਹੈ। ਕਿਤੇ ਹੋਰ ਧਿਆਨ ਰੱਖਣ ਤੋਂ ਗੁਰੂ ਨਾਨਕ ਸਾਹਿਬ ਨੇ ਸਖਤ ਵਰਜਿਆ "ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ॥" ਪੰਥ ਗੁਰੂ ਨਾਨਕ ਦਾ ਹੈ, ਗ੍ਰੰਥ ਗੁਰੂ ਨਾਨਕ ਜੋਤ ਦਾ ਹੈ ਫਿਰ ਭਰਮ ਕਿਉਂ। ਗੁਰਸਿੱਖ ਵਡਭਾਗੀ ਹੈ ਕਿ ਉਸ ਨੂੰ ਗੁਰੂ ਨੇ ਅਨਹਦ ਸਬਦ ਦੇ ਅਚਰਜ ਬਿਸਮਾਦ ਨਾਲ ਜੋੜਿਆ ਹੈ।

# ਦਿਮਾਗੀ ਚਿੱਪ

ਮੇਰੇ ਇੱਕ ਜਾਣਕਾਰ, ਕੰਮ ਦੇ ਸਿਲਸਿਲੇ ਵਿਚ, ਕੋਈ ਸਾਲ ਕੁ ਪਹਿਲਾਂ ਆਪਣੀ ਧਰਮ ਪਤਨੀ ਨਾਲ ਮੇਰੇ ਆਫਿਸ ਆਏ। ਇਸ ਤੋਂ ਪਹਿਲਾਂ ਵੀ ਦੋ ਕੁ ਵਾਰ ਆਏ ਸਨ, ਬੜੇ ਭਲੇਮਾਣਸ ਲੋਕ ਸਨ, ਪਰ ਇਸ ਵਾਰ ਉਹ ਸਰੀਰਕ ਤੌਰ ਉੱਤੇ ਠੀਕ ਨਹੀਂ ਸਨ। ਬੋਲਣ ਵਿਚ ਕਾਫੀ ਮੁਸ਼ਕਲ ਸੀ। ਉਨ੍ਹਾਂ ਦੇ ਧਰਮ ਪਤਨੀ ਨੇ ਦੱਸਿਆ ਕਿ ਬ੍ਰੇਨ ਹੈਮਰਿਜ਼ ਹੋਈ ਤੇ ਸ਼ਾਇਦ ਦਿਮਾਗ ਦੇ ਕੁਝ ਹਿੱਸੇ ਇਸ



**ਰਜਿੰਦਰ ਸਿੰਘ ਟਾਂਡਾ**

ਤਰ੍ਹਾਂ ਨੁਕਸਾਨੇ ਗਏ ਕਿ ਉਨ੍ਹਾਂ ਨੂੰ ਇੰਗਲਿਸ਼ ਤੇ ਪੰਜਾਬੀ ਦੋਵੇਂ ਭੁੱਲ ਗਈਆਂ ਤੇ ਇਕੱਲੀ ਹਿੰਦੀ ਭਾਸ਼ਾ ਯਾਦ ਰਹਿ ਗਈ। ਕਿਉਂਕਿ ਉਹ ਕਦੇ ਦਿੱਲੀ ਰਹੇ ਸਨ ਤੇ ਉਥੇ ਹਿੰਦੀ ਬੋਲਦੇ ਸਨ। ਹੋਰ ਬੋਲਣ ਵਿਚ ਵੀ ਸਮੱਸਿਆ ਸੀ ਪਰ ਹਿੰਦੀ ਯਾਦ ਰਹਿਣੀ ਤੇ ਪੰਜਾਬੀ ਭੁੱਲ ਜਾਣੀ, ਮੇਰੇ ਲਈ ਇਹ ਬੜੀ ਇੱਕ ਨਵੀਂ ਤੇ ਹੈਰਾਨੀਜਨਕ ਗੱਲ ਸੀ।

ਕਿਸੇ ਡਾਕਟਰ ਸੱਜਣ ਨੂੰ ਪੁੱਛਿਆ ਤੇ ਪਤਾ ਲੱਗਾ ਕਿ ਮਨੁੱਖੀ ਦਿਮਾਗ ਵਿਚ ਕਈ ਸੌ ਚਿੱਪਾਂ ਹੁੰਦੀਆਂ ਨੇ। ਸਮਝ ਲਓ ਹਰ ਭਾਸ਼ਾ ਦੀ ਅਲੱਗ ਚਿੱਪ, ਭੁੱਖ ਦੱਸਣ ਦੀ ਅਲੱਗ ਤੇ ਪਿਆਸ ਦੀ ਅਲੱਗ। ਦੁਸ਼ਮਣੀ ਵਾਲੀ ਅਲੱਗ ਤੇ ਸੱਜਣਤਾਈ ਦੀ ਅਲੱਗ, ਪਿਆਰ ਦੀ ਅਲੱਗ ਤੇ ਨਫਰਤ ਦੀ ਅਲੱਗ, ਚੋਰੀ ਬੇਈਮਾਨੀ ਦੀ ਅਲੱਗ ਤੇ ਦਾਨ ਦੀ ਅਲੱਗ। ਇਨਸਾਨੀਅਤ ਦੀ ਅਲੱਗ ਤੇ ਹੈਵਾਨੀਅਤ ਦੀ ਅਲੱਗ। ਭਾਵ ਕੋਈ ਵੀ 'ਕੰਟਰੋਲ ਚਿੱਪ' ਕਦੇ ਵੀ ਖਰਾਬ ਹੋ ਸਕਦੀ ਹੈ।

ਦਿਮਾਗ ਦੀ ਜਿਹੜੀ ਚਿੱਪ ਥੋੜੀ ਘੱਟ ਕੰਟਰੋਲ (mode) ਵਿਚ ਚਲੀ ਜਾਵੇ ਉਹਦਾ ਕੰਟਰੋਲ ਖਰਾਬ ਹੋ ਜਾਂਦੈ। ਜੀਹਦੀ ਬੇਈਮਾਨੀ ਦੀ ਚਿੱਪ ਵਧੀਆ ਹੋਵੇ ਉਹਦੀ ਅਕਸਰ ਇਨਸਾਨੀਅਤ ਦੀ ਚਿੱਪ ਥੋੜੀ ਮਾੜੀ ਹੁੰਦੀ ਹੈ। ਜੀਹਦੀ ਪਿਆਰ ਵਾਲੀ ਚਿੱਪ ਵਧੀਆ ਹੋਵੇ, ਉਹਦੀ ਨਫਰਤ ਵਾਲੀ ਕਮਜ਼ੋਰ ਹੋ ਜਾਂਦੀ ਹੈ। ਹਾਂ, ਚੋਰੀ ਵਾਲੀ ਚਿੱਪ, ਸ਼ਰਾਫ਼ਤ ਵਾਲੀ ਚਿੱਪ ਉੱਤੇ ਅਕਸਰ ਭਾਰੀ ਪੈ ਜਾਂਦੀ ਹੈ ।

ਹਉਮੈ ਵਾਲੀ ਚਿੱਪ, ਨਿਮਰਤਾ ਵਾਲੀ ਚਿੱਪ ਨੂੰ ਸਾਰੀ ਜਿੰਦਗੀ ਟਿਕਣ ਨਹੀਂ ਦੇਂਦੀ।

ਸਾਡੇ ਭਾਪਾ ਜੀ ਜਵਾਨੀ ਤੋਂ ਲੈ ਕੇ ਬੁਢੇਪੇ ਤੱਕ, ਘਰ ਵਿਚ ਸਭ ਤੋਂ ਜ਼ਿਆਦਾ, ਗੁੱਸੇ ਵਾਲੇ ਜੀਅ ਮੰਨੇ ਜਾਂਦੇ ਸੀ। 6 ਫੁੱਟ 2 ਇੰਚ ਕੱਦ, ਜੁੱਸਾ ਪੂਰਾ ਤਕੜਾ, ਬਾਂਹ ਦੀ ਪਕੜ ਬੇਇੰਤਹਾ ਮਜ਼ਬੂਤ। ਜਿੱਥੇ ਉਹ ਜ਼ਮੀਨ ਜਾਇਦਾਦ ਦੇ ਕਿਸੇ ਵੀ ਮਸਲੇ ਦੇ ਮੁਤੱਲਕ, ਬਹੁਤ ਹੀ ਸੂਝਵਾਨ ਸਲਾਹ, ਦੇਣ ਦੇ ਬੜੇ expert ਮੰਨੇ ਜਾਂਦੇ ਸਨ ਉੱਥੇ ਲੋੜ ਪੈਣ ਉੱਤੇ ਡਾਂਗ ਸੋਟਾ, ਹੂਰਾ ਮੁੱਕੀ ਵੀ ਪੂਰੇ ਜੋਸ਼ ਨਾਲ ਕਰ ਲੈਂਦੇ ਸਨ।

ਪਰ ਭਾਪਾ ਜੀ ਨੂੰ ਪਿਛਲੇ ਕੋਈ ਦੋ ਕੁ ਸਾਲ ਤੋਂ dimentia ਹੋ ਗਿਆ ਹੈ। ਸਾਡੇ ਸਾਰੇ ਭੈਣਾਂ-ਭਰਾਵਾਂ, ਦੋਹਤੇ-ਦੋਹਤੀਆਂ, ਪੋਤੇ-ਪੋਤੀਆਂ, ਭਾਣਜੇ, ਭਤੀਜੇ ਲੱਗਪਗ ਕਿਸੇ ਨੂੰ ਨਹੀਂ ਪਛਾਣਦੇ। ਬੱਸ ਬੀਜੀ ਦਾ ਨਾਮ ਲੈ ਕੇ ਕਦੇ ਕਦੇ ਆਵਾਜ਼ ਮਾਰ ਲੈਂਦੇ ਨੇ ਤੇ ਬਾਕੀ ਲੱਗਭਗ ਹੋਰ ਕੁਛ ਨਹੀਂ ਯਾਦ। ਕਦੇ ਕਦੇ, ਕੋਈ ਗੱਲ ਮਾੜੀ ਮੋਟੀ ਯਾਦ ਆ ਜਾਵੇ ਉਹ ਅਗਲੇ ਪਲ ਭੁੱਲ ਜਾਂਦੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਅੱਜ ਦੀ ਤਰੀਕ ਵਿਚ, ਜਿੱਥੇ ਉਨ੍ਹਾਂ ਨੂੰ ਹਰ ਚੀਜ਼, ਲੱਗਪਗ ਭੁੱਲ ਚੁੱਕੀ ਹੈ ਉੱਥੇ 'ਗਾਹਲਾਂ' ਤੇ ਘਸੁੰਨ ਮੁੱਕੀ ਕਰਨ ਦਾ ਤਰੀਕਾ, ਹੂਬਹੂ ਯਾਦ ਹੀ ਨਹੀਂ, ਸਗੋਂ ਗਾਹਲਾਂ ਤਾਂ ਇੱਕ ਦੋ, ਹੁਣ ਹੋਰ ਵੀ ਵੱਧ ਕੱਢ ਲੈਂਦੇ ਹਨ, ਜਿਹੜੀਆਂ ਪਹਿਲਾਂ ਕਦੇ ਵੀ ਨਹੀਂ ਸਨ ਕੱਢਦੇ।

ਇੰਝ ਲੱਗਦਾ ਕਿ ਉਨ੍ਹਾਂ ਦੀ 'ਗਾਹਲਾਂ ਤੇ ਘਸੁੰਨਾ' ਵਾਲੀ ਚਿੱਪ ਬਿਲਕੁਲ ਕਾਇਮ ਹੈ ਤੇ ਓਹਦੇ ਵਿਚ, ਕੁਝ ਕੁ, ਕਿਤੇ ਪੁਰਾਣੀਆਂ unused ਉਵੇਂ ਹੀ ਪਈਆਂ ਰਹਿ ਗਈਆਂ ਹਨ ਤੇ ਇਹ ਗਾਹਲਾਂ ਅੱਜਕੱਲ ਉਨ੍ਹਾਂ ਦੀ ਵਰਤੋਂ ਵਿਚ ਆ ਰਹੀਆਂ ਹਨ। ਉਨ੍ਹਾਂ ਦੇ ਪੂਰੇ ਦਿਮਾਗ ਦੀਆਂ ਚਿੱਪਾਂ ਵਿਚੋਂ, ਇਕੱਲੀ ਇਹੋ 'ਚਿੱਪ' ਹਾਲੇ ਵੀ ਏਨੀ Good Working ਵਿਚ ਹੈ ਕਿ ਗਾਹਲਾਂ ਦਾ ਸਟਾਈਲ, ਠਹਿਰਾਓ, ਵਿਆਕਰਣ, ਲਿੰਗ ਪੁਲਿੰਗ, ਹਰ ਲਫ਼ਜ਼, ਹਰ ਵਾਕ, ਏਡਾ ਸਹੀ ਤਾਂ ਹੁੰਦਾ ਹੀ ਹੈ ਕਿ ਇਸੇ ਚਿੱਪ ਨਾਲ controlled ਚਪੇੜ ਜਾਂ ਘਸੁੰਨ ਵੀ ਏਨੀ ਤੇਜ਼ੀ ਨਾਲ ਮਾਰਦੇ ਨੇ ਕਿ ਦੇਖ ਕੇ ਬੰਦਾ ਕੁਦਰਤ ਦੀ ਇਸ ਅਜ਼ੀਮ ਖੇਡ ਤੋਂ ਹੈਰਾਨ ਹੋ ਜਾਂਦਾ ਹੈ। ਹੈਰਾਨੀ ਇਹ ਕਿ ਚਪੇੜ ਦਾ ਵਾਰ, ਹਾਲੇ ਵੀ ਇਹ ਚਿੱਪ ਖਾਲੀ ਨਹੀਂ ਜਾਣ ਦਿੰਦੀ।

ਦੂਜੀ ਵਧੀਆ ਚੱਲਣ ਵਾਲੀ ਚਿੱਪ ਹੈ ਉਨ੍ਹਾਂ ਦਾ ਮਿੱਠੇ ਨਾਲ ਪਿਆਰ। ਘਿਓ ਸ਼ੱਕਰ, ਖੀਰ, ਕੜਾਹ, ਸ਼ੱਕਰ ਵਾਲਾ ਦੁੱਧ। ਇਹ 'ਚਿੱਪ' ਵੀ ਹਾਲੇ ਬੜੇ ਕਮਾਲ ਦਾ ਕੰਮ ਕਰ ਰਹੀ ਹੈ।

ਸੋ ਭਾਈ ਸੱਜਣੋ ਮਹਾਰਾਜ ਅੱਗੇ ਅਰਦਾਸ ਕਰਿਆ ਕਰੀਏ ਕਿ ਮਹਾਰਾਜ ਕਿਰਪਾ ਕਰੋ, ਸਾਡੇ ਦਿਮਾਗ ਵਿਚ ਲੱਗੀ ਇੱਕ ਤਾਂ 'ਹਉਮੈ' ਦੀ ਚਿੱਪ ਬਿਲਕੁਲ ਤਹਿਸ-ਨਹਿਸ ਕਰ ਦੇਵੋ, ਬਾਕੀ ਕਿਰਪਾ ਕਰੋ ਕਿ ਬੇਈਮਾਨੀ, ਚੋਰੀ, ਹੇਰਾ-ਫੇਰੀ, ਠੱਗੀ, ਨਫਰਤ ਵਰਗੀਆਂ, ਕੁਝ ਹੋਰ ਵੀ ਚਿੱਪਾਂ ਖਰਾਬ ਕਰ ਦਿਓ। ਕੇਵਲ ਪਿਆਰ-ਮੁਹੱਬਤ, ਨਿਮਰਤਾ, ਹਿੰਮਤ, ਮਿਹਨਤ, ਸੇਵਾ ਭਾਵਨਾ, ਕੌਮੀ ਪਿਆਰ, ਸਚਾਈ ਨਾਲ ਖੜ੍ਹਣ ਵਾਲੀਆਂ ਚਿੱਪਾਂ ਹੀ ਆਖਰੀ ਦਮ ਤੱਕ ਕੰਮ ਕਰਦੀਆਂ ਰੱਖਿਓ।

ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿ ਪਠਾਯਾ॥
ਚਰਨ ਧੋਇ ਰਹਿਰਾਸ ਕਰ ਚਰਨਾਮ੍ਰਿਤ ਸਿੱਖਾਂ ਪੀਲਾਯਾ॥
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰ ਇਕ ਦਿਖਾਯਾ॥
ਚਾਰੈ ਪੈਰ ਧਰੰਮ ਦੇ ਚਾਰ ਵਰਨ ਇਕ ਵਰਨ ਕਰਾਯਾ॥

# ਪ੍ਰਥਮ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਦੀ 'ਪੰਜਾਬ ਟਾਈਮਜ਼' ਦੇ ਸਮੂਹ ਪਾਠਕਾਂ ਅਤੇ ਸੁਭ ਚਿੰਤਕਾਂ ਨੂੰ

# ਲੱਖ ਲੱਖ ਵਧਾਈ

ਅਸੀਂ ਅਰਦਾਸ ਕਰਦੇ ਹਾਂ ਕਿ ਗੁਰੂ ਨਾਨਕ ਪਾਤਸ਼ਾਹ ਆਪਣਾ ਮਿਹਰ ਭਰਿਆ ਹੱਥ ਸਭ 'ਤੇ ਬਣਾਈ ਰੱਖਣ ਅਤੇ ਅਸੀਂ ਉਨ੍ਹਾਂ ਦੁਆਰਾ ਦਿਖਾਏ ਮਾਰਗ 'ਤੇ ਚੱਲ ਸਕੀਏ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਦਰਸ਼ਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ



ਹਰਦਿਆਲ ਸਿੰਘ ਦਿਓਲ


ਡਾ. ਗੁਰਦਿਆਲ ਸਿੰਘ ਬਸਰਾਨ


ਜੈਦੇਵ ਸਿੰਘ ਭੱਠਲ


ਜਗਦੀਸ਼ਰ ਸਿੰਘ ਕਲੇਰ


ਗੁਰਚਰਨ ਸਿੰਘ ਗਰੇਵਾਲ


ਹਰਜੀਤ ਸਿੰਘ ਸਾਹੀ



ਦਰਸ਼ਨ ਸਿੰਘ ਦਰੜ


ਮਨਦੀਪ ਸਿੰਘ ਭੂਰਾ


ਪਰਮਵੀਰ ਸਿੰਘ ਬੈਂਸ


ਰਘਬੀਰ ਸਿੰਘ ਘੁੰਨ


ਪਰਮਿੰਦਰ ਸਿੰਘ ਵਾਲੀਆ


ਅਮਰੀਕ ਸਿੰਘ (ਅਮਰ ਕਾਰਪੈਟ)


ਜਸਕਰਨ ਸਿੰਘ ਧਾਲੀਵਾਲ


ਡਾ. ਤੇਜਿੰਦਰ ਸਿੰਘ ਮੰਡੇਰ


ਅਵਤਾਰ ਸਿੰਘ ਸਪਰਿੰਗਫੀਲਡ


ਗੁਲਜ਼ਾਰ ਸਿੰਘ ਮੁਲਤਾਨੀ



ਭੁਪਿੰਦਰ ਸਿੰਘ ਧਾਲੀਵਾਲ


ਗੁਰਦੇਵ ਸਿੰਘ ਜੌੜਾ


ਅੰਮ੍ਰਿਤਪਾਲ ਸਿੰਘ ਸੰਘਾ


ਆਗਿਆਪਾਲ ਸਿੰਘ ਬਾਠ


ਜਸਵੀਰ ਕੌਰ ਢਿਲੋਂ


ਡਾ. ਇਨਕਲਾਬੀ ਥਾਂਦੀ


ਡਾ. ਨਵਦੀਪ ਕੌਰ ਸੰਧੂ



ਬਲਵਿੰਦਰ ਕੌਰ (ਨਿੱਕੀ) ਸੇਖੋਂ



ਹਰਵਿੰਦਰ ਪਾਲ ਸਿੰਘ ਲੈਲ


ਮਨਮਿੰਦਰ ਸਿੰਘ ਹੀਰ


ਸਰਵਣ ਸਿੰਘ ਟਿਵਾਣਾ


ਸੁਖਮੇਲ ਸਿੰਘ ਅਟਵਾਲ


ਸ. ਹੈਪੀ ਸਿੰਘ ਹੀਰ


ਅਮੋਲਕ ਸਿੰਘ ਗਾਖਲ


ਜੱਸੀ ਗਿੱਲ

ਪੰਜਾਬ ਟਾਈਮਜ਼
Ph: 847-359-0746
ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ
Published simultaneously from Chicago, California & New York.
*e-mail: punjabtimes1@gmail.com, website: www.punjabtimesusa.com*

# ਮਿੱਠੀ ਆਵਾਜ਼ ਦਾ ਜਾਦੂ ਸ਼ਬੀਰ ਕੁਮਾਰ



ਫ਼ਿਲਮ ਇੰਡਸਟਰੀ 'ਚ ਸਵਰਗੀ ਮੁਹੰਮਦ ਰਫ਼ੀ ਤੋਂ ਬਾਅਦ ਉਨ੍ਹਾਂ ਦੀ ਆਵਾਜ਼ ਨਾਲ ਮਿਲਦੀਆਂ-ਜੁਲਦੀਆਂ ਕਈ ਆਵਾਜ਼ਾਂ ਆਈਆਂ ਤੇ ਪਲਾਂ 'ਚ ਹੀ ਗ਼ਾਇਬ ਹੋ ਗਈਆਂ ਪਰ ਰਫ਼ੀ ਸਾਹਿਬ ਦੀ ਕਮੀ ਨੂੰ ਪੂਰਾ ਕੀਤਾ ਗਾਇਕ ਸ਼ਬੀਰ ਕੁਮਾਰ ਨੇ। ਰਫ਼ੀ ਸਾਹਿਬ ਦੀ ਮੌਤ ਤੋਂ ਬਾਅਦ ਉਨ੍ਹਾਂ ਦੀ ਯਾਦ 'ਚ ਇਕ ਸ਼ੋਅ ਸ਼ੁਰੂ ਕੀਤਾ ਗਿਆ ਸੀ, ਜਿਸ ਦਾ ਨਾਂਅ ਸੀ 'ਏਕ ਸ਼ਾਮ ਰਫ਼ੀ ਕੇ ਨਾਮ', ਇਸ ਸ਼ੋਅ 'ਚ 'ਸ਼ਬੀਰ ਕੁਮਾਰ' ਸ਼ੌਕੀਆ ਤੌਰ 'ਤੇ ਗਾਇਆ ਕਰਦੇ ਸਨ। ਇਸ ਸ਼ੋਅ ਤੋਂ ਹੀ ਸੰਗੀਤਕਾਰਾ ਊਸ਼ਾ ਖੰਨਾ ਨੇ ਸ਼ਬੀਰ ਕੁਮਾਰ ਦੀ ਆਵਾਜ਼ ਨੂੰ ਨੋਟਿਸ ਕੀਤਾ ਤੇ ਫ਼ਿਲਮ 'ਤਜਰਬਾ' ਦੇ ਇਕ ਗੀਤ 'ਚ ਮੌਕਾ ਦਿੱਤਾ। ਗੀਤ ਦੇ ਬੋਲ ਸਨ 'ਏਕ ਨਹੀਂ ਦੋ ਨਹੀਂ ਹਮ ਹੈਂ ਪਾਂਚ ..' ਇਸ ਗੀਤ 'ਚ ਸ਼ਬੀਰ ਕੁਮਾਰ ਦਾ ਸਾਥ ਉਨ੍ਹਾਂ ਦੇ



ਸਹਿ ਗਾਇਕ ਸੁਰੇਸ਼ ਵਾਡਕਰ, ਅਮਿਤ ਕੁਮਾਰ, ਹੇਮ ਲਤਾ ਤੇ ਊਸ਼ਾ ਖੰਨਾ ਨੇ ਦਿੱਤਾ ਸੀ। ਇਸ ਗੀਤ ਤੋਂ ਸੰਗੀਤਕਾਰ ਲਕਸ਼ਮੀ ਕਾਂਤ-ਪਿਆਰੇ ਲਾਲ ਨੇ ਸ਼ਬੀਰ ਕੁਮਾਰ ਦੀ ਆਵਾਜ਼ ਨੂੰ ਨੋਟਿਸ ਕੀਤਾ। ਦੂਜੇ ਪਾਸੇ ਨਿਰਮਾਤਾ ਨਿਰਦੇਸ਼ਕ ਮਨਮੋਹਨ ਦੇਸਾਈ, ਜੋ ਕਿ ਰਫ਼ੀ ਸਾਹਿਬ ਦੀ ਆਵਾਜ਼ ਦੇ ਮੁਰੀਦ ਸਨ ਤੇ ਆਪਣੀਆਂ ਫ਼ਿਲਮਾਂ 'ਚ ਉਨ੍ਹਾਂ ਤੋਂ ਹੀ ਗੀਤ ਗਵਾਉਂਦੇ ਸਨ। ਉਨ੍ਹੀਂ ਦਿਨੀਂ ਉਹ ਫ਼ਿਲਮ 'ਕੁਲੀ' ਬਣਾ ਰਹੇ ਸਨ ਤਾਂ ਸੰਗੀਤਕਾਰ ਲਕਸ਼ਮੀ ਕਾਂਤ-ਪਿਆਰੇਲਾਲ ਕੋਲ ਆਏ ਤਾਂ ਸ਼ਬੀਰ ਕੁਮਾਰ ਦੇ ਨਾਂਅ 'ਤੇ ਚਰਚਾ ਹੋਈ ਸ਼ਬੀਰ ਕੁਮਾਰ, ਜੋ ਕਿ ਗੁਜਰਾਤੀ ਹਨ ਤੇ ਬੜੌਦਾ ਨਿਵਾਸੀ ਹਨ, ਨੂੰ ਵਿਸ਼ੇਸ਼ ਤੌਰ 'ਤੇ ਮੁੰਬਈ ਬੁਲਾਇਆ ਗਿਆ ਤੇ ਉਨ੍ਹਾਂ ਦੀ ਆਵਾਜ਼ ਦਾ ਟੈਸਟ ਲਿਆ ਗਿਆ। ਇਸ ਤਰ੍ਹਾਂ ਸ਼ਬੀਰ ਕੁਮਾਰ ਨੂੰ ਮੌਕਾ ਮਿਲਿਆ ਫ਼ਿਲਮ 'ਕੁਲੀ' 'ਚ। 'ਕੁਲੀ' ਫ਼ਿਲਮ ਸੁਪਰਹਿੱਟ ਹੋਈ ਤੇ ਫ਼ਿਲਮ ਦੇ ਗਾਣਿਆਂ ਨੇ ਚਾਰੇ ਪਾਸੇ ਧੂੰਮਾਂ ਪਾ ਦਿੱਤੀਆਂ। ਇਸ ਤੋਂ ਬਾਅਦ ਮਨਮੋਹਨ ਦੇਸਾਈ ਨੇ ਜਦ ਫ਼ਿਲਮ 'ਮਰਦ' ਬਣਾਈ ਤਾਂ ਫ਼ਿਲਮ ਦੇ ਮੁੱਖ ਗਾਇਕ ਸ਼ਬੀਰ ਕੁਮਾਰ ਹੀ ਸਨ। 'ਮਰਦ' ਦੇ ਗਾਣੇ ਵੀ ਸੁਪਰ ਡੂਪਰ ਹਿੱਟ ਸਨ। 'ਸ਼ਬੀਰ ਕੁਮਾਰ ਨੂੰ ਫ਼ਿਲਮ 'ਬੇਤਾਬ' ਦੇ ਗਾਣਿਆਂ ਲਈ ਹਮੇਸ਼ਾ ਯਾਦ ਰੱਖਿਆ ਜਾਵੇਗਾ। ਇਸ ਦੇ ਨਾਲ ਹੀ ਸ਼ਬੀਰ ਕੁਮਾਰ, ਲਕਸ਼ਮੀ-ਪਿਆਰੇ ਰੇ ਪਸੰਦੀਦਾ ਗਾਇਕ ਬਣ ਗਏ ਸਨ।

**ਕਲਾ ਪਰਿਕਰਮਾ**

# ਛੋਟੇ ਪਰਦੇ ਦੀਆਂ ਸੰਸਕਾਰੀ ਨੂੰਹਾਂ ਦਾ ਬਦਲਿਆ ਹੋਇਆ ਰੂਪ



ਨੀਆ ਸ਼ਰਮਾ

ਛੋਟੇ ਪਰਦੇ 'ਤੇ ਸੰਸਕਾਰੀ ਨੂੰਹਾਂ ਦਾ ਕਿਰਦਾਰ ਨਿਭਾਉਣ ਵਾਲੀਆਂ ਨਾਇਕਾਵਾਂ ਆਪਣੇ ਇਨ੍ਹਾਂ ਕਿਰਦਾਰਾਂ ਦੀ ਵਜ੍ਹਾ ਕਰਕੇ ਘਰ- ਘਰ ਵਿਚ ਮਸ਼ਹੂਰ ਹੋ ਜਾਂਦੀਆਂ ਹਨ। ਸੰਸਕਾਰੀ ਨਾਇਕਾਵਾਂ ਦੇ ਰੂਪ ਵਿਚ ਦਰਸ਼ਕ ਇਨ੍ਹਾਂ ਨੂੰ ਜੀਅ-ਜਾਨ ਤੋਂ ਪਸੰਦ ਕਰਨ ਲਗਦੇ ਹਨ। ਪਰ ਸ਼ਰਮ-ਓ-ਹਿਆ ਨਾਲ ਭਰੀ ਦਿਸਣ ਵਾਲੀਆਂ ਇਹ ਨਾਇਕਾਵਾਂ ਜਦੋਂ ਓ.ਟੀ.ਟੀ. 'ਤੇ ਆਉਂਦੀਆਂ ਹਨ ਤਾਂ ਉਸ ਦਾ ਰੂਪ ਇਕਦਮ ਬਦਲਿਆ ਹੋਇਆ ਨਜ਼ਰ ਆਉਂਦਾ ਹੈ। ਟੀ.ਵੀ. ਦੀਆਂ ਇਹ ਸੰਸਕਾਰੀ ਨਾਇਕਾਵਾਂ ਓ.ਟੀ.ਟੀ. 'ਤੇ ਇੰਝ-ਇੰਝ ਦੇ ਦ੍ਰਿਸ਼ ਦੇਣ ਲਗਦੀਆਂ ਹਨ ਕਿ ਦੇਖਣ ਵਾਲੇ ਹਉਕੇ ਭਰਦੇ ਹੋਏ ਉਨ੍ਹਾਂ ਨੂੰ ਦੇਖਦੇ ਹੀ ਰਹਿ ਜਾਂਦੇ ਹਨ।

## ਹਿਨਾ ਖਾਨ

ਟੀ.ਵੀ. ਦੀਆਂ ਸਿੱਧੀ-ਸਾਦੀਆਂ ਨੂੰਹਾਂ ਦੇ ਰੂਪ ਵਿਚ ਨਜ਼ਰ ਆਉਣ ਵਾਲੀਆਂ ਜਿਨ੍ਹਾਂ ਅਦਾਕਾਰਾ ਨੇ ਓ.ਟੀ.ਟੀ. 'ਤੇ ਆਉਂਦਿਆਂ ਹੀ ਅਡਲਟ ਦ੍ਰਿਸ਼ਾਂ ਜ਼ਰੀਏ ਤਹਿਲਕਾ ਮਚਾ ਦਿੱਤਾ ਉਨ੍ਹਾਂ ਵਿਚੋਂ ਸਭ ਤੋਂ ਪਹਿਲਾ ਨਾਂਅ ਅਦਾਕਾਰਾ ਹਿਨਾ ਖਾਨ ਦਾ ਹੈ। ਟੀ.ਵੀ. ਸ਼ੋਅ 'ਯੇ ਰਿਸ਼ਤਾ ਕਿਆ ਕਹਿਲਾਤਾ ਹੈ' ਜ਼ਰੀਏ ਘਰ-ਘਰ ਵਿਚ ਆਪਣੀ ਪਛਾਣ ਬਣਾਉਣ ਵਾਲੀ ਅਦਾਕਾਰਾ ਹਿਨਾ ਖਾਨ ਨੇ ਸੰਸਕਾਰੀ ਨੂੰਹ ਅਕਸ਼ਰਾ ਬਣ ਕੇ ਦਰਸ਼ਕਾਂ ਦੇ ਦਿਲਾਂ 'ਤੇ ਰਾਜ਼ ਕੀਤਾ ਹੈ। ਅਸਲ ਜ਼ਿੰਦਗੀ ਵਿਚ ਬੇਹੱਦ ਗਲੈਮਰਸ ਨਜ਼ਰ ਆਉਣ ਵਾਲੀ ਹਿਨਾ ਖਾਨ ਜਦੋਂ 'ਡੈਮੇਜ਼ਡ' ਅਤੇ 'ਹੈਕਡ' ਵਰਗੇ ਓ.ਟੀ.ਟੀ. ਸ਼ੋਅ ਵਿਚ ਆਈ ਤਾਂ ਢੇਰ ਸਾਰੇ ਇੰਟੀਮੇਟ ਦ੍ਰਿਸ਼ਾਂ ਜ਼ਰੀਏ ਉਸ ਨੇ ਦਰਸ਼ਕਾਂ ਦੀ ਹਾਲਤ ਹੀ ਖ਼ਰਾਬ ਕਰ ਦਿੱਤੀ। ਅੱਜ ਉਸ ਦੀ ਗਿਣਤੀ ਓ.ਟੀ.ਟੀ. ਦੀ ਸਭ ਤੋਂ ਆਕਰਸ਼ਕ ਅਤੇ ਸਟਾਈਲਿਸ਼ ਅਦਾਕਾਰਾ ਦੇ ਰੂਪ ਵਿਚ ਹੁੰਦੀ ਹੈ।



ਹਿਨਾ ਖਾਨ

## ਨੀਆ ਸ਼ਰਮਾ

ਅਸਲ ਜ਼ਿੰਦਗੀ ਵਿਚ ਟੀ.ਵੀ. ਦੀ ਸਟਾਈਲਿਸ਼ ਹਸੀਨਾ ਨੀਆ ਸ਼ਰਮਾ ਟੀ.ਵੀ. ਸੀਰੀਅਲ 'ਏਕ ਹਜ਼ਾਰੋਂ ਮੇਂ ਮੇਰੀ ਬਹਿਨਾ ਹੈ' ਵਿਚ ਬੇਹੱਦ ਸਾਧਾਰਨ ਦਿਖ ਵਾਲਾ ਕਿਰਦਾਰ ਨਿਭਾ ਕੇ ਘਰ-ਘਰ 'ਚ ਮਸ਼ਹੂਰ ਹੋਈ । ਟੀ.ਵੀ. ਸ਼ੋਅ 'ਜਮਾਈ ਰਾਜਾ' ਵਿਚ ਵੀ ਉਸ ਦਾ ਸ਼ਰਮੀਲੀ ਜਿਹੀ ਦਿਸਣ ਵਾਲੀ ਰੋਂਦੀ-ਬਿਲਖਦੀ ਕੁੜੀ ਦਾ ਕਿਰਦਾਰ ਸੀ। ਪਰ ਉਸ ਤੋਂ ਬਾਅਦ ਜਦੋਂ ਉਹੀ ਨੀਆ ਸ਼ਰਮਾ ਓ.ਟੀ.ਟੀ. 'ਤੇ ਆਈ ਤਾਂ ਉਸ ਨੇ ਅੱਗ ਹੀ ਲਗਾ ਦਿੱਤੀ। ਓ.ਟੀ.ਟੀ. ਦੀ ਸੀਰੀਜ਼ 'ਟਵਿਸਟੇਡ' ਵਿਚ ਉਸ ਨੇ ਇਕ ਤੋਂ ਬਾਅਦ ਇਕ ਇੰਟੀਮੇਟ ਦ੍ਰਿਸ਼ਾਂ ਦੀ ਝੜੀ ਜਿਹੀ ਲਗਾ ਦਿੱਤੀ। ਦਰਸ਼ਕ ਉਸ ਦਾ ਇਹ ਨਵਾਂ ਰੂਪ ਦੇਖ ਕੇ ਹੈਰਾਨ ਰਹਿ ਗਏ।

## ਸ਼ਵੇਤਾ ਤਿਵਾੜੀ

ਬੇਹੱਦ ਖ਼ੂਬਸੂਰਤ ਅਦਾਕਾਰਾ ਸ਼ਵੇਤਾ ਤਿਵਾੜੀ ਟੀ.ਵੀ. ਸ਼ੋਅ 'ਕਸੌਟੀ ਜ਼ਿੰਦਗੀ ਕੀ' ਵਿਚ ਪ੍ਰੇਰਣਾ ਦੇ ਕਿਰਦਾਰ ਵਿਚ ਮਸ਼ਹੂਰ ਹੋਈ ਸੀ। ਉਸ ਦੇ ਇਸ ਕਿਰਦਾਰ ਨੂੰ ਲੋਕ ਅੱਜ ਵੀ ਯਾਦ ਕਰਦੇ ਹਨ ਪਰ ਜਦੋਂ ਉਹੀ ਪ੍ਰੇਰਣਾ ਓ.ਟੀ.ਟੀ. ਵੈੱਬ ਸੀਰੀਜ਼ 'ਹਮ ਤੁਮ ਔਰ ਵੋ' ਵਿਚ ਇਰਾਟਿਕ ਦ੍ਰਿਸ਼ ਵਿਚ ਨਜ਼ਰ ਆਈ ਤਾਂ ਅਚਾਨਕ ਬਦਲੇ ਉਸ ਦੇ ਇਸ ਨਵੇਂ ਰੂਪ 'ਤੇ ਲੋਕਾਂ ਨੂੰ ਵਿਸ਼ਵਾਸ ਹੀ ਨਹੀਂ ਸੀ ਹੋਇਆ। ਇਸ ਟੀ.ਵੀ. ਸ਼ੋਅ ਲਈ ਸ਼ਵੇਤਾ ਨੇ ਬਹੁਤ ਸੁਰਖੀਆਂ ਬਟੋਰੀਆਂ ਸਨ ।



ਸ਼ਵੇਤਾ ਤਿਵਾੜੀ

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 8 ਨਵੰਬਰ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-715



*ਬੀਬੀਏ ਕੁੜੀਏ ਤੂੰ ਪਹਿਲਾਂ ਪੜ੍ਹ ਕੇ ਆ, ਤੈਨੂੰ ਦੇਖ ਕੇ ਮਾਪਿਆਂ ਨੂੰ ਚੜ੍ਹਦਾ ਚਾਅ।*
*ਜਾਹ ! ਚੁੱਕ ਸਾਈਕਲ ਮੁਰੱਬੇ ਗੇੜਾ ਲਾ, ਫਿਰ ਗੋਂਗਲੂ ਮੂਲੀਆਂ ਪੁੱਟ ਖੇਤੋਂ ਲਿਆ।*
*ਬੜੀ ਮੁਫ਼ੀਦ ਹੈ ਸਿਆਲੂ ਸਬਜ਼ੀ ਭਾਜੀ, ਖ਼ੂਨ ਵਧਾਉਂਦੀ ਹੈ ਚਿੱਤ ਰੱਖਦੀ ਰਾਜ਼ੀ।*

## ਕੈਪਸ਼ਨ ਮੁਕਾਬਲਾ-713



ਜਿਉਂਦੇ ਰਹਿਣ ਵੱਡੇ ਵੀਰੇ,
ਜੋ ਹੱਥੀਂ ਨੇ ਛਾਵਾਂ ਕਰਦੇ,
ਬਾਪ ਤੋਂ ਹੁੰਦੇ ਦੂਜੀ ਥਾਂ 'ਤੇ,
ਵਾਂਗ ਰੁੱਖਾਂ ਰਾਖੀ ਕਰਦੇ।
ਦੁੱਖ ਸੁੱਖ 'ਚ ਹੋਣ ਸਹਾਈ,
ਸੰਗ ਮੁਸੀਬਤ ਨੇ ਖੜ੍ਹਦੇ,
ਮਰੇ ਮਿਰਜ਼ਾ ਬਾਝ ਭਰਾਵਾਂ,
ਨਿੱਤ ਨਿੱਤ ਕਿੱਸੇ ਪੜ੍ਹਦੇ।
***-ਸੇਵਾ ਸਿੰਘ ਨੂਰਪੁਰੀ***

---

ਵੱਡਾ ਆਖੇ ਛੋਟੂਆ,
ਐਵੇਂ ਨਾ ਤੂੰ ਦਿਲ ਢਾਹ।
ਕਰ ਓਹੀ ਜੋ ਲੋਚਦੈਂ,
ਜੋ ਦਿਲ ਕਰਦਾ ਖਾਹ।
ਮਾਪੇ ਟੁਰ ਗਏ ਕੀ ਕਰਾਂ!
ਹੋਣੀ ਬੇ-ਪਰਵਾਹ।
ਲੋੜ ਤੇਰੀ ਪੂਰੀ ਕਰਾਂ,
ਲਾਵਾਂਗਾ ਪੂਰੀ ਵਾਹ।
ਛੋਟਾ ਆਖੇ ਵੀਰਿਆ,
ਹੈ ਤੇਰੀ ਈ ਮੈਨੂੰ ਛਾਂ।
ਬਾਪ ਮੇਰਾ ਵੀ ਆਪ,
ਹੈਂ ਤੁਹੀਓਂ ਮੇਰੀ ਮਾਂ।
ਜੋ ਵੀ ਆਖੇਂ ਸੋ ਕਰਾਂ,
ਜਿੱਧਰ ਕਹੇਂ ਤੁਰ ਜਾਂ।
ਮਾਪੇ ਭਾਈਆਂ ਤੁੱਲ ਨਾ,
ਕਰੋੜ ਹਜ਼ਾਰ ਲੱਖਾਂ।
ਮਾਪਿਆਂ ਬਾਝ ਅਨਾਥ ਜਿਉਂ
ਰੁੱਖਾਂ ਬਾਝੋਂ ਪੱਤ।
ਝੱਖੜ ਝਾਂਜੇ ਨ੍ਹੇਰੀਆਂ,
ਰਹਿਣ ਨਾ ਦੇਵਣ ਸੱਤ।
ਸਾਰ ਨਾ ਕੋਈ ਜਾਣਦਾ,
ਸ਼ਰੀਕ ਅੜਾਵਣ ਲੱਤ।
ਰੱਬਾ! ਮਾਪੇ ਜੇ ਲੈ ਜਾਵਣੇ,
ਬਾਲ ਵੀ ਨਾਲੇ ਘੱਤ।
'ਨਾਕਾਮ' ਜੱਗ 'ਤੇ ਵਿਕਦੇ ਨਾ
ਬਾਲ ਹੱਟ-ਹੱਟ।
***-ਗੁਰਬਖਸ਼ ਸਿੰਘ 'ਨਾਕਾਮ'***

---

ਮੰਮੀ ਪਾਪਾ ਤੁਰ ਗਏ ਕੰਮ 'ਤੇ
ਕੱਲੇ ਰਹਿਗੇ ਮਸੂਮ ਨਿਆਣੇ।
ਛੋਟਾ ਬੁਸ-ਬੁਸ ਕਰਨ ਲੱਗਿਆ
ਤਾਂ ਵੱਡਾ ਆਪਣਾ ਫਰਜ਼ ਪਛਾਣੇ।
ਉਹਦਾ ਮਨ ਪ੍ਰਚਾਵਣ ਲੱਗਿਆ
ਗੱਲਾਂ ਕਰ ਕਰ ਵਾਂਗ ਸਿਆਣੇ।
***- ਜਗਮੀਤ ਸਿੰਘ ਪੰਧੇਰ***
***ਫੋਨ:+1 403-439-2008***

---

ਬਚਪਨ, ਬੇਪਰਵਾਹ, ਸਮੱਸਿਆ ਰਹਿਤ
ਅਨਜਾਣ, ਅਭੋਲ, ਆਜ਼ਾਦ ਹੁੰਦਾ
ਅੜੀ ਕਰੇ, ਜੋ ਵੀ ਮੰਗੇ
ਮਾਪੇ ਹਾਜ਼ਰ ਨਾਜ਼ਰ ਹੁੰਦੇ
ਅੰਤਾਂ ਦਾ ਲਾਡ, ਕਿਲਕਾਰੀਆਂ
ਘਰ 'ਚ ਤਾਂ ਹਰਮਨਪਿਆਰਾ ਹੁੰਦਾ ਨੀ
ਹਮਉਮਰਾਂ 'ਚ ਵੀ ਬਾਦਸ਼ਾਹ ਤੋਂ ਘੱਟ ਨਹੀਂ
ਗਰੀਬ ਨਿਸਬਤ ਅਮੀਰ ਵਧ ਖੁਸ਼ ਹੁੰਦਾ
ਸੀਮਤ ਹੁੰਦੇ ਸਾਧਨ ਉਸ ਕੋਲ
ਵੱਡਾ ਛੋਟੇ ਦੀ ਉਂਗਲੀ ਫੜ
ਮਾਪਿਆਂ ਦਾ ਭਾਰ ਹਲਕਾ ਹੋ ਜਾਂਦਾ।
***-ਦਰਸ਼ਨ ਪਾਲ ਦੋਸਾਂਝ***

# ਭੁੱਲੇ ਵਿਸਰੇ ਹਿਟਲਰ ਤੇ ਬਰਲਿਨ ਕੰਧ ਦੀਆਂ ਗੱਲਾਂ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਪੱਛਮੀ ਜਰਮਨੀ ਦਾ ਹੈਮਬਰਗ ਮੇਰੇ ਲਈ ਮੇਰੇ ਨਾਨਕਿਆਂ ਦੇ ਸ਼ਹਿਰ ਵਾਂਗ ਹੈ। ਏਥੇ ਮੇਰਾ ਹਾਣੀ ਤੇ ਹਮ- ਜਮਾਤੀ ਮਾਮਾ ਸਵਰਨ ਸਿੰਘ ਭੰਗੂ 1978-2022 ਵਿਚ ਅੰਤਲੇ ਸਾਹ ਲੈਣ ਤੱਕ ਰਹਿੰਦਾ ਰਿਹਾ ਹੈ। ਉਹ ਉਥੋਂ ਦੇ ਰੇਲਵੇ ਸਟੇਸ਼ਨ 'ਤੇ ਅਖ਼ਬਾਰਾਂ ਵੇਚਣ ਦਾ ਕੰਮ ਕਰਦਾ ਸੀ ਜਦੋਂ ਉਸਦਾ ਵਾਹ ਹੈਮਬਰਗ ਦੇ ਅਨਾਥ ਆਸ਼ਰਮ ਵਿਚ ਕੰਮ ਕਰਦੀ ਐਂਡਰੀਆ ਨਾਂ ਦੀ ਜਰਮਨ ਯੁਵਤੀ ਨਾਲ ਪੈ ਗਿਆ ਜਿਸਨੇ ਇੱਕ ਇੱਕ ਕਰਕੇ ਮਾਮੇ ਦੇ ਤਿੰਨੋਂ ਮੁੰਡੇ ਹੈਮਬਰਗ ਦੇ ਵਸਨੀਕ ਬਣਾ ਦਿੱਤੇ। ਤਿੰਨਾਂ ਵਿਚੋਂ ਸਭ ਤੋਂ ਛੋਟਾ ਮਨਧੀਰ ਸਿੰਘ ਉਰਫ ਪਿੰਕੂ ਐਂਡਰੀਆ ਨੇ ਗੋਦ ਲਿਆ ਸੀ ਤੇ ਪਿੰਕੂ ਦੀ ਇਕੱਲ ਦੂਰ ਕਰਨ ਲਈ ਉਸਦੇ ਦੋਵਾਂ ਭਰਾਵਾਂ ਨੂੰ ਜਰਮਨੀ ਦਾ ਵੀਜ਼ਾ ਮਿਲ ਗਿਆ ਸੀ। ਉਵੇਂ ਮਾਮੇ ਦੇ ਪਰਿਵਾਰ ਕੋਲ ਚੰਡੀਗੜ੍ਹ ਵਿਚ ਵੀ ਇਕ ਘਰ ਹੈ ਜਿੱਥੇ ਉਹ ਤੇ ਉਨ੍ਹਾਂ ਦੇ ਮਿੱਤਰ-ਪਿਆਰੇ ਸਮੇਂ-ਸਮੇਂ ਕਿਆਮ ਕਰਦੇ ਰਹਿੰਦੇ ਹਨ। ਘਰ ਦੀਆਂ ਚਾਬੀਆਂ ਮੇਰੇ ਕੋਲ ਹੁੰਦੀਆਂ ਹਨ ਤੇ ਆਉਣ-ਜਾਣ ਵਾਲਿਆਂ ਨੂੰ ਕੋਈ ਦਿੱਕਤ ਨਹੀਂ ਹੁੰਦੀ।

ਪਿਛਲੇ ਹਫਤੇ ਤੋਂ ਮਨਧੀਰ ਏਥੇ ਆਇਆ ਹੋਇਆ ਹੈ। ਮੇਰੇ ਹਾਣੀ ਮਾਮੇ ਦਾ ਛੋਟਾ ਬੇਟਾ ਜਿਸਨੂੰ ਉਸਦੇ ਗੋਰੇ ਰੰਗ ਕਾਰਨ ਅਸੀਂ ਪਿੰਕੂ ਕਹਿੰਦੇ ਹਾਂ। ਉਸ ਦੇ ਨਾਲ ਉਸਦੀ ਦੋਸਤ ਵੀ ਹੈ। ਉਨ੍ਹਾਂ ਦੀ ਆਮਦ ਨੇ ਮੈਨੂੰ ਆਪਣਾ ਨਾਨਕਾ ਪਿੰਡ ਵੀ ਚੇਤੇ ਕਰਵਾ ਦਿੱਤਾ ਹੈ ਜਿਹੜਾ ਖੰਨਾ-ਸੰਘੋਲ ਮਾਰਗ ਉੱਤੇ ਪੈਂਦਾ ਹੈ ਅਤੇ ਜਿੱਥੇ ਰਹਿ ਕੇ ਮੈਂ ਆਪਣੀ ਮੁਢਲੀ ਪੜ੍ਹਾਈ ਕੀਤੀ ਸੀ। ਚੌਦਾਂ ਸਾਲ ਦੀ ਉਮਰ ਤੱਕ। ਪਿੰਡ ਦਾ ਨਾਂ ਕੋਟਲਾ ਬਡਲਾ ਹੈ। ਪਿੰਡ ਦੇ ਭੰਗੂ ਵਸਨੀਕ ਮੱਸਾ ਰੰਘੜ ਨੂੰ ਸੋਧਣ ਵਾਲੇ ਬਾਬਾ ਮਤਾਬ ਸਿੰਘ ਦੇ ਵਾਰਸ ਹਨ ਜਿਸਨੇ ਭਾਈ ਸੁੱਖਾ ਸਿੰਘ ਨੂੰ ਨਾਲ ਲੈ ਕੇ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਵਾਲੇ ਮੱਸੇ ਦੀ ਹੱਤਿਆ ਕੀਤੀ ਸੀ। ਜੇ ਕੋਟਲਾ ਬਡਲਾ ਮੇਰਾ ਨਾਨਕਾ ਪਿੰਡ ਹੈ ਤਾਂ ਜਰਮਨੀ ਵਾਲਾ ਹੈਮਬਰਗ ਵੀ ਉਸ ਤੋਂ ਘੱਟ ਨਹੀਂ। ਮੈਂ ਉਥੇ ਵੀ ਜਾਂਦਾ ਰਹਿੰਦਾ ਹਾਂ। ਉਥੋਂ ਵਾਲੇ ਮਨਧੀਰ ਉਰਫ ਪਿੰਕੂ ਦੀ ਆਮਦ ਨੇ ਹੈਮਬਰਗ ਤਾਂ ਕੀ ਜਰਮਨੀ ਦੀ ਬਰਲਿਨ ਦੀ ਕੰਧ 'ਤੇ ਹਿਟਲਰ ਦੀ ਮ੍ਰਿਤੂ ਵੀ ਚੇਤੇ ਕਰਵਾ ਦਿੱਤੀ ਹੈ। ਕਥਾ ਵਿਚ ਬਹੁਤ ਕੁੱਝ ਹੈ।

ਮੈਂ ਪੂਰਬੀ ਤੇ ਪੱਛਮੀ ਜਰਮਨੀ ਨੂੰ ਏਨਾ ਖ਼ੁਦ ਨਹੀਂ ਦੇਖਿਆ ਜਿੰਨਾ ਪਿੰਕੂ ਨੂੰ ਗੋਦ ਲੈਣ ਵਾਲੀ ਐਂਡਰੀਆ ਨੇ ਆਪਣੀ ਜੀਵਨੀ ਦੁਆਰਾ ਦਿਖਾਇਆ ਹੈ। ਉਦੋਂ ਬਰਲਿਨ ਦੀ ਕੰਧ ਦੇ ਏਸ ਪਾਰ ਪੱਛਮੀ ਜਰਮਨੀ ਸੀ ਤੇ ਉਸ ਪਾਰ ਪੂਰਬੀ ਜਰਮਨੀ। ਇਸ ਕੰਧ ਉੱਤੇ ਥਾਂ ਪਰ ਥਾਂ ਕੰਡਿਆਲੀਆਂ ਵਾੜਾਂ ਸਨ, ਪਹਿਰੇ ਸਨ, ਸਰਚ ਲਾਈਟਾਂ ਸਨ ਅਤੇ ਉਲੰਘਣਾ ਕਰਨ ਵਾਲਿਆਂ ਲਈ ਤੋਪਾਂ ਤੇ ਬੰਦੂਕਾਂ ਦੀਆਂ ਗੋਲੀਆਂ। ਉਹ ਦਿਨ ਬੜੇ ਚੰਦਰੇ ਸਨ। ਪੱਛਮ ਵਾਲਿਆਂ ਦੇ ਦੱਸਣ ਅਨੁਸਾਰ ਪੂਰਬੀ ਜਰਮਨੀ ਦੇ ਲੋਕ ਪੱਛਮ ਵਿਚ ਆਉਣ ਦੇ ਚਾਹਵਾਨ ਸਨ ਤੇ 1961 ਵਿਚ ਕੰਧ ਦੀ ਉਸਾਰੀ ਤੋਂ ਪਹਿਲਾਂ ਇੱਕੜ-ਦੁੱਕੜ ਜਾਂ ਕਾਫਲਿਆਂ ਦੇ ਰੂਪ ਵਿਚ ਆਉਂਦੇ ਹੀ ਰਹਿੰਦੇ ਸਨ। ਪੂਰਬੀ ਜਰਮਨੀ ਸੋਵੀਅਤ ਰੂਸ ਦਾ ਭਾਗ ਹੋਣ ਕਾਰਨ ਸੋਵੀਅਤ ਵਾਲਿਆਂ ਨੇ ਇਹ ਕੰਧ ਏਸ ਲਈ ਉਸਾਰੀ ਸੀ ਕਿ ਉਨ੍ਹਾਂ ਦੇ ਰਹਿਣ-ਸਹਿਣ ਤੇ ਸਭਿਆਚਾਰ ਦੀ ਸੂਹ ਪੱਛਮ ਵਾਲਿਆਂ ਨੂੰ ਨਾ ਲੱਗੇ। ਇੱਕ ਫੇਰੀ ਸਮੇਂ ਮੈਨੂੰ ਬਰਲਿਨ ਲਿਜਾਣ ਵਾਲਾ ਵੁਲਫਗਾਂਗ ਸੀ। ਨਾਚ-ਗਾਣੇ ਕਰਾਉਣ ਦਾ ਮਾਹਿਰ। ਸੜਕ ਦੇ ਦੋਨੋਂ ਪਾਸੇ ਪੂਰਬੀ ਜਰਮਨੀ ਦੇ ਉਹ ਖੇਤ ਵੀ ਦਿਖਾਈ ਦੇ ਰਹੇ ਸਨ ਜਿੱਥੇ ਕਮਿਊਨਿਸਟ ਪ੍ਰਬੰਧਕ ਸਾਂਝੀ ਖੇਤੀ ਕਰਦੇ ਸਨ। ਖੁੱਲ੍ਹੇ ਤੇ ਦੂਰ ਤਕ ਪਸਰੇ ਫਾਰਮ। ਵੁਲਫਗਾਂਗ ਇਨ੍ਹਾਂ ਖੇਤਾਂ ਨੂੰ ਖਸਮ-ਨਿਖੁੱਟੇ ਕਹਿ ਰਿਹਾ ਸੀ। ਉਹ ਪੂੰਜੀਵਾਦੀ ਪ੍ਰਣਾਲੀ ਤੇ ਜੀਵਨ ਦਾ ਬੁਲਾਰਾ ਸੀ। ਅਸੀਂ ਪੱਛਮ ਵੱਲੋਂ ਪੂਰਬ ਨੂੰ ਜਾ ਰਹੇ ਹਾਂ। ਬਰਲਿਨ ਦੇ ਪੱਛਮੀ ਭਾਗ ਦੇ ਘਰ ਅਤੇ ਭਵਨ ਸ਼ੀਸ਼ਿਆਂ ਵਾਲੇ ਸਨ, ਲਿਸ਼ਕਾਂ ਮਾਰਦੇ ਤੇ ਮਨਾਂ ਨੂੰ ਮੋਂਹਦੇ। ਪੂਰਬੀ ਜਰਮਨੀ ਦੇ ਘਰ ਪੱਥਰਾਂ ਦੇ ਬਣੇ ਹੋਏ ਸਨ। ਸੜਕਾਂ ਵੀ ਖੁੱਲ੍ਹੀਆਂ ਤੇ ਗਿਣੀਆਂ-ਮਿਥੀਆਂ। ਨਿਸ਼ਚੇ ਹੀ ਪੂਰਬੀ ਤੇ ਪੱਛਮੀ ਬਰਲਿਨ ਦੀ ਰਹਿਣੀ-ਬਹਿਣੀ ਵਿਚ ਵੱਡਾ ਅੰਤਰ ਸੀ। ਪਰ ਵੁਲਫਗਾਂਗ ਪੂਰਬੀ ਭਵਨ ਉਸਾਰੀ ਦੇ ਹੱਕ ਵਿਚ ਕੁਝ ਵੀ ਕਹਿਣ ਲਈ ਤਿਆਰ ਨਹੀਂ ਸੀ।

ਪੂਰਬੀ ਭਾਗ ਵਿਚ ਮੇਰਾ ਮੇਜ਼ਬਾਨ ਹੈਦਰਾਬਾਦ ਦਾ ਜੰਮਪਲ ਅਸਦ ਅੱਲਾ ਖਾਂ ਸੀ। ਖੱਬੀ ਸੋਚ ਦਾ ਧਾਰਨੀ। ਉਹ ਪੂਰਬੀ ਜਰਮਨੀ ਦੀਆਂ ਕੰਧਾਂ ਤੇ ਸੜਕਾਂ ਦੀ ਮਜ਼ਬੂਤੀ ਦੇ ਗੁਣ ਗਾ ਰਿਹਾ ਸੀ। ਅਸੀਂ ਕੰਧ ਦਾ ਉਹ ਭਾਗ ਵੀ ਤੱਕਿਆ ਜਿੱਥੋਂ ਪੂਰਬੀ ਜਰਮਨੀ ਦੇ ਵਸਨੀਕ ਪੱਛਮੀ ਜਰਮਨੀ ਜਾਣ ਦਾ ਪੰਗਾ ਲੈਂਦੇ ਗੋਲੀਆਂ ਦਾ ਸ਼ਿਕਾਰ ਹੋਏ ਸਨ। ਕੰਧ ਉੱਤੇ ਉਨ੍ਹਾਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ। ਅਸਦ ਅੱਲਾ ਖਾਂ ਦੇ ਕਹਿਣ ਅਨੁਸਾਰ ਇਹ ਤਸਵੀਰਾਂ ਪੱਛਮ ਵਾਲਿਆਂ ਨੇ ਪੂਰਬ ਵਾਲਿਆਂ ਨੂੰ ਬਦਨਾਮ ਕਰਨ ਲਈ ਲਾ ਰੱਖੀਆਂ ਸਨ।

ਹਥਲੀ ਕਹਾਣੀ ਇਤਿਹਾਸ ਦਾ ਉਹ ਪੰਨਾ ਹੈ ਜਿਸ ਵਿਚ ਹਿਟਲਰ ਦੀ ਆਰੀਆ ਸਮਾਜੀ ਧਾਰਨਾ ਨੇ ਇਕੱਲੀ ਜਰਮਨੀ ਨੂੰ ਹੀ ਦੋ ਭਾਗਾਂ ਵਿਚ ਨਹੀਂ ਵੰਡਿਆ ਸਮੁੱਚੇ ਪੱਛਮੀ ਸੰਸਾਰ ਨੂੰ ਖੇਰੂੰ-ਖੇਰੂੰ ਕਰ ਰੱਖਿਆ ਹੈ। ਇਸਦੇ ਕਰਤਾ ਨੂੰ ਨਾਇਕ ਦੀ ਥਾਂ ਖਲਨਾਇਕ ਕਹਿਣਾ ਠੀਕ ਹੋਵੇਗੇ। ਜੇ ਤਸਦੀਕ ਚਾਹੁੰਦੇ ਹੋ ਤਾਂ ਹਿਟਲਰ ਦਾ ਅੰਤ ਇਸਦਾ ਸੱਚਾ ਤੇ ਸੁੱਚਾ ਪ੍ਰਮਾਣ ਹੈ।

ਇਹ ਕਥਾ ਜਿੰਨੀ ਰੋਚਕ ਹੈ ਓਨੀ ਹੀ ਕੌੜੀ ਵੀ। ਇਸ ਦੀ ਥਾਹ ਪਾਉਣ ਲਈ ਐਂਡਰੀਆ ਅਤੇ ਉਸ ਨੂੰ ਜਨਮ ਦੇ ਕੇ ਸੁੱਟ ਜਾਣ ਵਾਲੀ ਮਾਂ ਦੇ ਜੀਵਨ ਬਾਰੇ ਡੂੰਘੇ ਅਧਿਐਨ ਦੀ ਲੋੜ ਹੈ।



*ਮਨਧੀਰ ਭੰਗੂ ਤੇ ਜ਼ਿਗਲਿੰਡੇ ਰੈਜੀਨਾ ਲੇਖਕ ਦੀ ਭੈਣ ਤੇ ਪਤਨੀ ਨਾਲ।*

ਐਂਡਰੀਆਂ ਨਾਲ ਇਹ ਸਾਰਾ ਕੁਝ ਕਿਉਂ ਵਾਪਰਿਆ? ਇਸ ਸੁਆਲ ਨੇ ਮੈਨੂੰ ਮਾਨਸਿਕ ਤੌਰ 'ਤੇ ਬਹੁਤ ਪ੍ਰੇਸ਼ਾਨ ਕੀਤਾ ਹੈ। ਮੈਂ ਐਂਡਰੀਆ ਦੇ ਜੀਵਨ ਦੇ ਉਘੜ-ਦੁਘੜ ਹਨੇਰੇ ਰਾਹਾਂ 'ਤੇ ਉਸ ਦੀ ਉਂਗਲ ਫੜ ਕੇ ਤੁਰਨਾ ਚਾਹੁੰਦਾ ਸੀ ਤਾਂ ਜੋ ਉਸ ਦੇ ਜੀਵਨ ਦੀ ਗੁੱਥੀ ਸੁਲਝਾ ਸਕਾਂ। ਐਂਡਰੀਆਂ ਨੇ ਮੇਰੀ ਗੱਲ ਮੰਨ ਆਪਣੀ ਜ਼ਿੰਦਗੀ ਦਾ ਪਿਛਲ ਸਫਰ ਇਕ ਵਾਰ ਮੁੜ ਤੈਅ ਕੀਤਾ ਪਰ ਇਸ ਵਾਰ ਉਨ੍ਹਾਂ ਰਾਹਾਂ 'ਤੇ ਮੈਂ ਉਸ ਦਾ ਹਮਸਫ਼ਰ ਸਾਂ। ਮੈਂ ਚਾਹੁੰਦਾ ਹਾਂ ਕਿ ਐਂਡਰੀਆ ਦੀ ਇਸ ਕਹਾਣੀ ਤੋਂ ਤੁਹਾਨੂੰ ਵੀ ਵਾਕਫ ਕਰਾਵਾਂ ਤਾਂ ਜੋ ਅਸੀਂ ਜਾਣ ਸਕੀਏ ਕਿ ਇਤਿਹਾਸਕ ਗ਼ਲਤੀਆਂ ਦਾ ਮੁੱਲ ਮਾਸੂਮ ਲੋਕਾਂ ਨੂੰ ਆਪਣੀ ਜ਼ਿੰਦਗੀਆਂ ਨਾਲ ਤਾਰਨਾ ਪੈਂਦਾ ਹੈ।

ਇਸ ਕਥਾ ਦਾ ਇਕ ਹੋਰ ਪਾਤਰ ਮਨਧੀਰ ਹੈ। ਸਵਰਨ ਮਾਮੇ ਦਾ ਛੋਟਾ ਪੁੱਤਰ ਸਵਰਨ ਦੀ ਜਰਮਨ ਸਹੇਲੀ ਐਂਡਰੀਆ ਦੇ ਬੱਚਾ ਨਹੀਂ ਸੀ ਤੇ ਨਾ ਹੀ ਹੋ ਸਕਦਾ ਸੀ। ਇਹ ਗੱਲ ਭੰਗੂ ਪਰਿਵਾਰ ਨੂੰ ਵੀ ਪਤਾ ਸੀ ਤੇ ਐਂਡਰੀਆ ਨੂੰ ਵੀ ਪਰ ਐਂਡਰੀਆ ਦੀ ਗੋਦ ਲਈ ਕੋਈ ਸਮੱਸਿਆ ਨਹੀਂ ਸੀ। ਉਹ ਸਵਰਨ ਦੇ ਤਿੰਨਾਂ ਲੜਕਿਆਂ ਵਿਚੋਂ ਕਿਸੇ ਨੂੰ ਵੀ ਗੋਦ ਲੈ ਸਕਦੀ ਸੀ। ਉਨ੍ਹਾਂ ਵਿਚੋਂ ਸਭ ਤੋਂ ਛੋਟਾ ਮਨਧੀਰ ਸੀ। ਦੇਖਣ ਨੂੰ ਭੋਲਾ-ਭਾਲਾ ਤੇ ਮਨ ਨੂੰ ਮੋਹਣ ਵਾਲਾ। ਸੋਹਣਾ, ਮਨਮੋਹਣਾ। ਐਂਡਰੀਆ ਨੇ ਤਿੰਨਾਂ ਵਿਚੋਂ ਉਹੀਓ ਪਸੰਦ ਕੀਤਾ ਸੀ।

ਉਹ ਹੈਮਬਰਗ ਪਹੁੰਚਿਆ ਤਾਂ ਐਂਡਰੀਆ ਬਿਰਧ ਆਸ਼ਰਮ ਵਿਚ ਕੰਮ ਕਰਦੀ ਸੀ। ਸਵਰਨ ਕੋਲ ਵੀ ਅਖ਼ਬਾਰਾਂ ਆਦਿ ਵੇਚਣ ਦਾ ਪੂਰੇ ਦਿਨ ਦਾ ਕੰਮ ਸੀ। ਮਨਧੀਰ ਨੂੰ ਜਰਮਨ ਬੋਲੀ ਨਹੀਂ ਸੀ ਆਉਂਦੀ। ਯੂਰਪੀ ਜੀਵਨ ਵਿਚ ਗੁਆਂਢੀ ਹੁੰਦੇ ਹੀ ਨਹੀਂ। ਜਦ ਗੁਆਂਢ ਵਿਚ ਕਿਸੇ ਨਾਲ ਬਹਿਣਾ-ਉੱਠਣਾ ਹੀ ਨਹੀਂ ਤਾਂ ਉਨ੍ਹਾਂ ਦੇ ਬੱਚਿਆਂ ਨਾਲ ਕੀ ਵਾਸਤਾ। ਜੋ ਹੁੰਦਾ ਵੀ ਤਾਂ ਮਨਧੀਰ ਨੂੰ ਉਨ੍ਹਾਂ ਦੀ ਬੋਲੀ ਸਮਝ ਨਹੀਂ ਸੀ ਆਉਂਦੀ। ਉਹ ਅਚਾਨਕ ਹੀ ਇਕੱਲਾ ਹੋ ਗਿਆ।

ਮਨਧੀਰ ਦੀ ਮੰਗ ਉੱਤੇ ਐਂਡਰੀਆ ਨੇ ਉਸਦੇ ਦੂਜੇ ਭਰਾਵਾਂ ਲਵਲੀ ਤੇ ਮੋਟੀ ਨੂੰ ਜਰਮਨੀ ਸੱਦਣ ਲਈ ਅਰਜ਼ੀ ਪਾਈ। ਜਰਮਨ ਸਰਕਾਰ ਨੇ ਪ੍ਰਵਾਨ ਨਹੀਂ ਕੀਤੀ। ਜਿਹੜੀ ਔਰਤ ਇਕ ਬੱਚੇ ਨੂੰ ਗੋਦ ਲੈ ਕੇ ਨਹੀਂ ਸੀ ਰੱਜੀ, ਉਹ ਤਿੰਨ ਨਾਲ ਵੀ ਨਹੀਂ ਸੀ ਰੱਜ ਸਕਦੀ ਪਰ ਐਂਡਰੀਆ ਸਿਰੜੀ ਔਰਤ ਸੀ। ਉਹ ਛੇਤੀ ਹਥਿਆਰ ਸੁੱਟਣ ਵਾਲੀ ਨਹੀਂ ਸੀ। ਉਸ ਨੇ ਆਪਣੇ ਵਕੀਲ ਰਾਹੀਂ ਮਨਧੀਰ ਦੀ ਸਿਹਤ ਦਾ ਵਾਸਤਾ ਪਾਇਆ। ਉਸ ਦੀ ਉਦਾਸੀ ਉਸ ਨੂੰ ਕਿਸੇ ਵੀ ਗ਼ਲਤ ਪਾਸੇ ਲਿਜਾ ਸਕਦੀ ਸੀ। ਇਕ ਵਿਗੜਿਆ ਹੋਇਆ ਬੱਚਾ ਜਰਮਨ ਸਮਾਜ ਲਈ ਹਾਨੀਕਾਰਕ ਹੋ ਸਕਦਾ ਸੀ, ਐਂਡਰੀਆ ਦੇ ਵਕੀਲ ਨੇ ਨੁਕਤਾ ਕੱਢ ਲਿਆ ਸੀ।

ਵਕੀਲ ਦੀ ਜਿਰਾਹ ਵਿਚ ਬੜਾ ਦਮ ਸੀ। ਇਕ ਪਾਸੇ ਸਮਾਜ ਲਈ ਹਾਨੀਕਾਰਕ ਇਕ ਬੱਚਾ ਸੀ ਤੇ ਦੂਜੇ ਪਾਸੇ ਇਕ ਦੇ ਤਿੰਨ ਸਿਹਤਮੰਦ ਬੱਚੇ ਯੂਰਪ ਦੇ ਵਿਕਸਿਤ ਤੇ ਅੱਗੇ ਵਧੂ ਸਮਾਜ ਦੇ ਚੌਖਟੇ ਵਿਚੋਂ ਵੇਖਿਆਂ ਐਂਡਰੀਆ ਦੇ ਵਕੀਲ ਦੀ ਜਿਰਾਹ ਮੰਨਣ ਤੋਂ ਬਿਨਾਂ ਸਰਕਾਰ ਕੋਲ ਹੋਰ ਕੋਈ ਚਾਰਾ ਨਹੀਂ ਸੀ।

ਮਨਧੀਰ ਸਿੰਘ ਭੰਗੂ ਉਰਫ ਪਿੰਕੂ ਦਾ ਚੰਡੀਗੜ੍ਹ ਆਉਣਾ ਤਾਂ ਕੇਵਲ ਸਬੱਬ ਹੈ। ਅਸਲ ਵਿਚ ਮੈਂ ਬਰਲਿਨ ਦੀ ਢਹਿ ਚੁੱਕੀ ਕੰਧ ਤੇ ਗਏ ਗੁਜ਼ਰੇ ਹਿਟਲਰ ਦੀ ਗੱਲ ਕਰਨਾ ਚਾਹੁੰਦਾ ਜਿਸ ਨੂੰ ਅੰਤਕਾਰ ਆਪਣੀਆਂ ਕਰਤੂਤਾਂ ਦਾ ਗਿਆਨ ਖ਼ੁਦ ਹੀ ਹੋ ਗਿਆ ਸੀ। ਉਸਨੇ ਆਪਣੀ ਜਾਨ ਆਪ ਹੀ ਲੈਣ ਤੋਂ ਇੱਕ ਦਿਨ ਪਹਿਲਾਂ ਕਈ ਸਾਲਾਂ ਤੋਂ ਦੋਸਤ ਚੱਲੀ ਆ ਰਹੀ ਏਵਾ ਬਰਾਊਨ ਨਾਲ ਵਿਆਹ ਕਰ ਲਿਆ ਸੀ। ਵਿਆਹ ਵੇਲੇ ਗਯੁਬਲਜ਼ ਵਲੋਂ ਲਿਆਂਦੇ ਇਕ ਸਰਕਾਰੀ ਅਧਿਕਾਰੀ, ਦੋ ਤਿੰਨ ਹੋਰ ਨਜ਼ਦੀਕੀਆਂ ਅਤੇ ਬਲੌਂਡੀ ਨਾਂ ਦੇ ਅਲਸੇਸ਼ਨ ਕੁੱਤੇ ਤੋਂ ਬਿਨਾਂ ਹੋਰ ਕੋਈ ਹਾਜ਼ਰ ਨਹੀਂ ਸੀ।

ਵਿਆਹ ਦੀ ਰਸਮ ਸਾਦਾ ਸੀ। ਵਾਗਨਰ ਦੇ ਸੰਗੀਤ ਦੀਆਂ ਧੁਨਾਂ ਵਿਚ ਉਨ੍ਹਾਂ ਦੋਵਾਂ ਨੇ ਕੇਵਲ ਇਹ ਹੀ ਕਸਮ ਖਾਧੀ ਸੀ ਕਿ ਉਹ ਦੋਵੇਂ ਖਾਲਸ ਆਰੀਆ ਨਸਲ ਦੇ ਹਨ ਅਤੇ ਜੱਦੀ ਪੁਸ਼ਤੀ ਕਿਸੇ ਵੀ ਰੋਗ ਤੋਂ ਮੁਕਤ ਹਨ।

ਉਨ੍ਹਾਂ ਦਾ ਹਨੀਮੂਨ ਕੇਵਲ ਇੱਕ ਹੀ ਦਿਨ ਦਾ ਸੀ। ਅਗਲੇ ਦਿਨ ਹਿਟਲਰ ਨੇ ਸਭ ਤੋਂ ਪਹਿਲਾ ਕੰਮ ਇਹ ਕੀਤਾ ਸੀ ਕਿ ਆਪਣੇ ਬਲੌਂਡੀ ਨੂੰ ਖਤਮ ਕਰਵਾਇਆ। ਇੱਕ ਇੱਕ ਕਰਕੇ ਹੱਥ ਮਿਲਾਉਂਦਾ ਆਪਣੇ ਕਮਰੇ ਵਲ ਚਲਾ ਗਿਆ। ਇਹ ਘਟਨਾ 30 ਅਪ੍ਰੈਲ 1945 ਦੀ ਹੈ।

ਉਸਦੇ ਕਮਰੇ ਵਿਚੋਂ ਸ਼ਾਮ ਦੇ ਸਵਾ ਤਿੰਨ ਵਜੇ ਉਸਦੇ ਚਾਹੁਣ ਵਾਲਿਆਂ ਨੇ ਗੋਲੀ ਦੀ ਆਵਾਜ਼ ਸੁਣੀ ਤਾਂ ਅੰਦਰ ਜਾ ਕੇ ਦੇਖਿਆ ਕਿ ਹਿਟਲਰ ਖ਼ੂਨ ਨਾਲ ਲਥ-ਪਥ ਸੋਫੇ ਉੱਤੇ ਢੱਠਾ ਪਿਆ ਹੈ।

ਕੋਲ ਹੀ ਏਵਾ ਬਰਾਊਨ ਲੇਟੀ ਹੋਈ ਹੈ। ਸਪਸ਼ਟ ਸੀ ਕਿ ਹਿਟਲਰ ਦੀ ਖ਼ੁਦਕੁਸ਼ੀ ਤੋਂ ਪਿੱਛੋਂ ਏਵਾ ਨੇ ਜ਼ਹਿਰ ਖਾ ਕੇ ਆਤਮ-ਹੱਤਿਆ ਕਰ ਲਈ ਸੀ।

ਇਹੀਓ ਕੁਝ ਉਸ ਦੇ ਵਫ਼ਾਦਾਰ ਮਿੱਤਰ/ਮੰਤਰੀ ਗਯੁਬਲਜ਼ ਦੇ ਪਰਿਵਾਰ ਨੇ ਕੀਤਾ ਸੀ। ਦੋਵੇਂ ਪਤੀ-ਪਤਨੀ ਆਪਣੇ ਛੇਆਂ ਬੱਚਿਆਂ ਨੂੰ ਜ਼ਹਿਰ ਦੇ ਟੀਕੇ ਲਾ ਕੇ ਖੁਦ ਪੌੜੀਆਂ ਰਾਹੀਂ ਉਪਰ ਚਲੇ ਗਏ ਸਨ ਜਿੱਥੇ ਪਤਨੀ ਨੇ ਜ਼ਹਿਰ ਦਾ ਕੈਪਸੂਲ ਖਾ ਲਿਆ ਸੀ ਤੇ ਪਤੀ ਨੇ ਆਪਣੇ ਆਪ ਨੂੰ ਗੋਲੀ ਮਾਰ ਲਈ ਸੀ। ਉਦੋਂ ਇਹ ਗੱਲ ਤੋਂ ਹਰ ਕੋਈ ਜਾਣੂ ਸੀ ਕਿ ਹਿਟਲਰ, ਗਯੂਬਲਕ ਤੇ ਬਲੌਂਡੀ ਇਕ ਜੋਤਿ ਤ੍ਰੈ-ਮੂਰਤੀ ਸਨ।

# ਇਕ ਬਿਮਾਰ ਸੌ ਅਨਾਰ



**ਅਵਤਾਰ ਸਿੰਘ**
**ਫੋਨ: 94175-18384**

ਇਹ ਅਖਾਣ ਅਸਲ ਵਿਚ ਇਸ ਤਰ੍ਹਾਂ ਨਹੀਂ, ਬਲਕਿ ਇਕ ਅਨਾਰ ਤੇ ਸੌ ਬਿਮਾਰ ਹੈ। ਇਹ ਅਖਾਣ ਫਾਰਸੀ ਦਾ ਹੈ ਤੇ ਫਾਰਸੀ ਵਿਚ ਕਿਹਾ ਜਾਂਦਾ ਹੈ 'ਯੱਕ ਅਨਾਰ ਬਾ ਸਦ ਬਿਮਾਰ'। ਕਹਿੰਦੇ ਹਨ ਕਿ ਅਨਾਰ ਸੌ ਕਿਸਮ ਦੇ ਰੋਗ ਠੀਕ ਕਰ ਦਿੰਦਾ ਹੈ। ਇਸ ਲਈ ਕਿਤੇ ਇਕ ਅਨਾਰ ਹੋਵੇ ਤਾਂ ਸਾਰੇ ਹੀ ਆਪਣੇ ਆਪ ਨੂੰ ਬਿਮਾਰ ਦੱਸਣ ਲਗ ਪੈਂਦੇ ਹਨ ਤੇ ਅਨਾਰ ਦੀ ਮੰਗ ਕਰਨ ਲਗ ਪੈਂਦੇ ਹਨ। ਇਹ ਤਾਂ ਹੋ ਨਹੀਂ ਸਕਦਾ ਕਿ ਸਾਰੇ ਇਕੋ ਬਿਮਾਰੀ ਹੀ ਦੱਸਣ ਜਾਂ ਸਭ ਨੂੰ ਇਕੋ ਬਿਮਾਰੀ ਹੋਵੇ। ਇਸ ਲਈ ਅਨਾਰ ਮੰਗਣ ਵਾਲੇ ਸਾਰੇ ਹੀ ਆਪਣੀ ਅਲਗ ਅਲਗ ਤੇ ਹੋਰ ਬਿਮਾਰੀ ਦਸਦੇ ਹਨ।

ਅਨਾਰ ਨੂੰ ਪੁਰਾਣੇ ਸਮੇਂ ਵਿਚ ਹਕੀਮ ਸਮਝਿਆ ਜਾਂਦਾ ਸੀ, ਜਿਸਨੂੰ ਅੱਜ-ਕੱਲ੍ਹ ਡਾਕਟਰ ਕਹਿੰਦੇ ਹਨ। ਅਸੀਂ ਦੇਖ ਸਕਦੇ ਹਾਂ ਕਿ ਅਜ ਵੀ ਜਦ ਕਿਸੇ ਵਿਆਹ ਸ਼ਾਦੀ ਜਾਂ ਭੋਗ 'ਤੇ ਵੀ ਕੋਈ ਡਾਕਟਰ ਆਇਆ ਹੋਵੇ ਤਾਂ ਸਾਰੇ ਰਿਸ਼ਤੇਦਾਰ ਤੇ ਵਾਕਿਫਕਾਰ ਉਸਦੇ ਆਸ-ਪਾਸ ਬਹਿਣ ਦੀ ਕੋਸ਼ਿਸ਼ ਕਰਦੇ ਹਨ ਤੇ ਮੌਕਾ ਮਿਲਦੇ ਹੀ ਆਪਣੀ ਬਿਮਾਰੀ ਦੱਸਣ ਲਗ ਪੈਂਦੇ ਹਨ। ਕੋਈ ਕਹਿੰਦਾ ਹੈ ਕਿ ਤੁਰਦਿਆਂ ਅੱਡੀ 'ਚ ਦਰਦ ਹੁੰਦਾ ਹੈ, ਕੋਈ ਕਹਿੰਦਾ ਗੋਡਿਆਂ 'ਚ ਚੀਸ ਪੈਂਦੀ ਹੈ ਤੇ ਕੋਈ ਕਹਿੰਦਾ ਹੈ ਕਿ ਉਸਦੀ ਕਮਰ ਵਿਚ ਦਰਦ ਰਹਿੰਦੀ ਹੈ। ਇਸ ਤਰ੍ਹਾਂ ਸਭ ਦਾ ਦਰਦ ਉਪਰ ਨੂੰ ਵਧਣ ਲਗਦਾ ਹੈ ਤੇ ਢਿੱਡ, ਛਾਤੀ ਤੇ ਮੌਰਾਂ ਵਿਚੋਂ ਹੁੰਦਾ ਹੋਇਆ ਸਿਰ ਵਿਚ ਜਾ ਵੜਦਾ ਹੈ। ਕਈ ਮਰੀਜ਼ਾਂ ਨੂੰ ਆਪਣੀ ਬਿਮਾਰੀ ਦਾ ਨਾਂ ਵੀ ਪਤਾ ਹੁੰਦਾ ਹੈ ਤੇ ਇਲਾਜ਼ ਵੀ। ਬਸ ਉਨ੍ਹਾਂ ਨੇ ਆਪਣੀ ਸਿਆਣਪ 'ਤੇ ਇਸ ਡਾਕਟਰ ਦੀ ਮੋਹਰ ਹੀ ਲੁਆਣੀ ਹੁੰਦੀ ਹੈ ਕਿ ਉਹ ਬਿਲਕੁਲ ਸਹੀ ਇਲਾਜ਼ ਕਰਵਾ ਰਿਹਾ ਹੈ। ਅਜਿਹੇ ਮਰੀਜ਼ ਤਾਂ ਡਾਕਟਰ ਦੇ ਸਾਹਮਣੇ ਹੀ ਦੂਜੇ ਮਰੀਜ਼ਾਂ ਨੂੰ ਇਲਾਜ਼ ਦੱਸਣ ਲਗ ਪੈਂਦੇ ਹਨ ਕਿ ਉਸ ਵਾਲੇ ਡਾਕਟਰ ਕੋਲ ਹੀ ਜਾਵੋ ਤੇ ਸ਼ਰਤੀਆ ਇਲਾਜ਼ ਪਾਵੋ।

ਅਜਿਹੇ ਵੇਲੇ ਡਾਕਟਰ ਫਸਿਆ ਫਸਿਆ ਮਹਿਸੂਸ ਕਰਨ ਲਗ ਪੈਂਦਾ ਹੈ। ਉਹ ਵਿਚਾਰਾ ਘਰੋਂ ਇਹੀ ਧੰਦਾ ਕਰਦਾ ਆਇਆ ਹੁੰਦਾ ਹੈ ਤੇ ਉਸਦੀ ਮਨਸ਼ਾ ਰਤਾ ਖਾਣ-ਪੀਣ, ਗੱਲ-ਬਾਤ ਕਰਨ ਤੇ ਹੱਸਣ ਖੇਡਣ ਦੀ ਹੁੰਦੀ ਹੈ। ਪਰ ਲੋਕ ਉਸ ਵਿਆਹ ਸ਼ਾਦੀ ਜਾਂ ਭੋਗ ਨੂੰ ਵੀ ਹਸਪਤਾਲ ਹੀ ਬਣਾ ਦਿੰਦੇ ਹਨ। ਡਾਕਟਰ ਸੋਚਦਾ ਹੈ ਕਿ ਜੇ ਇਹੀ ਕੰਮ ਕਰਨਾ ਸੀ ਤਾਂ ਘਰੇ ਹੀ ਕਰੀ ਜਾਂਦਾ ਤੇ ਨਾਲੇ ਚਾਰ ਪੈਸੇ ਆਉਂਦੇ। ਇਥੇ ਸਾਰੇ ਮੁਫਤੋ-ਮੁਫਤ ਦੁਆਈਆਂ ਪੁੱਛੀ ਜਾਂਦੇ ਹਨ। ਪਰ ਡਾਕਟਰ ਵੀ ਆਪਣੇ ਕਿਸੇ ਖਾਸਮ-ਖਾਸ ਨੂੰ ਹੀ ਦੁਆਈ ਲਿਖ ਕੇ ਦਿੰਦਾ ਹੈ ਤੇ ਕਈਆਂ ਦੀ ਬਿਮਾਰੀ ਸੁਣ ਕੇ ਤਾਂ ਬਸ ਹੱਸ ਛਡਦਾ ਹੈ। ਜਿਸਦੀ ਬਿਮਾਰੀ ਸੁਣ ਕੇ ਡਾਕਟਰ ਹੱਸ ਛਡੇ ਤਾਂ ਉਹ ਛਿੱਥਾ ਜਿਹਾ ਹੋ ਕੇ ਛੱਤ ਵੱਲ ਦੇਖਣ ਲਗ ਪੈਂਦਾ ਹੈ। ਉਹਨੂੰ ਲਗਦਾ ਹੈ ਕਿ ਡਾਕਟਰ ਨੇ ਉਸ ਨਾਲ ਚੰਗੀ ਨਹੀਂ ਕੀਤੀ ਤੇ ਉਹ ਇਧਰ-ਉਧਰ ਦੇਖ ਕੇ ਉਥੋਂ ਟਿਭ ਜਾਂਦਾ ਹੈ। ਸ਼ਾਇਦ ਤਾਂ ਹੀ ਡਾਕਟਰ ਬਹੁਤੇ ਸਮਾਜਿਕ ਨਹੀਂ ਹੁੰਦੇ ਤੇ ਸਮਾਗਮਾਂ ਵਿਚ ਘੱਟ ਹੀ ਜਾਂਦੇ ਹਨ। ਕਿਉਂਕਿ ਉਨ੍ਹਾਂ ਲਈ ਹਰ ਸਮਾਗਮ ਚੈਰੀਟੇਬਲ ਹਸਪਤਾਲ ਹੀ ਬਣ ਜਾਂਦਾ ਹੈ।



ਇਸ ਐਲ ਪੀ ਤਵੇ ਦਾ ਦੂਜਾ ਪਾਸਾ ਵੀ ਹੈ। ਜਦ ਕਿਤੇ ਕੋਈ ਬਿਮਾਰ ਹੋਵੇ ਤਾਂ ਉਸਨੂੰ ਮਿਲਣ ਵਾਲੇ ਸਾਰੇ ਹੀ ਆਪਣੇ-ਆਪ ਨੂੰ ਅਨਾਰ ਸਮਝਣ ਲੱਗ ਪੈਂਦੇ ਹਨ। ਉਨ੍ਹਾਂ ਨੂੰ ਲਗਦਾ ਹੈ ਕਿ ਬਿਮਾਰ ਦੀ ਖਬਰਸਾਰ ਲੈਣ ਦਾ ਅਰਥ ਉਸਨੂੰ ਇਲਾਜ਼ ਦੱਸਣਾ ਹੀ ਹੁੰਦਾ ਹੈ। ਅਜਿਹੇ ਸਮੇਂ ਹਰ ਕੋਈ ਦੂਰ-ਦੁਰਾਡੇ ਦੇ ਰਿਸ਼ਤੇਦਾਰਾਂ ਤੇ ਵਾਕਿਫਕਾਰਾਂ ਦੇ ਸੁਣੇ-ਸੁਣਾਏ ਕਿੱਸੇ ਸੁਣਾਉਣ ਲੱਗ ਪੈਂਦਾ ਹੈ ਕਿ ਫਲਾਣੇ ਨੂੰ ਇਹੀ ਬਿਮਾਰੀ ਸੀ ਤੇ ਉਹ ਫਲਾਣੇ ਡਾਕਟਰ ਕੋਲ ਗਿਆ ਤੇ ਨੌ-ਬਰ-ਨੌ ਹੋ ਗਿਆ। ਅਜਿਹੇ ਵੇਲੇ ਸਾਰੇ ਆਪਣੀ ਗੱਲ ਇਥੋਂ ਸ਼ੁਰੂ ਕਰਦੇ ਹਨ, 'ਤੂੰ ਕੁਛ ਨਾ ਕਰ, ਸਭ ਕੁਛ ਬੰਦ ਕਰਦੇ ਤੇ ਮੇਰੀ ਮੰਨ ਤੇ ਉਸ ਡਾਕਟਰ ਨੂੰ ਦਿਖਾਲ'। ਕਈ ਤਾਂ ਇਹ ਵੀ ਕਹਿ ਦਿੰਦੇ ਹਨ ਕਿ ਉਸ ਡਾਕਟਰ ਕੋਲ ਉਸਦਾ ਨਾਂ ਲੈ ਦੇਣਾ ਕਿ ਉਸਨੇ ਭੇਜਿਆ ਹੈ। ਕਈ ਤਾਂ ਇਹ ਵੀ ਦੱਸ ਦਿੰਦੇ ਹਨ ਕਿ ਉਸ ਡਾਕਟਰ ਨੇ ਕਿਹੜੀ ਦੁਆਈ ਦੇਣੀ ਹੈ ਤੇ ਕਿੰਨੇ ਦਿਨ ਦੁਆਈ ਖਾਣ ਲਈ ਕਹਿਣਾ ਹੈ। ਕਈ ਹੋਰ ਹਮਦਰਦ ਇਹ ਵੀ ਕਹਿ ਦਿੰਦੇ ਹਨ ਕਿ ਉਹ ਆਪ ਉਸਨੂੰ ਉਸ ਡਾਕਟਰ ਕੋਲ ਲੈ ਜਾਣਗੇ ਕਿਉਂਕਿ ਉਸਦੀ ਆਪਣੀ ਵੀ ਦੁਆਈ ਉਸ ਕੋਲੋਂ ਹੀ ਚੱਲਦੀ ਹੈ।

ਹਸਪਤਾਲ ਵਿਚ ਪਿਆ ਮਰੀਜ਼ ਸੋਚਣ ਲਗ ਪੈਂਦਾ ਹੈ ਕਿ ਉਹ ਹੁਣ ਕਰੇ ਕੀ। ਡਾਕਟਰ ਦੀ ਮੰਨੇ ਕਿ ਇਨ੍ਹਾਂ ਰਿਸ਼ਤੇਦਾਰਾਂ ਤੇ ਵਾਕਿਫਕਾਰਾਂ ਦੀ ਸੁਣੇ। ਸਿਆਣਾ ਮਰੀਜ਼ ਤਾਂ ਸਭ ਦੀ ਸੁਣ ਲੈਂਦਾ ਹੈ ਤੇ ਆਪਣੀ ਮਰਜ਼ੀ ਕਰਦਾ ਹੈ। ਪਰ ਕਈ ਮਰੀਜ਼ ਉਨ੍ਹਾਂ ਦੀਆਂ ਗੱਲਾਂ ਵਿਚ ਆ ਜਾਂਦੇ ਹਨ ਤੇ ਡਾਕਟਰ ਬਦਲਣ ਦੇ ਲੰਮੇ ਭੇਣੇ ਵਿਚ ਪੈ ਜਾਂਦੇ ਹਨ। ਉਹ ਆਪਣੀ ਬਿਮਾਰੀ ਵਿਗਾੜ ਲੈਂਦੇ ਹਨ ਤੇ ਮੁੜ-ਘਿੜ ਕੇ ਉਸੇ ਡਾਕਟਰ ਕੋਲ ਫਿਰ ਆ ਜਾਂਦੇ ਹਨ।

ਇਥੋਂ ਤਕ ਵੀ ਦੇਖਿਆ ਹੈ ਕਿ ਐਵੇਂ ਹੀ ਕਿਤੇ ਬੈਠੇ ਹੋਏ ਮੂੰਹ 'ਚੋਂ ਹਾਏ ਨਿਕਲ ਜਾਵੇ ਜਾਂ ਉਠਣ-ਬਹਿਣ ਲੱਗੇ ਕੋਈ ਤਕਲੀਫ ਜਿਹੀ ਦਾ ਅਹਿਸਾਸ ਹੋ ਜਾਵੇ ਤਾਂ ਸਾਰੇ ਹੀ ਝੱਟ ਡਾਕਟਰ ਬਣ ਜਾਂਦੇ ਹਨ ਤੇ ਭਾਂਤ-ਭਾਂਤ ਦੇ ਡਾਕਟਰ, ਹਸਪਤਾਲ ਤੇ ਇਲਾਜ਼ ਤਕ ਦੱਸਣ ਲਗ ਪੈਂਦੇ ਹਨ। ਬੰਦਾ ਕਹਿੰਦਾ ਹੈ ਕਿ ਉਸਨੂੰ ਕੁਝ ਨਹੀਂ ਹੋਇਆ ਪਰ ਉਹ ਕਹਿੰਦੇ ਹਨ ਕਿ ਉਸਨੂੰ ਬਹੁਤ ਕੁਝ ਹੋਇਆ ਹੈ। ਕੋਈ ਵਿਚਾਰਾ ਸ਼ਰੀਫ ਜਿਹਾ ਹੋਵੇ ਤਾਂ ਸੌ ਅਨਾਰ ਉਸ ਇਕ ਬਿਮਾਰ ਨੂੰ ਧੱਕੇ ਨਾਲ ਹੀ ਹਸਪਤਾਲ ਪਹੁੰਚਾ ਦਿੰਦੇ ਹਨ ਜਾਂ ਘੱਟੋ ਘੱਟ ਉਸਨੂੰ ਹਸਪਤਾਲ ਜਾਣ ਜੋਗਾ ਕਰ ਹੀ ਦਿੰਦੇ ਹਨ।

ਅਸਲ ਵਿਚ ਸਾਨੂੰ ਕਿਸੇ ਦੀ ਖਬਰਸਾਰ ਲੈਣੀ ਤਾਂ ਕੀ, ਗੱਲਬਾਤ ਵੀ ਨਹੀਂ ਕਰਨੀ ਆਉਂਦੀ। ਕੋਈ ਗੱਲ ਕਿਸੇ ਤੋਂ ਕਿੰਨੀ ਕੁ ਪੁਛਣੀ ਹੈ ਤੇ ਕਿਸੇ ਨੂੰ ਕਿਹੜੀ ਗੱਲ ਕਿੰਨੀ ਕੁ ਦੱਸਣੀ ਹੈ, ਇਸ ਗੱਲ ਦਾ ਕੋਈ ਖਿਆਲ ਨਹੀਂ ਰਖਦਾ। ਨਾ ਹੀ ਕੋਈ ਆਪਣੇ ਅਧਿਕਾਰ ਦਾ ਖਿਆਲ ਰਖਦਾ ਹੈ ਤੇ ਨਾ ਹੀ ਦੂਜੇ ਦਾ। ਦੂਜੇ ਦੇ ਅਧਿਕਾਰ ਬਾਰੇ ਤਾਂ ਇਵੇਂ ਸਮਝਿਆ ਜਾਂਦਾ ਹੈ ਜਿਵੇਂ ਦੂਜੇ ਦੇ ਅਧਿਕਾਰ ਹੁੰਦੇ ਹੀ ਨਹੀਂ। ਜੇ ਕਿਤੇ ਅਸੀਂ ਮਾਨਵੀ ਤੇ ਸਮਾਜਿਕ ਅਧਿਕਾਰਾਂ ਬਾਰੇ ਜਾਣ ਲਈਏ ਤਾਂ ਸਾਡੀ ਸਧਾਰਣ ਗੱਲ-ਬਾਤ ਸੁਧਰ ਸਕਦੀ ਹੈ ਤੇ ਆਪਸ ਵਿਚ ਪਏ ਹੋਏ ਵਿਗਾੜ ਦੂਰ ਹੋ ਸਕਦੇ ਹਨ। ਅਧਿਕਾਰਾਂ ਦੇ ਨਾਲ ਜੇ ਸਾਨੂੰ ਆਪਣੇ ਵਿਅਕਤੀਗਤ ਤੇ ਸਮਾਜਿਕ ਫਰਜ਼ਾਂ ਦਾ ਵੀ ਗਿਆਨ ਹੋ ਜਾਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਸਕਦੀ ਹੈ। ਇਸ ਨਾਲ ਸਾਡੀ ਸ਼ਖ਼ਸੀਅਤ ਵਿਚ ਨਿਖਾਰ ਆ ਸਕਦਾ ਹੈ, ਰਿਸ਼ਤਿਆਂ ਵਿਚ ਨਿੱਘ ਪੈਦਾ ਹੋ ਸਕਦਾ ਹੈ ਤੇ ਸਾਡਾ ਸਮਾਜ ਬਹਿਸ਼ਤ ਬਣ ਸਕਦਾ ਹੈ। ਜੇ ਅਸੀਂ ਏਨਾ ਹੀ ਸਬਕ ਸਿਖ ਲਈਏ ਕਿ ਅਨਾਰ ਦੇਖ ਕੇ ਬਿਮਾਰ ਨਾ ਬਣੀਏ ਤੇ ਬਿਮਾਰ ਦੇਖ ਕੇ ਆਪਣੇ ਆਪ ਨੂੰ ਅਨਾਰ ਨਾ ਸਮਝੀਏ ਤਾਂ ਇਸ ਨਾਲ ਹੀ ਸਾਡਾ ਸਭ ਦਾ ਭਲਾ ਹੋ ਸਕਦਾ ਹੈ। ਬਹੁਤਾ ਨਹੀਂ ਤਾਂ ਥੋੜ੍ਹਾ ਬਹੁਤ ਤਾਂ ਹੋ ਹੀ ਸਕਦਾ ਹੈ।

# ਭਾਈ ਮਰਦਾਨਾ ਜੀ: ਸਿੱਖ ਇਤਿਹਾਸ ਦੀ ਮਹਾਨ ਸ਼ਖ਼ਸੀਅਤ

ਭਾਈ ਮਰਦਾਨਾ ਜੀ ਸਿੱਖ ਇਤਿਹਾਸ ਦੀ ਇੱਕ ਅਜਿਹੀ ਅਜ਼ੀਮ ਸ਼ਖ਼ਸੀਅਤ ਹਨ, ਜਿਨ੍ਹਾਂ ਦੀ ਜੀਵਨ-ਕਹਾਣੀ ਸਮਰਪਣ, ਸੰਗੀਤ, ਅਤੇ ਗੁਰੂ ਨਾਨਕ ਜੀ ਦੇ ਮਿਸ਼ਨ ਪ੍ਰਤੀ ਅਟੁੱਟ ਵਫ਼ਾਦਾਰੀ ਦੀ ਮਿਸਾਲ ਹੈ। ਉਹ ਗੁਰੂ ਨਾਨਕ ਜੀ ਦੇ ਸਭ ਤੋਂ ਨਜ਼ਦੀਕੀ ਸਾਥੀ ਸਨ, ਜਿਨ੍ਹਾਂ ਨੇ ਲਗਭਗ ਪੰਜਾਹ ਸਾਲ ਗੁਰੂ ਜੀ ਦੇ ਸੰਗ ਰਹਿ ਕੇ ਸਿੱਖ ਲਹਿਰ ਦੇ ਪ੍ਰਚਾਰ ਅਤੇ ਪਸਾਰ ਵਿਚ ਅਹਿਮ ਯੋਗਦਾਨ ਪਾਇਆ। ਭਾਈ ਮਰਦਾਨਾ ਜੀ ਨਾ ਸਿਰਫ਼ ਮਹਾਨ ਰਬਾਬੀ ਅਤੇ ਸੰਗੀਤ ਆਚਾਰੀਆ ਸਨ, ਸਗੋਂ ਉਨ੍ਹਾਂ ਦੀਆਂ ਰਚਨਾਵਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਕੇ ਸਦੀਵੀ ਸਨਮਾਨ ਵੀ ਬਖ਼ਸ਼ਿਆ। ਪਰ, ਅਫ਼ਸੋਸ ਦੀ ਗੱਲ ਹੈ ਕਿ ਸਿੱਖ ਇਤਿਹਾਸਕਾਰਾਂ ਅਤੇ ਸਮਾਜ ਦੇ ਇੱਕ ਵਰਗ ਵੱਲੋਂ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਸਹੀ ਮਾਅਨੇ ਵਿਚ ਸਨਮਾਨ ਨਹੀਂ ਦਿੱਤਾ ਗਿਆ, ਅਤੇ ਅਜੇ ਤੱਕ ਵੀ ਉਨ੍ਹਾਂ ਦੀ ਯਾਦ ਵਿਚ ਕੋਈ ਢੁਕਵੀਂ ਯਾਦਗਾਰ ਸਥਾਪਤ ਨਹੀਂ ਹੋ ਸਕੀ। ਇਸ ਲੇਖ ਵਿਚ ਅਸੀਂ ਭਾਈ ਮਰਦਾਨਾ ਜੀ ਦੇ ਜੀਵਨ, ਉਨ੍ਹਾਂ ਦੀ ਸਿੱਖ ਲਹਿਰ ਵਿਚ ਭੂਮਿਕਾ, ਅਤੇ ਸਮਾਜ ਵੱਲੋਂ ਉਨ੍ਹਾਂ ਪ੍ਰਤੀ ਕੀਤੀ ਅਣਦੇਖੀ ਦਾ ਵਿਸਥਾਰ ਵਿਚ ਜਾਇਜ਼ਾ ਲਵਾਂਗੇ।

**ਲਾਲ ਸਿੰਘ ਸੁਲਹਾਣੀ**
**ਫੋਨ: 98721-55120**

**ਭਾਈ ਮਰਦਾਨਾ ਜੀ ਦਾ ਜੀਵਨ ਅਤੇ ਸ਼ੁਰੂਆਤ**

ਭਾਈ ਮਰਦਾਨਾ ਜੀ ਦਾ ਜਨਮ 1459 ਈਸਵੀ ਵਿਚ ਪੰਜਾਬ ਦੇ ਨਨਕਾਣਾ ਸਾਹਿਬ (ਤਤਕਾਲੀਨ ਤਲਵੰਡੀ) ਦੇ ਨੇੜੇ ਮੀਰ ਮੁਸ਼ਤਾਕ ਦੇ ਘਰ ਹੋਇਆ। ਉਹ ਮੁਸਲਿਮ ਮੀਰਾਸੀ ਪਰਿਵਾਰ ਨਾਲ ਸਬੰਧਤ ਸਨ ਅਤੇ ਉਨ੍ਹਾਂ ਦਾ ਪਰਿਵਾਰ ਸੰਗੀਤ ਅਤੇ ਰਬਾਬ ਵਜਾਉਣ ਦੀ ਕਲਾ ਵਿਚ ਮਾਹਿਰ ਸੀ। ਭਾਈ ਮਰਦਾਨਾ ਜੀ ਦੀ ਸੰਗੀਤ ਪ੍ਰਤੀ ਡੂੰਘੀ ਸਮਝ ਅਤੇ ਮੁਹਾਰਤ ਨੇ ਉਨ੍ਹਾਂ ਨੂੰ ਗੁਰੂ ਨਾਨਕ ਜੀ ਦੇ ਨੇੜੇ ਲਿਆਂਦਾ। ਉਹ ਗੁਰੂ ਨਾਨਕ ਜੀ ਦੇ ਬਚਪਨ ਦੇ ਸਾਥੀ ਸਨ ਅਤੇ ਉਨ੍ਹਾਂ ਦੀ ਸੰਗੀਤਕ ਪ੍ਰਤਿਭਾ ਨੇ ਗੁਰੂ ਜੀ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ।

ਭਾਈ ਮਰਦਾਨਾ ਜੀ ਦੀ ਜੀਵਨ-ਕਹਾਣੀ ਗਰੀਬੀ ਅਤੇ ਸੰਘਰਸ਼ ਨਾਲ ਭਰਪੂਰ ਸੀ। ਉਨ੍ਹਾਂ ਦੀ ਆਰਥਿਕ ਸਥਿਤੀ ਕਮਜ਼ੋਰ ਹੋਣ ਦੇ ਬਾਵਜੂਦ, ਉਹ ਆਪਣੇ ਪਰਿਵਾਰ—ਮਾਤਾ-ਪਿਤਾ, ਪਤਨੀ, ਅਤੇ ਬੱਚਿਆਂ ਦੀਆਂ ਜ਼ਿੰਮੇਵਾਰੀਆਂ ਨੂੰ ਪਿੱਛੇ ਛੱਡ ਕੇ ਗੁਰੂ ਨਾਨਕ ਜੀ ਦੇ ਮਿਸ਼ਨ ਵਿਚ ਸ਼ਾਮਲ ਹੋਏ। ਇਹ ਸਮਰਪਣ ਅਤੇ ਵਫ਼ਾਦਾਰੀ ਉਨ੍ਹਾਂ ਦੀ ਮਹਾਨਤਾ ਦਾ ਸਬੂਤ ਹੈ।

**ਗੁਰੂ ਨਾਨਕ ਜੀ ਨਾਲ ਸਫ਼ਰ ਅਤੇ ਸਿੱਖ ਲਹਿਰ ਵਿਚ ਯੋਗਦਾਨ**

ਗੁਰੂ ਨਾਨਕ ਜੀ ਨੇ ਆਪਣੇ ਜੀਵਨ ਵਿਚ ਚਾਰ ਮੁੱਖ ਉਦਾਸੀਆਂ (ਯਾਤਰਾਵਾਂ) ਕੀਤੀਆਂ, ਜਿਨ੍ਹਾਂ ਵਿਚ ਉਹ ਵੱਖ-ਵੱਖ ਦੇਸ਼ਾਂ ਅਤੇ ਬਦੇਸ਼ਾਂ ਵਿਚ ਗਏ ਅਤੇ ਸਿੱਖੀ ਦਾ ਸੰਦੇਸ਼ ਪ੍ਰਚਾਰਿਆ। ਭਾਈ ਮਰਦਾਨਾ ਜੀ ਇਨ੍ਹਾਂ ਸਾਰੀਆਂ ਉਦਾਸੀਆਂ ਵਿਚ ਗੁਰੂ ਜੀ ਦੇ ਸਾਥੀ ਰਹੇ। ਉਹ ਗੁਰੂ ਜੀ ਦੇ ਪ੍ਰਛਾਵੇਂ ਵਾਂਗ ਸਾਥ ਨਿਭਾਉਂਦੇ ਸਨ, ਅਤੇ ਉਨ੍ਹਾਂ ਦੀ ਰਬਾਬ ਦੀ ਮਿੱਠੀ ਤਾਨ ਨੇ ਗੁਰੂ ਜੀ ਦੀਆਂ ਬਾਣੀਆਂ ਨੂੰ ਲੋਕਾਂ ਦੇ ਦਿਲਾਂ ਤੱਕ ਪਹੁੰਚਾਉਣ ਵਿਚ ਮਦਦ ਕੀਤੀ।

ਭਾਈ ਮਰਦਾਨਾ ਜੀ ਦੀ ਸੰਗੀਤਕ ਪ੍ਰਤਿਭਾ ਸਿੱਖੀ ਦੇ ਪ੍ਰਚਾਰ ਦਾ ਅਹਿਮ ਹਿੱਸਾ ਸੀ। ਗੁਰੂ ਨਾਨਕ ਜੀ ਦੀ ਬਾਣੀ, ਜੋ ਮਨੁੱਖਤਾ, ਸਮਾਨਤਾ, ਅਤੇ ਇੱਕ ਪਰਮਾਤਮਾ ਦੀ ਭਗਤੀ ਦਾ ਸੰਦੇਸ਼ ਸੀ, ਨੂੰ ਭਾਈ ਮਰਦਾਨਾ ਜੀ ਦੀ ਰਬਾਬ ਦੀਆਂ ਸੁਰੀਲੀਆਂ ਤਾਨਾਂ ਨੇ ਜਨ-ਜਨ ਤੱਕ ਪਹੁੰਚਾਇਆ। ਉਨ੍ਹਾਂ ਦੀ ਸੰਗੀਤਕ ਸਮਝ ਅਤੇ ਗੁਰੂ ਜੀ ਦੀ ਬਾਣੀ ਦੀ ਡੂੰਘੀ ਪ੍ਰਭਾਵਸ਼ੀਲਤਾ ਨੇ ਲੋਕਾਂ ਨੂੰ ਸਿੱਖੀ ਦੇ ਸਿਧਾਂਤਾਂ ਵੱਲ ਆਕਰਸ਼ਿਤ ਕੀਤਾ।

ਭਾਈ ਮਰਦਾਨਾ ਜੀ ਨੇ ਸਿਰਫ਼ ਸੰਗੀਤਕ ਸਾਥ ਹੀ ਨਹੀਂ ਦਿੱਤਾ, ਸਗੋਂ ਉਨ੍ਹਾਂ ਦੀਆਂ ਰਚਨਾਵਾਂ ਵੀ ਸਿੱਖੀ ਦੀ ਵਿਚਾਰਧਾਰਾ ਨੂੰ ਮਜ਼ਬੂਤ ਕਰਦੀਆਂ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਉਨ੍ਹਾਂ ਦੇ ਤਿੰਨ ਸਲੋਕ ਸ਼ਾਮਲ ਕੀਤੇ ਗਏ ਹਨ, ਜੋ ਉਨ੍ਹਾਂ ਦੀ ਅਧਿਆਤਮਿਕ ਸੂਝ ਅਤੇ ਗੁਰੂ ਜੀ ਦੇ ਸਿਧਾਂਤਾਂ ਪ੍ਰਤੀ ਸਮਰਪਣ ਨੂੰ ਦਰਸਾਉਂਦੇ ਹਨ। ਇਹ ਸਲੋਕ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਕਰਕੇ ਉਨ੍ਹਾਂ ਨੂੰ ਸਦੀਵੀ ਸਨਮਾਨ ਬਖ਼ਸ਼ਿਆ।

**ਭਾਈ ਮਰਦਾਨਾ ਜੀ ਦੀ ਮਹਾਨਤਾ**

ਭਾਈ ਮਰਦਾਨਾ ਜੀ ਦੀ ਮਹਾਨਤਾ ਨੂੰ ਸਮਝਣ ਲਈ ਉਨ੍ਹਾਂ ਦੇ ਸਮਰਪਣ, ਸੰਘਰਸ਼, ਅਤੇ ਸਾਦਗੀ ਨੂੰ ਵੇਖਣਾ ਜ਼ਰੂਰੀ ਹੈ। ਉਹ ਇੱਕ ਅਜਿਹੇ ਸਮਾਜ ਵਿਚ ਰਹਿੰਦੇ ਸਨ, ਜਿੱਥੇ ਜਾਤ-ਪਾਤ ਅਤੇ ਧਾਰਮਿਕ ਵਿਤਕਰੇ ਦੀਆਂ ਜੜ੍ਹਾਂ ਡੂੰਘੀਆਂ ਸਨ। ਇਸ ਦੇ ਬਾਵਜੂਦ, ਉਨ੍ਹਾਂ ਨੇ ਗੁਰੂ ਨਾਨਕ ਜੀ ਦੇ ਸਮਾਨਤਾ ਅਤੇ ਭਾਈਚਾਰਕ ਸੁਨੇਹੇ ਨੂੰ ਅਪਣਾਇਆ ਅਤੇ ਉਸ ਨੂੰ ਲੋਕਾਂ ਤੱਕ ਪਹੁੰਚਾਉਣ ਵਿਚ ਆਪਣੀ ਜ਼ਿੰਦਗੀ ਸਮਰਪਿਤ ਕਰ ਦਿੱਤੀ। ਉਨ੍ਹਾਂ ਦੀ ਸੰਗੀਤਕ ਪ੍ਰਤਿਭਾ ਨੇ ਸਿੱਖੀ ਦੇ ਪ੍ਰਚਾਰ ਵਿਚ ਅਨੁਪਮ ਯੋਗਦਾਨ ਪਾਇਆ। ਉਨ੍ਹਾਂ ਦੀ ਰਬਾਬ ਦੀਆਂ ਸੁਰਾਂ ਨੇ ਗੁਰੂ ਜੀ ਦੀ ਬਾਣੀ ਨੂੰ ਨਾ ਸਿਰਫ਼ ਸੁਰੀਲਾ ਬਣਾਇਆ, ਸਗੋਂ ਇਸ ਨੂੰ ਆਮ ਲੋਕਾਂ ਦੇ ਦਿਲਾਂ ਵਿਚ ਉਤਾਰਿਆ। ਉਨ੍ਹਾਂ



ਦੀ ਸਾਦਗੀ ਅਤੇ ਸਮਰਪਣ ਨੇ ਸਿੱਖੀ ਦੇ ਸਿਧਾਂਤਾਂ—ਸੇਵਾ, ਸਿਮਰਨ, ਅਤੇ ਸੰਗਤ—ਦੀ ਜੀਵੰਤ ਮਿਸਾਲ ਪੇਸ਼ ਕੀਤੀ।

**ਸਿੱਖ ਇਤਿਹਾਸਕਾਰਾਂ ਅਤੇ ਸਮਾਜ ਦੀ ਅਣਦੇਖੀ**

ਅਫ਼ਸੋਸ ਦੀ ਗੱਲ ਹੈ ਕਿ ਸਿੱਖ ਇਤਿਹਾਸਕਾਰਾਂ ਅਤੇ ਸਮਾਜ ਦੇ ਇੱਕ ਵਰਗ ਵੱਲੋਂ ਭਾਈ ਮਰਦਾਨਾ ਜੀ ਦੀ ਸ਼ਖ਼ਸੀਅਤ ਨੂੰ ਸਹੀ ਮਾਅਨੇ ਵਿਚ ਸਨਮਾਨ ਨਹੀਂ ਦਿੱਤਾ ਗਿਆ। ਕਈ ਇਤਿਹਾਸਕਾਰਾਂ ਨੇ ਉਨ੍ਹਾਂ ਨੂੰ ਸਿਰਫ਼ ਗੁਰੂ ਨਾਨਕ ਜੀ ਦੇ ਸਾਥੀ ਵਜੋਂ ਹੀ ਦਰਸਾਇਆ, ਅਤੇ ਉਨ੍ਹਾਂ ਦੀਆਂ ਸੰਗੀਤਕ ਅਤੇ ਅਧਿਆਤਮਿਕ ਪ੍ਰਤਿਭਾਵਾਂ ਨੂੰ ਉਚਿਤ ਮਹੱਤਵ ਨਹੀਂ ਦਿੱਤਾ। ਕੁਝ ਜਨਮ ਸਾਖੀਆਂ ਵਿਚ ਉਨ੍ਹਾਂ ਨੂੰ ਮਜ਼ਾਕ ਦਾ ਪਾਤਰ ਬਣਾਇਆ ਗਿਆ, ਜੋ ਉਨ੍ਹਾਂ ਦੀ ਮਹਾਨਤਾ ਨਾਲ ਨਿਆਂ ਨਹੀਂ ਕਰਦਾ।

ਇਸ ਤੋਂ ਇਲਾਵਾ, ਸਿੱਖ ਪੰਥ ਦੇ ਠੇਕੇਦਾਰਾਂ ਨੇ ਗੁਰੂ ਨਾਨਕ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੱਕ ਵੀ ਭਾਈ ਮਰਦਾਨਾ ਜੀ ਦੀ ਯਾਦ ਵਿਚ ਕੋਈ ਢੁਕਵੀਂ ਯਾਦਗਾਰ ਸਥਾਪਤ ਨਹੀਂ ਕੀਤੀ। ਇਹ ਅਣਦੇਖੀ ਸਿੱਖ ਸਮਾਜ ਦੀ ਇੱਕ ਵੱਡੀ ਕਮੀ ਨੂੰ ਉਜਾਗਰ ਕਰਦੀ ਹੈ, ਕਿਉਂਕਿ ਭਾਈ ਮਰਦਾਨਾ ਜੀ ਵਰਗੀ ਸ਼ਖ਼ਸੀਅਤ ਨੂੰ ਸਨਮਾਨ ਦੇਣਾ ਸਿੱਖੀ ਦੇ ਸਮਾਨਤਾ ਅਤੇ ਸਰਬੱਤ ਦੇ ਭਲੇ ਦੇ ਸਿਧਾਂਤਾਂ ਨੂੰ ਮਜ਼ਬੂਤ ਕਰਦਾ ਹੈ।

**ਭਾਈ ਮਰਦਾਨਾ ਜੀ ਦੀ ਵਿਰਾਸਤ**


ਭਾਈ ਮਰਦਾਨਾ ਜੀ ਦੀ ਵਿਰਾਸਤ ਸਿੱਖੀ ਦੇ ਸੰਗੀਤਕ ਅਤੇ ਅਧਿਆਤਮਿਕ ਇਤਿਹਾਸ ਦਾ ਅਟੁੱਟ ਹਿੱਸਾ ਹੈ। ਉਨ੍ਹਾਂ ਦੀ ਰਬਾਬ ਦੀਆਂ ਸੁਰਾਂ ਅਤੇ ਗੁਰੂ ਨਾਨਕ ਜੀ ਦੇ ਸਾਥ ਨੇ ਸਿੱਖੀ ਦੇ ਸੰਦੇਸ਼ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਉਨ੍ਹਾਂ ਦੇ ਸਲੋਕ ਸਿੱਖੀ ਦੀ ਵਿਚਾਰਧਾਰਾ ਅਤੇ ਅਧਿਆਤਮਿਕ ਡੂੰਘਾਈ ਨੂੰ ਦਰਸਾਉਂਦੇ ਹਨ।

ਭਾਈ ਮਰਦਾਨਾ ਜੀ ਦੀ ਜੀਵਨ-ਕਹਾਣੀ ਸਾਨੂੰ ਸਿਖਾਉਂਦੀ ਹੈ ਕਿ ਸਮਰਪਣ, ਸਾਦਗੀ, ਅਤੇ ਸੇਵਾ ਦੇ ਰਾਹ 'ਤੇ ਚੱਲ ਕੇ ਵੀ ਮਨੁੱਖ ਵੱਡੀਆਂ ਉਪਲਬਧੀਆਂ ਹਾਸਲ ਕਰ ਸਕਦਾ ਹੈ। ਉਨ੍ਹਾਂ ਦੀ ਮਹਾਨਤਾ ਸਿੱਖ ਸਮਾਜ ਨੂੰ ਇਹ ਸੁਨੇਹਾ ਦਿੰਦੀ ਹੈ ਕਿ ਸਾਨੂੰ ਆਪਣੇ ਇਤਿਹਾਸ ਦੀਆਂ ਅਜਿਹੀਆਂ ਸ਼ਖ਼ਸੀਅਤਾਂ ਨੂੰ ਸਨਮਾਨ ਦੇਣਾ ਚਾਹੀਦਾ ਹੈ, ਜਿਨ੍ਹਾਂ ਨੇ ਸਿੱਖੀ ਦੇ ਪ੍ਰਚਾਰ ਲਈ ਆਪਣੀ ਜ਼ਿੰਦਗੀ ਸਮਰਪਿਤ ਕਰ ਦਿੱਤੀ।

ਭਾਈ ਮਰਦਾਨਾ ਜੀ ਸਿੱਖ ਇਤਿਹਾਸ ਦੀ ਇੱਕ ਅਜਿਹੀ ਅਜ਼ੀਮ ਸ਼ਖ਼ਸੀਅਤ ਹਨ, ਜਿਨ੍ਹਾਂ ਦੀ ਜੀਵਨ-ਕਹਾਣੀ ਸਮਰਪਣ, ਸੰਗੀਤ, ਅਤੇ ਅਧਿਆਤਮਿਕਤਾ ਦੀ ਮਿਸਾਲ ਹੈ। ਉਨ੍ਹਾਂ ਦੀ ਰਬਾਬ ਦੀਆਂ ਸੁਰਾਂ ਅਤੇ ਗੁਰੂ ਨਾਨਕ ਜੀ ਦੇ ਸਾਥ ਨੇ ਸਿੱਖੀ ਦੇ ਸੰਦੇਸ਼ ਨੂੰ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਇਆ। ਪਰ, ਸਿੱਖ ਸਮਾਜ ਅਤੇ ਇਤਿਹਾਸਕਾਰਾਂ ਵੱਲੋਂ ਉਨ੍ਹਾਂ ਪ੍ਰਤੀ ਕੀਤੀ ਅਣਦੇਖੀ ਸਾਨੂੰ ਸੋਚਣ ਲਈ ਮਜਬੂਰ ਕਰਦੀ ਹੈ। ਸਮੇਂ ਦੀ ਮੰਗ ਹੈ ਕਿ ਸਿੱਖ ਸਮਾਜ ਭਾਈ ਮਰਦਾਨਾ ਜੀ ਦੀ ਵਿਰਾਸਤ ਨੂੰ ਸਨਮਾਨ ਦੇਵੇ ਅਤੇ ਉਨ੍ਹਾਂ ਦੀ ਯਾਦ ਵਿਚ ਢੁਕਵੀਂ ਯਾਦਗਾਰ ਸਥਾਪਤ ਕਰੇ। ਅਜਿਹਾ ਕਰਨ ਨਾਲ ਨਾ ਸਿਰਫ਼ ਭਾਈ ਮਰਦਾਨਾ ਜੀ ਦੀ ਮਹਾਨਤਾ ਨੂੰ ਸਨਮਾਨ ਮਿਲੇਗਾ, ਸਗੋਂ ਸਿੱਖੀ ਦੇ ਸਮਾਨਤਾ ਅਤੇ ਸਰਬੱਤ ਦੇ ਭਲੇ ਦੇ ਸਿਧਾਂਤ ਵੀ ਮਜ਼ਬੂਤ ਹੋਣਗੇ।

# ਕੀ ਸਿਆਸੀ ਅਸਥਿਰਤਾ ਵਾਲਾ ਅਗਲਾ ਦੇਸ਼ ਅਮਰੀਕਾ ਹੋਵੇਗਾ...?

ਸੰਸਾਰ ਦੇ ਸਿਆਸੀ ਭੂਗੋਲ ਵਿਚ ਬਦਲਾਵ ਆ ਰਿਹਾ ਹੈ। ਜਿੱਥੇ ਚੀਨ, ਭਾਰਤ, ਰੂਸ ਅਤੇ ਬ੍ਰਾਜ਼ੀਲ ਵਰਗੇ ਦੇਸ਼ ਤੇਜ਼ੀ ਨਾਲ ਤਰੱਕੀ ਕਰ ਰਹੇ ਹਨ, ਉੱਥੇ ਅਮਰੀਕਾ ਵਰਗਾ ਸੁਪਰ ਪਾਵਰ ਆਪਣੀ ਚਮਕ ਗੁਆ ਰਿਹਾ ਹੈ। ਅੱਜ ਦੇ ਸਮੇਂ ਵਿਚ ਅਮਰੀਕਾ ਨੂੰ ਸਿਆਸੀ ਅਸਥਿਰਤਾ ਦੇ ਸੰਕਟ ਨਾਲ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਕਿ ਉਸ ਦੇ ਆਪਣੇ ਫੈਸਲਿਆਂ ਅਤੇ ਵਿਦੇਸ਼ ਨੀਤੀਆਂ ਦਾ ਨਤੀਜਾ ਹੈ। ਮੌਜੂਦਾ ਰਾਸ਼ਟਰਪਤੀ ਡੋਨਲਡ ਟਰੰਪ ਦੀ ਅਗਵਾਈ ਵਾਲੀ ਸਰਕਾਰ ਨੇ ਨਾ ਸਿਰਫ਼ ਦੁਨੀਆ ਭਰ ਦੇ ਦੇਸ਼ਾਂ ਨੂੰ ਪ੍ਰਭਾਵਿਤ ਕੀਤਾ ਹੈ, ਸਗੋਂ ਆਪਣੇ ਹੀ ਦੇਸ਼ ਦੇ ਲੱਖਾਂ ਨਾਗਰਿਕਾਂ ਨੂੰ ਸੜਕਾਂ 'ਤੇ ਉਤਰਨ ਲਈ ਮਜਬੂਰ ਕੀਤਾ ਹੈ। ਇਹ ਅਸਥਿਰਤਾ ਕਿਵੇਂ ਵਧ ਰਹੀ ਹੈ ਅਤੇ ਅਮਰੀਕਾ ਨੂੰ ਇਸ ਵਿਚ ਡੁਬੋ ਰਹੀ ਹੈ, ਇਸ ਲੇਖ ਵਿਚ ਅਸੀਂ ਵਿਸਥਾਰ ਨਾਲ ਵਿਚਾਰ ਕਰਾਂਗੇ।



**ਸੰਦੀਪ ਕੁਮਾਰ**
**ਫੋਨ: 70098-07121**

ਪਿਛਲੇ ਕੁਝ ਸਾਲਾਂ ਵਿਚ ਵਿਕਾਸਸ਼ੀਲ ਦੇਸ਼ ਆਪਣੀ ਅਰਥ-ਵਿਵਸਥਾ ਨੂੰ ਮਜ਼ਬੂਤ ਕਰ ਰਹੇ ਹਨ। ਚੀਨ ਦੀ ਬੈਲਟ ਐਂਡ ਰੋਡ ਇਨੀਸ਼ੀਏਟਿਵ ਨੇ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਨੂੰ ਜੋੜਿਆ ਹੈ, ਜਦਕਿ ਭਾਰਤ ਵਰਗੇ ਦੇਸ਼ ਡਿਜ਼ੀਟਲ ਅਰਥ-ਵਿਵਸਥਾ ਅਤੇ ਨਵੀਨਤਾ ਵਿਚ ਅੱਗੇ ਵਧ ਰਹੇ ਹਨ। ਬ੍ਰਿਕਸ (ਬ੍ਰਾਜ਼ੀਲ, ਰੂਸ, ਭਾਰਤ, ਚੀਨ, ਦੱਖਣੀ ਅਫਰੀਕਾ) ਗਰੁੱਪ ਨੇ ਆਪਣੀ ਆਰਥਕ ਸ਼ਕਤੀ ਨੂੰ ਵਧਾਇਆ ਹੈ, ਜਿਸ ਨਾਲ ਅਮਰੀਕੀ ਡਾਲਰ ਦੀ ਪ੍ਰਭੁਸੱਤਾ ਨੂੰ ਚੁਣੌਤੀ ਮਿਲ ਰਹੀ ਹੈ। ਪਰ ਇਸੇ ਵਿਚ ਅਮਰੀਕਾ ਆਪਣੀ ਅੰਦਰੂਨੀ ਸਮੱਸਿਆਵਾਂ ਨਾਲ ਸੰਘਰਸ਼ ਕਰ ਰਿਹਾ ਹੈ। ਟਰੰਪ ਦੀ ਦੂਜੀ ਮਿਆਦ (2025 ਵਿਚ ਸ਼ੁਰੂ ਹੋਈ) ਨੇ ਅਮਰੀਕਾ ਨੂੰ ਵਧੇਰੇ ਵੰਡਿਆ ਹੈ। ਉਨ੍ਹਾਂ ਵਲੋਂ ਜਾਰੀ ਕੀਤੇ ਐਗਜ਼ੀਕਿਊਟਿਵ ਆਰਡਰਾਂ ਵਿਚ ਭਾਰੀ ਡਿਪੋਰਟੇਸ਼ਨ ਪਾਲਿਸੀਆਂ ਸ਼ਾਮਲ ਹਨ, ਜਿਨ੍ਹਾਂ ਨੇ ਲੱਖਾਂ ਇਮੀਗ੍ਰੈਂਟਸ ਨੂੰ ਨਿਸ਼ਾਨਾ ਬਣਾਇਆ ਹੈ। ਇਹ ਪਾਲਿਸੀਆਂ ਨਾ ਸਿਰਫ਼ ਅਮਰੀਕੀ ਅਰਥ-ਵਿਵਸਥਾ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ, ਸਗੋਂ ਸਮਾਜ ਵਿਚ ਨਫ਼ਰਤ ਅਤੇ ਵੰਡ ਨੂੰ ਵਧਾਵਾ ਦੇ ਰਹੀਆਂ ਹਨ।

ਟਰੰਪ ਸਰਕਾਰ ਵੱਲੋਂ ਜਾਰੀ ਕੀਤੇ ਗਏ ਬੇਤੁਕੇ ਫਰਮਾਨਾਂ ਨੇ ਦੁਨੀਆ ਭਰ ਵਿਚ ਵਿਰੋਧ ਨੂੰ ਜਨਮ ਦਿੱਤਾ ਹੈ। ਉਦਾਹਰਨ ਲਈ, ਟਰੰਪ ਨੇ ਬ੍ਰਿਕਸ ਦੇਸ਼ਾਂ ਨੂੰ ਡਾਲਰ ਨੂੰ ਛੱਡਣ ਤੋਂ ਰੋਕਣ ਲਈ ਟੈਰਿਫ ਭਾਵ ਭਾਰੀ ਟੈਕਸ ਲਾਉਣ ਦੀ ਧਮਕੀ ਦਿੱਤੀ ਹੈ ਅਤੇ ਕਈਆਂ ਵਿਰੁਧ ਭਾਰੀ ਟੈਕਸ ਲਾਉਣ ਦੇ ਫਰਮਾਨ ਜਾਰੀ ਕਰ ਵੀ ਦਿੱਤੇ ਗਏ ਹਨ। ਇਹ ਧਮਕੀਆਂ ਅੰਤਰਰਾਸ਼ਟਰੀ ਵਪਾਰ ਨੂੰ ਪ੍ਰਭਾਵਿਤ ਕਰ ਰਹੀਆਂ ਹਨ ਅਤੇ ਅਮਰੀਕਾ ਨੂੰ ਵਿਸ਼ਵਾਸਘਾਤਕ ਦਿਖਾ ਰਹੀਆਂ ਹਨ। ਇਸ ਦੇ ਨਾਲ ਹੀ, ਟਰੰਪ ਦੀ ਵਿਦੇਸ਼ ਨੀਤੀ ਨੇ ਪੁਰਾਣੇ ਮਿੱਤਰਾਂ ਨਾਲ ਵੀ ਤਣਾਅ ਪੈਦਾ ਕੀਤਾ ਹੈ, ਜਿਵੇਂ ਕੈਨੇਡਾ ਨਾਲ ਵਪਾਰਕ ਝਗੜੇ ਅਤੇ ਯੂਰਪ ਨਾਲ ਰੱਖਿਆ ਸਹਿਯੋਗ ਵਿਚ ਕਮੀ। ਇਸ ਨਾਲ ਅਮਰੀਕਾ ਨੂੰ ਵਿਸ਼ਵ ਪੱਧਰ 'ਤੇ ਇਕੱਲੇ ਪੈਣ ਦਾ ਡਰ ਹੈ। ਪਰ ਸਭ ਤੋਂ ਵੱਡਾ ਵਿਰੋਧ ਆਪਣੇ ਹੀ ਦੇਸ਼ ਵਿਚ ਹੈ। ਸਾਲ 2025 ਵਿਚ ਮਾਸ ਡਿਪੋਰਟੇਸ਼ਨ ਨੀਤੀਆਂ ਵਿਰੁੱਧ ਵਿਆਪਕ ਪ੍ਰਦਰਸ਼ਨ ਹੋਏ ਹਨ, ਜਿਨ੍ਹਾਂ ਵਿਚ ਹਜ਼ਾਰਾਂ-ਲੱਖਾਂ ਲੋਕ ਸੜਕਾਂ 'ਤੇ ਉੱਤਰੇ ਹਨ। ਲਾਸ ਏਂਜਲਸ ਅਤੇ ਵਾਸ਼ਿੰਗਟਨ ਵਰਗੇ ਸ਼ਹਿਰਾਂ ਵਿਚ ਇਹ ਪ੍ਰੋਟੈਸਟ ਦੰਗਿਆਂ ਵਿਚ ਬਦਲ ਗਏ ਹਨ, ਜਿਸ ਨਾਲ ਰਾਸ਼ਟਰੀ ਗਾਰਡ ਨੂੰ ਬੁਲਾਉਣਾ ਪਿਆ। ਇਹ ਪ੍ਰੋਟੈਸਟ ਨਾ ਸਿਰਫ਼ ਇਮੀਗ੍ਰੇਸ਼ਨ ਨਾਲ ਜੁੜੇ ਹਨ, ਸਗੋਂ ਪ੍ਰੋਜੈਕਟ 2025 ਵਰਗੀਆਂ ਨੀਤੀਆਂ ਵਿਰੁੱਧ ਵੀ ਹਨ, ਜੋ ਡੈਮੋਕਰੇਸੀ ਨੂੰ ਕਮਜ਼ੋਰ ਕਰਨ ਵਾਲੀਆਂ ਮੰਨੀਆਂ ਜਾਂਦੀਆਂ ਹਨ।

ਅਮਰੀਕਾ ਨੇ ਹਮੇਸ਼ਾ ਆਪਣੀ ਸ਼ਕਤੀ ਨੂੰ ਦੂਜੇ ਦੇਸ਼ਾਂ ਨੂੰ ਦਬਾਉਣ ਲਈ ਵਰਤਿਆ ਹੈ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਅਮਰੀਕਾ ਨੇ ਵਿਸ਼ਵ ਪਾਵਰ ਵਜੋਂ ਆਪਣਾ ਰਾਜ ਸਥਾਪਿਤ ਕੀਤਾ, ਪਰ ਇਹ ਰਾਜ ਦਬਾਅ ਅਤੇ ਦਖ਼ਲਅੰਦਾਜ਼ੀ ਤੇ ਅਧਾਰਿਤ ਸੀ। ਵਿਕਾਸ ਕਰ ਰਹੇ ਦੇਸ਼ਾਂ ਵਿਚ ਸਿਆਸੀ ਅਸਥਿਰਤਾ ਪੈਦਾ ਕਰਨ ਲਈ ਅਮਰੀਕੀ ਏਜੰਸੀਆਂ ਜਿਵੇਂ ਸੀਆਈਏ ਅਤੇ ਯੂਐੱਸਏਆਈਡ ਨੇ ਅਹਿਮ ਭੂਮਿਕਾ ਨਿਭਾਈ ਹੈ। ਇਹ ਏਜੰਸੀਆਂ ਅਮਰੀਕਾ ਵਿਰੋਧੀ ਨੀਤੀਆਂ ਅਪਣਾਉਣ ਵਾਲੇ ਦੇਸ਼ਾਂ ਵਿਚ ਅੰਦੋਲਨਕਾਰੀਆਂ, ਆਰਥਿਕ ਸੰਕਟ ਅਤੇ ਤਖ਼ਤਾ ਪਲਟ ਨੂੰ ਉਤਸ਼ਾਹਿਤ ਕਰਕੇ ਅੰਦਰੂਨੀ ਵੰਡ ਪੈਦਾ ਕਰਦੀਆਂ ਹਨ। ਉਦਾਹਰਣ ਵਜੋਂ, ਲਾਤੀਨ ਅਮਰੀਕਾ ਵਿਚ ਚਿਲੀ, ਨਿਕਾਰਾਗੁਆ ਅਤੇ ਕਿਊਬਾ ਵਿਚ ਅਮਰੀਕੀ ਦਖ਼ਲਅੰਦਾਜ਼ੀ ਨੇ ਲੰਮੇ ਸਮੇਂ ਤੱਕ ਅਸਥਿਰਤਾ ਪੈਦਾ ਕੀਤੀ। ਅੱਜ ਵੀ ਇਹ ਪੈਟਰਨ ਜਾਰੀ ਹੈ।

ਏਸ਼ੀਆ ਵਿਚ ਅਮਰੀਕੀ ਦਖ਼ਲਅੰਦਾਜ਼ੀ ਦੀਆਂ ਮਿਸਾਲਾਂ ਹੈਰਾਨ ਕਰਨ ਵਾਲੀਆਂ ਹਨ। ਸ੍ਰੀਲੰਕਾ ਵਿਚ 2022 ਵਿਚ ਆਰਥਿਕ ਸੰਕਟ ਨੇ ਰਾਸ਼ਟਰਪਤੀ ਗੋਟਾਬਾਇਆ ਰਾਜਪਕਸੇ ਨੂੰ ਤਖ਼ਤੇ ਤੋਂ ਉਤਾਰ ਦਿੱਤਾ। ਇਹ ਸੰਕਟ ਚੀਨ ਨਾਲ ਨੇੜਲੇ ਸੰਬੰਧਾਂ ਕਾਰਨ ਵਧਿਆ ਅਤੇ ਅਮਰੀਕੀ ਏਜੰਸੀਆਂ ਨੇ ਵਿਰੋਧ ਨੂੰ ਸਮਰਥਨ ਦਿੱਤਾ। ਬੰਗਲਾਦੇਸ਼ ਵਿਚ 2024 ਵਿਚ ਵੀ ਵਿਦਿਆਰਥੀ ਪ੍ਰੋਟੈਸਟ ਕਰਕੇ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ




ਭੱਜਣਾ ਪਿਆ। ਇੱਥੇ ਵੀ ਅਮਰੀਕੀ ਡੀਪ ਸਟੇਟ ਦੀ ਭੂਮਿਕਾ 'ਤੇ ਸ਼ੱਕ ਕੀਤਾ ਗਿਆ, ਕਿਉਂਕਿ ਬੰਗਲਾਦੇਸ਼ ਨੇ ਚੀਨ ਅਤੇ ਰੂਸ ਨਾਲ ਨੇੜਲੇ ਰਿਸ਼ਤੇ ਬਣਾਏ ਸਨ। ਹੁਣ ਨੇਪਾਲ ਵਿਚ 2025 ਦੀ ਸਿਆਸੀ ਅਸਥਿਰਤਾ ਵੀ ਇਸੇ ਪੈਟਰਨ ਨੂੰ ਦੱਸਦੀ ਹੈ। ਨੇਪਾਲ ਵਿਚ ਵਿਦਿਆਰਥੀ ਅੰਦੋਲਨ ਨੇ ਸਰਕਾਰ ਨੂੰ ਹਿਲਾ ਦਿੱਤਾ ਹੈ ਅਤੇ ਸੋਸ਼ਲ ਮੀਡੀਆ ਤੇ ਅਮਰੀਕੀ ਡੀਪ ਸਟੇਟ ਦੇ ਹੱਥ ਹੋਣ ਦੇ ਦਾਅਵੇ ਹਨ। ਇਹ ਤਿੰਨੇ ਦੇਸ਼ਾਂ ਵਿਚ ਅਸਥਿਰਤਾ ਨੇ ਭਾਰਤ ਅਤੇ ਚੀਨ ਨਾਲ ਨੇੜਲੇ ਰਿਸ਼ਤਿਆਂ ਨੂੰ ਨਿਸ਼ਾਨਾ ਬਣਾਇਆ ਹੈ, ਜੋ ਅਮਰੀਕਾ ਲਈ ਚੁਣੌਤੀ ਹੈ।

ਪਰ ਅਜਿਹੀਆਂ ਨੀਤੀਆਂ ਅਮਰੀਕਾ ਲਈ ਬੂਮਰੈਂਗ ਵਾਂਗ ਵਾਪਸ ਆ ਰਹੀਆਂ ਹਨ। ਸਿਆਣੇ ਕਹਿੰਦੇ ਹਨ ਕਿ ਆਪਣੇ ਪਾਲੇ ਹੋਏ ਕੁੱਤੇ ਵੀ ਕਦੀ-ਕਦੀ ਆਪਣਿਆਂ ਨੂੰ ਹੀ ਕੱਟ ਲੈਂਦੇ ਹਨ। ਅਮਰੀਕਾ ਵਿਚ ਵੀ ਇਹੀ ਹੋ ਰਿਹਾ ਹੈ। ਟਰੰਪ ਦੀਆਂ ਪਾਲਿਸੀਆਂ ਵਿਰੁੱਧ ਅੰਦਰੂਨੀ ਵਿਰੋਧ ਵਧ ਰਿਹਾ ਹੈ। ਸਾਲ 2025 ਵਿਚ ਰੈਡਿਸਟ੍ਰਿਕਟਿੰਗ ਪਲਾਨਾਂ ਵਿਰੁੱਧ ਹਜ਼ਾਰਾਂ-ਲੱਖਾਂ ਲੋਕਾਂ ਨੇ ਪ੍ਰੋਟੈਸਟ ਕੀਤੇ, ਜੋ ਚੋਣੀ ਨਕਸ਼ੇ ਨੂੰ ਰੀਪਬਲਿਕਨਾਂ ਦੇ ਹੱਕ ਵਿਚ ਬਦਲਣ ਵਾਲੇ ਸਨ। ਇਸ ਦੇ ਨਾਲ ਹੀ, ਪੌਲੀਟੀਕਲ ਵਾਇਲੈਂਸ ਵਧ ਰਿਹਾ ਹੈ, ਜਿਸ ਵਿਚ ਚੋਣ ਅਧਿਕਾਰੀਆਂ 'ਤੇ ਹਮਲੇ ਅਤੇ ਧਮਕੀਆਂ ਸ਼ਾਮਲ ਹਨ। ਡੈਮੋਕਰੇਟਿਕ ਬੈਕਸਲਾਈਡਿੰਗ ਨੇ ਅਮਰੀਕਾ ਨੂੰ ਹੋਰ ਅਸਥਿਰ ਬਣਾ ਦਿੱਤਾ ਹੈ, ਜੋ ਵਿਸ਼ਵ ਦੇ ਹੋਰ ਦੇਸ਼ਾਂ ਨਾਲ ਮੇਲ ਖਾਂਦਾ ਹੈ। ਟਰੰਪ ਦੀ ਬੌਖਲਾਹਟ ਨੇ ਅਮਰੀਕੀ ਸਮਾਜ ਨੂੰ ਵੰਡ ਦਿੱਤਾ ਹੈ ਅਤੇ ਇਹ ਅਸਥਿਰਤਾ ਪਤਨ ਦਾ ਸੰਕੇਤ ਹੈ।

ਸਿਆਣੇ ਆਖਦੇ ਹਨ ਕਿ ਜੇਕਰ ਕਿਸੇ ਦੀ ਲਕੀਰ ਵੱਡੀ ਹੋ ਰਹੀ ਹੋਵੇ, ਤਾਂ ਉਸ ਨੂੰ ਮਿਟਾਉਣ ਵਿਚ ਊਰਜਾ ਖਰਚ ਕਰਨ ਤੋਂ ਬਿਹਤਰ ਆਪਣੀ ਲਕੀਰ ਨੂੰ ਵਧਾਉਣਾ ਚਾਹੀਦਾ ਹੈ। ਪਰ ਅਮਰੀਕਾ ਇੱਥੇ ਲਗਾਤਾਰ ਗਲਤ ਚੱਲ ਰਿਹਾ ਹੈ। ਉਹ ਚੀਨ, ਰੂਸ ਅਤੇ ਬ੍ਰਿਕਸ ਦੇਸ਼ਾਂ ਦੀ ਤਰੱਕੀ ਨੂੰ ਰੋਕਣ ਲਈ ਸਾਰਾ ਧਿਆਨ ਲਗਾ ਰਿਹਾ ਹੈ। ਇਸ ਨਾਲ ਅਮਰੀਕੀ ਅਰਥ-ਵਿਵਸਥਾ ਕਮਜ਼ੋਰ ਹੋ ਰਹੀ ਹੈ ਅਤੇ ਅੰਦਰੂਨੀ ਸਮੱਸਿਆਵਾਂ ਵਧ ਰਹੀਆਂ ਹਨ। ਬ੍ਰਿਕਸ ਨੇ ਹੁਣ ਡਾਲਰ ਨੂੰ ਚੁਣੌਤੀ ਦੇਣ ਲਈ ਨਵੀਂ ਕਰੰਸੀ ਅਤੇ ਬਲਾਕਚੇਨ ਅਧਾਰਿਤ ਪੇਮੈਂਟ ਸਿਸਟਮ ਦੀ ਘੋਸ਼ਣਾ ਕੀਤੀ ਹੈ। ਬ੍ਰਾਜ਼ੀਲ ਨੇ ਇਸ ਨੂੰ ਸਹਿਯੋਗੀ ਦੇਸ਼ਾਂ ਨੂੰ ਪੇਸ਼ ਕੀਤਾ ਹੈ, ਜੋ ਅੰਤਰਰਾਸ਼ਟਰੀ ਵਪਾਰ ਨੂੰ ਬਦਲ ਸਕਦਾ ਹੈ। ਜੇਕਰ ਇਹ ਲਾਗੂ ਹੋ ਗਿਆ, ਤਾਂ ਡਾਲਰ ਦੀ ਧਾਕ ਖਤਮ ਹੋ ਜਾਵੇਗੀ ਅਤੇ ਅਮਰੀਕਾ ਤਬਾਹੀ ਦੇ ਕੰਢੇ 'ਤੇ ਪਹੁੰਚ ਜਾਵੇਗਾ। ਟਰੰਪ ਨੇ ਇਸ ਨੂੰ ਰੋਕਣ ਲਈ ਭਾਰੀ ਟੈਕਸ ਲਾਉਣ ਦੀ ਧਮਕੀ ਦਿੱਤੀ ਹੈ, ਪਰ ਇਹ ਬੌਖਲਾਹਟ ਹੀ ਅਮਰੀਕਾ ਨੂੰ ਬਰਬਾਦ ਕਰ ਰਹੀ ਹੈ।

ਅੰਤ ਵਿਚ, ਅਮਰੀਕਾ ਦੀ ਇਹ ਨੀਤੀ ਨਾ ਸਿਰਫ਼ ਦੁਨੀਆਂ ਵਿਚ ਅਸਥਿਰਤਾ ਪੈਦਾ ਕਰ ਰਹੀ ਹੈ, ਸਗੋਂ ਆਪਣੇ ਆਪ ਨੂੰ ਵੀ ਖਤਰੇ ਵਿਚ ਪਾ ਰਹੀ ਹੈ। ਟਰੰਪ ਦੇ ਬੇਤੁਕੇ ਫੈਸਲੇ ਅਤੇ ਅਮਰੀਕੀ ਏਜੰਸੀਆਂ ਦੀਆਂ ਸਾਜ਼ਿਸ਼ਾਂ ਸੰਸਾਰ ਨੂੰ ਕਈ ਗੁਟਾਂ ਵਿਚ ਵੰਡਣ ਵੱਲ ਲਿਜਾ ਰਹੀ ਹੈ। ਜੇਕਰ ਅਮਰੀਕਾ ਨੇ ਆਪਣੀ ਨੀਤੀ ਨਾ ਬਦਲੀ, ਤਾਂ ਸਿਆਸੀ ਅਸਥਿਰਤਾ ਵਿਚ ਅਗਲਾ ਦੇਸ਼ ਉਹੀ ਹੋਵੇਗਾ। ਇਹ ਸਮਾਂ ਅਮਰੀਕਾ ਲਈ ਚੇਤਾਵਨੀ ਹੈ ਕਿ ਬੌਖਲਾਹਟ ਨਾਲ ਨਹੀਂ, ਸਹਿਯੋਗ ਨਾਲ ਹੀ ਤਰੱਕੀ ਸੰਭਵ ਹੈ।

# ਵਰਤਾਵੇ 'ਤੇ ਬਰਾਤ ਦੇ ਮੰਜੇ-ਬਿਸਤਰੇ

## ਯਾਦਾਂ ਦੀ ਪੋਟਲੀ 'ਚੋਂ

ਅਸੀਂ ਜ਼ਿੰਦਗੀ ਦੀਆਂ 75 ਸਰਦ ਅਤੇ ਏਨੀਆਂ ਹੀ ਗਰਮ ਰੁੱਤਾਂ ਹੰਢਾ ਚੁੱਕੇ ਹਾਂ। ਬੜਾ ਕੁੱਝ ਦੇਖਿਆ, ਸੁਣਿਆ, ਮਾਣਿਆ ਅਤੇ ਝੱਲਿਆ ਹੈ ਇਸ ਪੌਣੀ ਸਦੀ 'ਚ। ਚੇਤਿਆਂ ਦੀ ਚੰਗੇਰ ਠੂਸੀ ਪਈ ਹੈ, ਬਲਕਿ ਭਰੀ ਹੋਈ ਪਾਣੀ ਦੀ ਬਾਲਟੀ 'ਚ ਹੋਰ ਪਈ ਜਾ ਰਹੇ ਪਾਣੀ ਕਾਰਨ ਉੱਛਲਦੀ ਬਾਲਟੀ ਵਾਂਗ ਯਾਦਾਂ ਭੁੜਕ-ਭੁੜਕ ਬਾਹਰ ਨੂੰ ਡਿੱਗ ਰਹੀਆਂ ਹਨ। ਇਸੇ ਈ ਭੁੜਕਾ-ਭੁੜਕੀ 'ਚੋਂ ਅੱਜ ਦੀ ਇਹ ਲਿਖਤ ਉੱਛਲੀ ਹੈ। ਇਉਂ ਕਹਿ ਲਓ ਕਿ ਯਾਦਾਂ ਦੀ ਪੋਟਲੀ 'ਚੋਂ ਇੱਕ ਪਿੱਛਲਝਾਤ ਹੈ।

ਆਪਣੇ ਬਚਪਨ ਅਤੇ ਲੜਕਪਨ ਦੇ ਦਿਨਾਂ ਵਿਚ ਅਸੀਂ ਬਰਾਤਾਂ ਦੋ-ਦੋ ਦਿਨ ਠਹਿਰਦੀਆਂ ਦੇਖੀਆਂ ਹਨ (ਤਿੰਨ-ਤਿੰਨ ਦਿਨ ਠਹਿਰਨ ਦੀ ਗੱਲ ਬਜ਼ੁਰਗਾਂ ਤੋਂ ਸੁਣੀ ਹੀ ਹੈ, ਦੇਖੀ ਨਹੀਂ)। ਫਿਰ ਇੱਕ ਦਿਨ ਠਹਿਰਨ ਵਾਲਾ ਰਿਵਾਜ ਤਾਂ ਚੜ੍ਹਦੀ ਜਵਾਨੀ ਵੇਲੇ ਤੀਕ ਤੱਕਿਆ ਹੈ। ਸਾ-ਦਿਹਾੜੀ ਦਾ ਵਰਤਾਰਾ ਤਾਂ ਬਹੁਤ ਦੇਰ ਬਾਅਦ ਵਰਤਿਐ।



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: +91 98766-55055**

ਅਸੀਂ ਡੋਲੀਆਂ ਕਹਾਰਾਂ ਦੇ ਮੋਢਿਆਂ 'ਤੇ ਜਾਂਦੀਆਂ ਤਾਂ ਘੱਟ ਹੀ ਦੇਖੀਆਂ ਹਨ ਪਰ ਸੱਜੀਆਂ-ਫੱਬੀਆਂ ਨਿੱਕੀਆਂ ਗੱਡੀਆਂ (ਗੱਡਿਆਂ ਤੋਂ ਆਕਾਰ 'ਚ ਛੋਟੀਆਂ) ਉੱਪਰ ਜਾਂਦੀਆਂ ਡੋਲੀਆਂ ਬੜੀਆਂ ਦੇਖੀਆਂ ਹਨ। ਇਨ੍ਹਾਂ ਅੱਗੇ ਜੁੜੇ ਬਲਦ ਵੀ ਬੜੇ ਸ਼ਿੰਗਾਰੇ ਹੁੰਦੇ ਸਨ। ਫੁੱਲਾਂ ਨਾਲ ਸਜਾਈਆਂ ਸੁੰਦਰ, ਲੰਮੀਆਂ-ਲੰਮੀਆਂ ਕਾਰਾਂ ਵਿਚ ਦੁਲਹਨ ਲਿਜਾਣ ਦਾ ਵਰਤਾਰਾ ਬਹੁਤਾ ਪੁਰਾਣਾ ਨਹੀਂ। (ਹੈਲੀਕਾਪਟਰਾਂ ਵਿਚ ਦੁਲਹਨ ਵਿਆਹ ਕੇ ਹਵਾਈ ਰਾਸਤੇ ਲਿਜਾਣ ਬਾਰੇ ਮੀਡੀਆ 'ਚ ਪੜ੍ਹਿਐ/ਦੇਖਿਐ)

ਜਦ ਬਰਾਤ ਰਾਤ ਨੂੰ ਠਹਿਰਦੀ ਹੁੰਦੀ ਸੀ ਤਾਂ ਪਿੰਡਾਂ ਵਿਚ ਹਰ ਘਰੋਂ ਬਰਾਤੀਆਂ ਲਈ ਮੰਜੇ-ਬਿਸਤਰੇ 'ਕੱਠੇ ਕਰੀ ਦੇ ਸੀ। ਬਰਾਤਾਂ ਦੇ ਠਹਿਰਨ ਲਈ ਜੰਞ-ਘਰ ਬਣੇ ਹੁੰਦੇ ਸਨ (ਜਾਂ ਹੋਰ ਕੋਈ ਸਾਂਝੀ ਥਾਂ ਹੁੰਦੀ ਸੀ)। ਭਾਈਚਾਰਾ ਬਹੁਤ ਹੁੰਦਾ ਸੀ ਤੇ ਕਿਸੇ ਦੀ ਧੀ ਦਾ ਵਿਆਹ ਸਾਰਾ ਪਿੰਡ ਆਪਣੀ ਧੀ ਦੇ ਵਿਆਹ ਵਾਂਗ ਸਮਝਦਾ ਸੀ। ਮਾਤਾਵਾਂ-ਬੀਬੀਆਂ ਬਰਾਤੀਆਂ ਲਈ ਬਿਲਕੁਲ ਨਵੇਂ-ਨਕੋਰ ਜਾਂ ਧੋਤੇ ਹੋਏ ਸਾਫ-ਸੁਥਰੇ ਬਿਸਤਰੇ ਸਾਂਭ ਕੇ ਰਖਦੀਆਂ ਸਨ। ਸਾਡੀ ਆਪਣੀ ਮਾਤਾ ਤਾਂ ਬਰਾਤ ਲਈ ਇੱਕ ਵੱਖਰਾ ਬਿਸਤਰਾ ਅਲੱਗ ਹੀ ਰਖਦੀ ਸੀ ਜੋ ਘਰ 'ਚ ਨਹੀਂ ਸੀ ਵਰਤਿਆ ਜਾਂਦਾ। ਗਰਮੀਆਂ ਦੇ ਮੌਸਮ ਵੇਲੇ ਦਰੀ, ਚਾਦਰ, ਸਿਰਹਾਣਾ ਤੇ ਖੇਸੀ ਅਤੇ ਸਿਆਲਾਂ ਵੇਲੇ ਚਾਦਰ/ਖੇਸੀ ਦੀ ਜਗ੍ਹਾ ਰਜਾਈ-ਤਲਾਈ ਹੁੰਦੀਆਂ ਸਨ।

ਅਸੀਂ ਆਪ ਵੀ ਲੜਕਿਆਂ ਦੇ ਉਸ ਗਰੁੱਪ ਵਿਚ ਸ਼ਾਮਲ ਰਹੇ ਹਾਂ ਜੋ ਮੰਜੇ-ਬਿਸਤਰੇ 'ਕੱਠੇ ਕਰਦਾ ਹੁੰਦਾ ਸੀ। ਉਨ੍ਹਾਂ ਦਿਨਾਂ ਵਿਚ ਪਿੰਡਾਂ 'ਚ ਘਰਾਂ ਦੇ ਨੰਬਰ ਨਹੀਂ ਸਨ ਹੁੰਦੇ। ਬਿਸਤਰਿਆਂ-ਮੰਜਿਆਂ ਉਪਰ ਆਪ ਹੀ ਚੜ੍ਹਦੇ ਬੰਨਿਉਂ ਘਰਾਂ ਦੇ ਨੰਬਰ ਮਿੱਥ ਕੇ ਲਾਉਣੇ ਸ਼ੁਰੂ ਕਰ ਦਈਦੇ ਸਨ। ਇਸ ਤਰ੍ਹਾਂ ਇਹ ਸਮਾਨ ਮੋੜਨ ਸਮੇਂ ਸੌਖ ਰਹਿੰਦੀ ਸੀ, ਕਿਸੇ ਕਿਸਮ ਦਾ ਟਪਲਾ ਜਾਂ ਗਲਤੀ ਨਹੀਂ ਸੀ ਲਗਦੀ। ਪਿੰਡ ਦੇ ਚੜ੍ਹਦੇ ਬੰਨ੍ਹੇ ਹੋਣ ਕਾਰਨ ਉਦੋਂ ਸਾਡਾ ਘਰ ਪਹਿਲੇ ਨੰਬਰ 'ਤੇ ਹੁੰਦਾ ਸੀ। ਸੋ ਬਰਾਤ ਵਾਲੇ ਮੰਜੇ-ਬਿਸਤਰੇ ਉੱਪਰ ਇੱਕ ਨੰਬਰ ਲਿਖਿਆ ਰਹਿੰਦਾ ਸੀ। ਉਂਝ ਸਾਡੀ ਮਾਤਾ (ਹੁਣ ਸੁਰਗਵਾਸੀ) ਬਿਸਤਰਾ ਸਾਫ ਵੀ ਇੱਕ ਨੰਬਰ ਰਖਦੀ ਸੀ। ਹਾਂ, ਹੁਣ ਸਾਡੇ ਘਰ ਅੱਗੇ ਹੋਰ ਘਰ ਬਣ ਗਏ ਹਨ। ਪਰ ਹੁਣ ਬਰਾਤਾਂ ਵਾਸਤੇ ਮੰਜੇ-ਬਿਸਤਰੇ ਵੀ ਇਕੱਠੇ ਨਹੀਂ ਕਰਨੇ ਪੈਂਦੇ, ਸਭ ਕਾਰਜ ਮੈਰਿਜ ਪੈਲੇਸਾਂ/ਹੋਟਲਾਂ ਵਿਚ ਹੀ ਹੋ ਜਾਂਦੇ ਹਨ। ਸ਼ੁਕਰ ਐ ਕਿ ਆਨੰਦ ਕਾਰਜ ਗੁਰਦਵਾਰਿਆਂ ਅੰਦਰ ਹੀ ਹੁੰਦੇ ਹਨ!



ਉਨ੍ਹਾਂ ਦਿਨਾਂ ਵਿਚ ਬਰਾਤ ਦੀ ਆਉ-ਭਗਤ ਲਈ ਖਾਣ-ਪੀਣ ਦਾ ਬਹੁਤਾ ਸਮਾਨ ਬੀਬੀਆਂ-ਭੈਣਾਂ ਆਪ ਹੀ ਤਿਆਰ ਕਰ ਲੈਂਦੀਆਂ ਸਨ। ਥੋੜ੍ਹੀਆਂ-ਬਹੁਤੀਆਂ ਸ਼ੈਆਂ ਹਲਵਾਈਆਂ ਕੋਲੋਂ ਬਣਵਾ ਲਈਆਂ ਜਾਂਦੀਆਂ ਸਨ। ਸਿਰਫ ਆਂਢ-ਗੁਆਂਢ ਹੀ ਨਹੀਂ ਸਗੋਂ ਸਾਰੇ ਪਿੰਡ ਦੀਆਂ ਔਰਤਾਂ ਅਤੇ ਮਰਦ ਆਪਣੀ ਵਿਤ ਮੁਤਾਬਕ ਵਿਆਹ ਵਾਲੇ ਘਰ ਦਿਆਂ ਦੀ ਸਹਾਇਤਾ ਕਰਦੇ ਸਨ। ਸਾਰੇ ਪਿੰਡ 'ਚੋਂ ਦੁੱਧ ਵਿਆਹ ਵਾਲੇ ਘਰ ਭੇਜਿਆ ਜਾਂਦਾ ਸੀ ਤਾਂ ਕਿ ਬੂੰਦੀ ਵਾਲਾ ਦਹੀਂ, ਜਿਸ ਨੂੰ ਮੱਠਾ/ਖੱਟਾ ਕਿਹਾ ਜਾਂਦਾ ਸੀ, ਤਿਆਰ ਹੋ ਸਕੇ। ਇਹ ਮੱਠਾ ਵੱਡੀ ਮਾਤਰਾ 'ਚ ਤਿਆਰ ਕੀਤਾ ਜਾਂਦਾ ਸੀ ਤਾਂ ਕਿ ਬਰਾਤੀਆਂ ਨੂੰ ਵਰਤਾਇਆ ਜਾ ਸਕੇ। ਉਨ੍ਹੀਂ ਦਿਨੀਂ ਸਾਗ-ਸਬਜ਼ੀਆਂ ਪਿੰਡਾਂ ਵਿਚ ਆਮ ਹੁੰਦੀਆਂ ਸਨ ਕਿਉਂਕਿ ਹਰ ਕਿਸਾਨ ਇਨ੍ਹਾਂ ਨੂੰ ਬੀਜਦਾ ਸੀ। ਸੋ, ਭਾਰੀ ਮਿਕਦਾਰ ਵਿਚ ਇਹ ਸ਼ੈਆਂ ਵੀ ਵਿਆਹ ਵਾਲੇ ਘਰ ਪੁਜਦੀਆਂ ਕਰ ਦਿੱਤੀਆਂ ਜਾਂਦੀਆਂ ਸਨ।

ਆਂਢ-ਗੁਆਂਢ ਜਾਂ ਹੋਰ ਸ਼ਰੀਕੇ-ਭਾਈਚਾਰੇ ਨੂੰ ਚੁੱਲ੍ਹੇ-ਨੇਂਦ ਦਿਤੀ ਜਾਂਦੀ ਸੀ। ਜਿਨ੍ਹਾਂ ਨਾਲ ਬਹੁਤੀ ਨੇੜਤਾ ਜਾਂ ਵਰਤੋਂ ਹੋਵੇ ਉਨ੍ਹਾਂ ਨੂੰ ਤਾਂ ਹਫਤੇ ਜਾਂ 3-4 ਦਿਨਾਂ ਲਈ ਤੇ ਬਾਕੀਆਂ ਨੂੰ ਵਿਆਹ ਵਾਲੇ ਦਿਨ ਲਈ ਨਿਉਤਾ/ਨਿਮੰਤ੍ਰਣ ਦਿਤਾ ਜਾਂਦਾ ਸੀ। ਚੁੱਲ੍ਹੇ-ਨੇਂਦ ਦਾ ਭਾਵ ਕਿ ਉਸ ਘਰ ਦੇ ਸਭ ਜੀਆਂ ਨੇ ਰੋਟੀ-ਪਾਣੀ ਵਿਆਹ ਵਾਲੇ ਘਰ ਹੀ ਛਕਣਾ ਐਂ, ਜਾਣੀ ਸਬੰਧਤ ਘਰ 'ਚ ਚੁੱਲ੍ਹਾ ਵੀ ਨਹੀਂ ਬਲਣਾ ਤੇ ਇੱਕ ਕਿਸਮ ਦਾ ਉਸ ਘਰ ਦੇ ਚੁੱਲ੍ਹੇ ਨੂੰ ਵੀ ਨਿਉਤਾ ਹੁੰਦੈ!

ਉਦੋਂ ਮੇਲੀ ਬਰਾਤੀਆਂ ਮਗਰੋਂ ਖਾਣਾ ਖਾਂਦੇ ਸਨ (ਹੁਣ ਵਾਂਗ ਨਹੀਂ ਕਿ ਬਰਾਤ ਦੇ ਆਉਣ ਤੋਂ ਪਹਿਲਾਂ ਹੀ ਮੇਲੀ ਖਾਣੇ ਉੱਪਰ ਟੁੱਟ ਪੈਂਦੇ ਹਨ ਅਤੇ ਬਰਾਤ ਦੇ ਆਉਣ ਤਕ ਖਾਣੇ ਦੀ ਸੱਜ-ਸਜਾਵਟ (ਲੇਅ-ਆਊਟ) ਸਭ ਖਿੰਡ-ਪੁੰਡ ਜਾਂਦੀ ਐ!) ਉਦੋਂ ਸਾਰੇ ਪਿੰਡ ਦੀ ਪੰਚਾਇਤ, ਸਮੇਤ ਸਰਪੰਚ, ਅਤੇ ਬਾਕੀ ਪਿੰਡ ਵਾਸੀ ਇੱਕ ਪਾਸੇ ਕੁਰਸੀਆਂ 'ਤੇ ਬੈਠੇ ਰਹਿੰਦੇ ਸਨ। ਬਰਾਤੀ ਪਰਛਾਦਾ-ਪਾਣੀ ਛਕਦੇ ਰਹਿੰਦੇ ਤੇ ਪਿੰਡ ਦੀਆਂ ਬੀਬੀਆਂ-ਭੈਣਾਂ ਸਿੱਠਣੀਆਂ ਦਿੰਦੀਆਂ ਰਹਿੰਦੀਆਂ।

ਬਰਾਤ ਦੇ ਆਪਣੇ ਡੇਰੇ (ਠਹਿਰਨ ਵਾਲੀ ਥਾਂ) ਵੱਲ ਤੁਰਨ ਉਪਰੰਤ ਹੀ ਮੇਲੀ ਖਾਣਾ ਖਾਂਦੇ। ਇਸ ਚਲਨ ਦੇ ਦੋ ਮੰਤਵ ਸਨ। ਪਹਿਲਾ, ਬਰਾਤੀਆਂ ਦਾ ਸਤਿਕਾਰ ਅਤੇ ਮਹਿਮਾਨ-ਨਿਵਾਜ਼ੀ। ਅਸੀਂ 'ਅਥਿਤੀ ਦੇਵੋ-ਭਵੋ' ਦੀ ਸੰਸਕ੍ਰਿਤੀ ਵਾਲੇ ਲੋਕ ਹਾਂ। ਬਰਾਤੀ ਤਾਂ ਫਿਰ ਵਿਸ਼ੇਸ਼ ਅਥਿਤੀ ਹੋਏ। ਉਨ੍ਹਾਂ ਦਾ ਸਤਿਕਾਰ ਵੀ ਵਿਸ਼ੇਸ਼ ਕਰਨਾ ਬਣਦੈ। ਸੋ, ਸਾਰਾ ਪਿੰਡ, ਪੰਚਾਇਤ ਇਹ ਮਾਣ-ਸਤਿਕਾਰ ਕਰਦੇ।

ਦੂਸਰਾ ਮੰਤਵ ਜ਼ਰਾ ਵਿਵਹਾਰਕ ('ਪ੍ਰੈਕਟੀਕਲ') ਹੈ। ਉਨ੍ਹੀਂ ਦਿਨੀਂ ਅੱਜ ਵਾਲੇ ਸਾਧਨ-ਸਹੂਲਤਾਂ ਤਾਂ ਹੈ ਨਹੀਂ ਸਨ। ਲੋਕਾਂ ਦੀ ਆਰਥਿਕ ਹਾਲਤ ਵੀ ਬਹੁਤੀ ਚੰਗੀ ਨਹੀਂ ਸੀ ਹੁੰਦੀ, ਕਈ ਵਾਰ ਤਾਂ ਇਹ ਖਸਤਾ ਹੀ ਹੁੰਦੀ ਸੀ। ਅੱਜ ਵਾਂਗ ਖਾਣਾ ਜ਼ਾਇਆ ਕਰਨ ਦਾ ਰਿਵਾਜ ਤਾਂ ਬਿਲਕੁਲ ਨਹੀਂ ਸੀ। ਅੰਨ੍ਹ ਨੂੰ ਭਗਵਾਨ ਵਾਂਗ ਪੂਜਿਆ ਜਾਂਦਾ ਸੀ। ਆਮ ਘਰਾਂ 'ਚ ਖਾਣਾ ਖਾਣ ਤੋਂ ਪਹਿਲਾਂ ਥਾਲੀ ਦੁਆਲੇ ਪਾਣੀ ਤਰੌਂਕਿਆ ਜਾਂਦਾ ਸੀ ਅਤੇ ਪ੍ਰਭੂ ਨੂੰ ਧਿਆ ਕੇ ਖਾਣਾ ਖਾਧਾ ਜਾਂਦਾ ਸੀ। ਖਾਣੇ ਉਪਰੰਤ ਵੀ ਸ਼ੁਕਰਾਨੇ ਦੀ ਅਰਦਾਸ ਕੀਤੀ ਜਾਂਦੀ ਸੀ। ਸੋ, ਖਾਣਾ ਲੋੜ ਅਨੁਸਾਰ ਸੀਮਤ ਮਾਤਰਾ ਵਿਚ ਬਣਾਇਆ ਜਾਂਦਾ ਸੀ ਤਾਂ ਕਿ ਜ਼ਾਇਆ ਨਾ ਹੋਵੇ। ਵਿਆਹ ਵੇਲੇ ਭਾਵੇਂ ਖਾਣਾ ਖੁੱਲ੍ਹਾ ਬਣਾਇਆ ਜਾਂਦਾ ਸੀ ਪਰ ਮੇਲੀ ਇਸ ਲਈ ਪਹਿਲਾਂ ਨਹੀਂ ਸਨ ਖਾਂਦੇ ਕਿ ਜੇਕਰ ਖਾਣਾ ਘਟਦਾ ਲਗੇ ਤਾਂ ਘਰ ਵਾਲਿਆਂ ਦੀ ਬਰਾਤੀਆਂ/ਬਾਹਰਲਿਆਂ ਸਾਹਮਣੇ ਮਾਣ-ਘਟਾਈ ਨਾ ਹੋਵੇ, ਪਿੰਡ ਵਾਲੇ/ਮੇਲੀ ਆਪ ਘੱਟ ਖਾ ਲੈਣਗੇ ਤੇ ਇਸ ਤਰ੍ਹਾਂ ਢਕੀ ਦੀ ਢਕੀ ਰਹਿ ਜਾਏਗੀ। ਹਾਂ, ਖਾਣਾ ਕਦੀ ਘਟਿਆ ਨਹੀਂ, ਆਪਣੇ ਸੇਵਕਾਂ ਦੇ (ਧੀਆਂ-ਧਿਆਣੀਆਂ ਦੇ) ਕਾਰਜ ਕਰਤਾ-ਪੁਰਖ ਆਪ ਵਿਚ ਖਲੋ ਕੇ ਕਰਵਾਉਂਦੈ! ("ਵਿਚਿ ਕਰਤਾ ਪੁਰਖੁ ਖਲੋਆ॥ ਵਾਲੁ ਨ ਵਿੰਗਾ ਹੋਆ"॥(ਸ.ਗ.ਗ.ਸ.ਅੰਗ 623)।

ਬਰਾਤੀਆਂ ਨੂੰ ਖਾਣਾ ਵੀ ਆਪ ਹੀ ਪ੍ਰੋਸੀਦਾ ਸੀ, ਵੇਟਰਾਂ (ਬੈਰ੍ਹਾ/ਖਾਨਸਾਮਾ) ਦਾ ਰਿਵਾਜ ਤਾਂ ਬਹੁਤ ਸਾਲਾਂ ਬਾਅਦ ਆਇਐ। ਅਸੀਂ ਖੁਦ ਇਹ ਕੰਮ ਵੀ ਕਰਦੇ ਰਹੇ ਹਾਂ, ਭਾਵ ਸਮਾਜਿਕ ਵੇਟਰਗੀਰੀ! ਇਹ ਜ਼ਰਾ ਟੇਢੀ ਖੀਰ ਸੀ। ਪਿੰਡ ਦੇ ਮੁਹਤਬਰ ਬੰਦੇ ਇਸ ਕੰਮ ਲਈ ਕੁਝ ਦਿਨ ਪਹਿਲਾਂ ਪਿੰਡ ਦੇ ਕੁਝ ਗੱਭਰੂਆਂ ਦੀ ਚੋਣ ਕਰਦੇ। ਇਹ ਉਹ ਮੁੰਡੇ ਹੁੰਦੇ ਜੋ ਮੁਦੀਰ ਦਾ ਹਿਸਾ ਨਾ ਹੁੰਦੇ। ਇਹ ਸਹਿਜ, ਸ਼ਾਂਤ ਸੁਭਾ ਵਾਲੇ ਹੁੰਦੇ। ਹੈ ਤਾਂ 'ਆਪਣੇ ਮੂੰਹੋਂ ਮੀਆਂ ਮਿੱਠੂ' ਬਣਨ ਵਾਲੀ ਗੱਲ ਪਰ ਅਸੀਂ ਵੀ ਇਸ ਸੁਭਾ ਵਾਲਿਆਂ 'ਚ ਸ਼ੁਮਾਰ ਸਾਂ! ਮੁਹਤਬਰ ਸੱਜਣ ਇਨ੍ਹਾਂ ਮੁੰਡਿਆਂ ਨੂੰ ਦੇਸੀ 'ਹੋਟਲ ਮੈਨੇਜਮੈਂਟ' ਦਾ ਸਬਕ ਦਿੰਦੇ। ਉਹ ਦਸਦੇ ਕਿ ਕਿਵੇਂ ਖਾਣਾ ਸਲੀਕੇ ਨਾਲ ਵਰਤਾਉਣੈ ਤੇ ਸਤਿਕਾਰ ਨਾਲ ਪੇਸ਼ ਆਉਣੈਂ, ਕਿਵੇਂ ਹਰ ਬਰਾਤੀ ਨੂੰ ਵਾਰ ਵਾਰ 'ਹੋਰ ਲਉ ਜੀ' ਕਹਿ ਕੇ ਪੁਛਣੈ, ਬੇਸ਼ਕ ਬਰਾਤੀ ਕੋਲ ਸਬੰਧਤ ਖਾਧ-ਪਦਾਰਥ ਪਹਿਲਾਂ ਹੀ ਕਿਉਂ ਨਾ ਪਿਆ ਹੋਵੇ/ਪ੍ਰੋਸਿਆ ਗਿਆ ਹੋਵੇ।

ਪਹਿਲਾਂ ਪਹਿਲ ਆਮ ਤੌਰ 'ਤੇ ਸ਼ਾਕਾਹਾਰੀ ਖਾਣਾ ਪ੍ਰੋਸਣ ਦਾ ਵਰਤਾਰਾ ਹੁੰਦਾ ਸੀ। ਭੋਜਨ ਵੀ ਥੱਲੇ ਬੈਠ ਕੇ ਖਾਧਾ ਜਾਂਦਾ ਸੀ। ਧਰਤੀ 'ਤੇ ਹੀ ਕੋਈ ਚਾਦਰਾਂ ਜਾਂ ਟਾਟ ਵਿਛਾ ਦਿਤੇ ਜਾਂਦੇ ਸਨ ਤੇ ਖਾਣਾ ਪ੍ਰੋਸ ਦਿਤਾ ਜਾਂਦਾ ਸੀ। ਫਿਰ ਹੌਲੀ-ਹੌਲੀ ਕੁਰਸੀਆਂ-ਮੇਜ ਲੱਗਣ ਲੱਗ ਪਏ। ਮੀਟ-ਮੁਰਗਾ ਅਤੇ ਦੇਸੀ ਦਾਰੂ ਵਰਤਾਇਆ ਜਾਣ ਲੱਗਾ। ਖਾਸ ਦੇਸੀ ਦਾਰੂ ਪਿੰਡ ਦੇ ਖਾਸ ਦਾਰੂ ਕੱਢਣ ਵਾਲੇ ਕੋਲੋਂ ਤਿਆਰ ਕਰਵਾਇਆ ਜਾਂਦਾ। ਇਸ ਵਿਚ ਸੰਤਰੇ ਅਤੇ ਗਿਰੀਆਂ ਪਾਈਆਂ ਜਾਂਦੀਆਂ। ਇਸ ਕਾਰਨ ਇਹ 'ਸੰਤਰੇ-ਮਾਰਕਾ' ਦੇਸੀ ਦਾਰੂ ਵਾਹਵਾ ਵਲੈਤੀ ਭਾਅ ਮਾਰਦੀ! ਪਹਿਲੇ ਤੋੜ ਦੀ ਵੀ ਕੱਢੀ ਤੇ ਵਰਤਾਈ ਜਾਂਦੀ। (ਅੱਜ-ਕੱਲ੍ਹ ਤਾਂ ਵਲ਼ੈਤੀ ਵ੍ਹਿਸਕੀ ਪ੍ਰਧਾਨ ਹੈ)

ਖੈਰ, ਦਾਰੂ ਵਰਤਾਉਣ 'ਤੇ ਤਾਂ ਸਾਡੀ ਡਿਊਟੀ ਕਦੀ ਨਹੀਂ ਲਗੀ। ਹਾਂ, ਜਲੇਬੀਆਂ/ਹਲਵਾ ਜਾਂ ਦਾਲ-ਫੁਲਕੇ ਵਰਤਾਉਣ 'ਤੇ ਕਈ ਵਾਰ ਡਿਊਟੀ ਲਗੀ। ਬਰਾਤ ਵਿਚ ਕਈ ਸ਼ਰਾਰਤੀ ਵੀ ਹੁੰਦੇ ਹਨ। ਵੈਸੇ ਵੀ ਬਰਾਤੀ ਬਣਨ ਦਾ ਆਪਣਾ ਹੀ ਟਸ਼ਨ ਹੁੰਦੈ। ਥੋੜ੍ਹਾ ਬਹੁਤਾ ਸਾਊ ਵੀ ਬਰਾਤੀ 'ਸਵੈਗ' ਕਾਰਨ ਸ਼ਰਾਰਤੀ ਬਣ ਜਾਂਦੈ। ਉਂਝ ਸ਼ਰਾਰਤਾਂ ਸਹਿੰਦੀਆਂ-ਸਹਿੰਦੀਆਂ ਹੀ ਕੀਤੀਆਂ ਜਾਂਦੀਆਂ ਸਨ, ਅਸਿਹ ਸ਼ਰਾਰਤ ਤਾਂ ਭਲਾ ਕੌਣ ਸਹਿੰਦੈ? ਧੀ ਵਿਆਹੁਣੀ ਐਂ, ਕੋਈ ਕਰਜ਼ ਤਾਂ ਦੇਣਾ ਨਹੀਂ ਕਿਸੇ ਪਤੰਦਰ ਦਾ।

ਸੋ, ਇੱਕ ਵਾਰ ਅਸੀਂ ਜਲੇਬੀਆਂ ਵਰਤਾ ਰਹੇ ਸੀ। ਕਤਾਰ ਵਿਚ ਬੈਠੇ ਹਰ ਬਰਾਤੀ ਨੂੰ ਲੋੜ ਅਨੁਸਾਰ ਦੁਬਾਰਾ ਜਲੇਬੀਆਂ ਪ੍ਰੋਸੇ ਜਾਣ ਲਈ ਪੁੱਛ ਰਹੇ ਸੀ। ਇੱਕ ਜਣੇ ਨੂੰ ਪੁੱਛ ਕੇ ਅਸੀਂ ਅੱਗੇ ਨਿਕਲ ਗਏ। ਉਹ ਪਹਿਲਾਂ ਤਾਂ ਕੁਝ ਨਾ ਬੋਲਿਆ, ਪਰ ਜਦ ਅਸੀਂ ਉਸ ਤੋਂ ਚੌਥੇ-ਪੰਜਵੇਂ ਨੰਬਰ ਉਤੇ ਬੈਠੇ ਬਰਾਤੀ ਨੂੰ ਜਲੇਬੀਆਂ ਪ੍ਰੋਸ ਰਹੇ ਸੀ ਤਾਂ ਉਹ ਚਿੱਲਾ ਕੇ ਸਾਨੂੰ ਪੈ ਗਿਆ, "ਓਇ ਕਾਕਾ, ਤੈਨੂੰ ਸੁਣਦਾ ਨਹੀਂ, ਤੂੰ ਬੋਲਾ ਐਂ? ਮੈਂ ਕਿੰਨੀ ਵਾਰੀ ਤੈਨੂੰ ਹੋਰ ਜਲੇਬੀਆਂ ਦੇਣ ਲਈ ਕਿਹੈ"। ਸਾਨੂੰ ਗੁੱਸਾ ਤਾਂ ਬਹੁਤ ਆਇਆ ਕਿ ਇਸ ਨੇ ਜਲੇਬੀਆਂ ਮੰਗੀਆਂ ਵੀ ਨਹੀਂ ਪਰ ਉਲਟਾ ਸਾਡੇ 'ਤੇ ਚੜ੍ਹਾਈ ਵੀ ਕਰੀ ਜਾ ਰਿਹੈ, ਪਰ ਅਸੀਂ ਵਰਤਾਵਾ-ਧਰਮ ਨਿਭਾਉਂਦੇ ਹੋਏ ਸਲੀਕਾ-ਸ਼ਿਸ਼ਟਾਚਾਰ ਦਾ ਪੱਲਾ ਨਹੀਂ ਛਡਿਆ ਅਤੇ ਬਰਾਤੀਆਂ ਪ੍ਰਤੀ ਮਾਨ-ਸਨਮਾਨ ਵੀ ਲਿਸਾ ਨਹੀਂ ਪੈਣ ਦਿਤਾ। ਪਰ ਅਸੀਂ ਆਪਣੀ ਗੱਲ ਵੀ ਕਹਿਣੋਂ ਨਾ ਰਹਿ ਸਕੇ ਅਤੇ ਸਨਿਮਰ ਬੋਲੇ, "ਸੌਰੀ ਅੰਕਲ! ਦਰਅਸਲ ਮੈਂ ਵੀ ਥੋੜ੍ਹਾ ਜਿਹਾ 'ਸੰਤਰੇ-ਮਾਰਕਾ' ਦਾ ਘੁੱਟ ਭਰ ਬੈਠਾ, ਇਸ ਲਈ ਤੁਹਾਡੀ ਗੱਲ ਸੁਣ ਨਹੀਂ ਸਕਿਆ"!

ਅਸਲ 'ਚ ਅੰਕਲ ਆਪ ਦੇਸੀ ਦਾਰੂ 'ਚ ਟੱਲੀ ਸੀ, ਅਸੀਂ ਤਾਂ ਹੁਣ ਤਕ 'ਕੱਟੜ ਸੋਫੀ' ਹਾਂ, ਪਰ ਆਪਣੇ ਪਿੰਡ ਦੀ ਧੀ-ਧਿਆਣੀ ਦੇ ਕਾਰਜ ਵਿਚ ਕਿਧਰੇ ਕੋਈ ਵਿਘਨ ਨਾ ਪੈ ਜਾਵੇ ਇਸ ਕਾਰਨ ਅਸੀਂ ਸ਼ਰਾਬੀ ਨੂੰ ਸ਼ਰਾਬੀ ਕਹਿਣ ਦੀ ਬਜਾਏ ਆਪ 'ਸ਼ਰਾਬੀ' ਬਣ ਗਏ!

---

## ਕਾਵਿ-ਕਿਆਰੀ

### ਕਾਲ਼ਾ ਜਾਦੂ ਤੇ ਕੌਡੇਸ਼ਾਹ

ਵੰਡ ਕੇ ਚਾਨਣ ਗਯਾ, ਗੁਰੂ ਜੀ ਤੁਰ ਪਏ ਅੱਗੇ।
ਤਾਰ ਕੇ ਮਾਲਦਾ ਸੰਗ, ਆਪ ਕਾਮਰੂਪ ਜਾ ਸਜੇ।

ਦੇਖੀ ਥਾਂ ਸੁਹਾਵਣੀ, ਜਾ ਬਾਹਰ ਡੇਰਾ ਲਾਇਆ।
ਰਾਤ ਦੇ ਖਾਣੇ ਲਈ, ਮਰਦਾਨਾ ਭਿਜਵਾਇਆ।

ਸ਼ਹਿਰ ਵਿਚ ਵਸਦੀ, ਨੂਰਸ਼ਾਹ ਸੀ ਜਾਦੂਗਰਨੀ।
ਮਰਦਾਨਾ ਭੇਡੂ ਬਣਾ'ਤਾ, ਵੇਖਾਈ ਖੁਦ ਦੀ ਕਰਨੀ।

ਦੇਰ ਹੋਈ ਨਾ ਮੁੜਿਆ, ਗੁਰੂ ਨੇ ਗੱਲ ਜਾਣੀ ਸਾਰੀ।
ਲੱਭਣ ਤੁਰ ਪਏ ਆਪ,ਫਿਰ ਜਾ ਪਹੁੰਚੇ ਦਰਬਾਰੀ।

ਅੱਗੋਂ ਨੂਰਸ਼ਾਹ ਪੁੱਛਦੀ, ਦੱਸ ਕੀ ਕੰਮ ਤੂੰ ਆਇਆ?
ਲੱਭ ਲੈ ਬੰਦਾ ਆਪਣਾ, ਇੱਥੇ ਹੈ ਭੇਡੂ ਬਣਾਇਆ।

ਬਾਬਾ ਨੇ ਛੇਤੀ ਬਾਤ ਤੇ, ਨੂਰਸ਼ਾਹ ਨੂੰ ਕੋਲ ਬੁਲਾਏ।
ਛੱਡ ਦੇਹ ਮਾੜੇ ਕੰਮ ਤੂੰ, ਐਵੇਂ ਨਾ ਲੋਕਾਂ ਨੂੰ ਭਰਮਾਏ।

ਖਾਣੇ ਉਹਦੇ ਪਾ ਦਿੱਤੀ, ਕਿ ਵੱਡੀ ਹੈ ਲੋਕਾਂ ਦੀ ਸੇਵਾ।
ਜੇ ਜਿੱਤ ਲਵੇਂ ਦਿਲ ਤੂੰ, ਤੈਨੂੰ ਮਿਲੇਗਾ ਸੇਵਾ ਦਾ ਮੇਵਾ।

ਹੋ ਗਈ ਜਦ ਕਾਇਲ, ਫਿਰ ਝੱਟ ਲੀਹ 'ਤੇ ਆਈ।
ਢਹਿ ਪਈ ਚਰਨਾਂ 'ਤੇ, ਮੰਗਦੀ ਮਾਫ਼ੀ ਪਾ ਦੁਹਾਈ।

ਬਖ਼ਸ਼ ਕੇ ਨੂਰਸ਼ਾਹ ਨੂੰ, ਸੰਘਣੇ ਜੰਗਲ ਨੂੰ ਤੁਰ ਪਏ।
ਰਾਤ ਪਈ ਵਿਚ ਰਾਸਤੇ, ਤਾਂ ਬੜੇ ਰੁੱਖ ਵਲ ਮੁੜ ਪਏ।

ਮਰਦਾਨੇ ਨੂੰ ਆਖਿਆ, ਕੁੱਝ ਖਾਣ ਨੂੰ ਮੰਗ ਲਿਆਉ।
ਰੱਬ ਦਾ ਜਪਉ ਨਾਮੁ, ਤੇ ਇੱਥੇ ਕੱਟ ਰਾਤ ਲੰਘਾਉ।

ਜੰਗਲ 'ਚ ਰਹਿੰਦਾ ਸੀ, ਕੌਡੇਸ਼ਾਹ ਰਾਖਸ਼ ਬੜਾ ਭਾਰਾ।
ਫੜ ਨੂੜ ਕੇ ਸੁੱਟ ਲਿਆ, ਉਸਨੇ ਮਰਦਾਨਾ ਵਿਚਾਰਾ।
ਨਾ ਮੁੜਿਆ ਚਿੰਤਤ ਹੋਏ, ਗੁਰੂ ਜੀ ਭਾਲਣ ਤੁਰ ਪਏ।
ਕੌਡੇ ਸ਼ਾਹ ਖੁਸ਼ ਹੋ ਗਿਆ, ਦੋ ਸ਼ਿਕਾਰ ਜੂੰ ਮਿਲ ਗਏ।

ਗੁਰੂ ਜੀ ਜਾ ਕੇ ਪੁੱਛਦੇ, ਭਲੇ ਮਾਣਸ ਨੂੰ ਕਿਉਂ ਫੜਿਆ?
ਆਖਦਾ ਖਾਊਂ ਮੈਂ ਤਲ ਕੇ, ਨਵਾਂ ਸ਼ਿਕਾਰ ਹੱਥ ਚੜ੍ਹਿਆ।

ਬਾਬੇ ਦਇਆ ਦੀ ਨਜ਼ਰ, ਤਦ ਕੌਡੇਸ਼ਾਹ ਵੱਲ ਘੁੰਮਾਈ।
ਕਰਕੇ ਬੁਰੇ ਕੰਮ ਸੱਜਣਾ, ਕਿਉਂ ਤੂੰ ਨਰਕਾਂ ਵੱਲ ਜਾਈ?

ਕੀਮਤ ਚੰਗੇ ਕੰਮਾਂ ਦੀ, ਇੰਝ ਫਿਰ ਕੌਡੇ ਨੂੰ ਸਮਝਾਈ।
ਰਾਖਸ਼ ਤੋਂ ਸੱਜਣ ਬਣਾ, ਬਾਬੇ ਨੇ ਨਵੀਂ ਰੀਤ ਚਲਾਈ।

***-ਸੇਵਾ ਸਿੰਘ 'ਨੂਰਪੁਰੀ'***

---

### ਗੀਤ

ਅਖੀਓਂ ਵਹਿ ਜੋ ਗਿਆ, ਉਹ ਅੱਥਰੂ ਖਾਰਾ ਏ।
ਤੇਰੀ ਯਾਦ 'ਚ ਆਇਆ ਜੋ, ਉਹ ਹੰਝੂ ਪਿਆਰਾ ਏ।
ਪੰਧ ਪ੍ਰੀਤਾਂ ਦਾ, ਸੂਲਾਂ ਵੀ ਤਿਖੜਾ ਏ।
ਪੈਰ ਨਾ ਪੁੱਟ ਹੋਵੇ, ਪੈਂਡਾ ਜੋ ਬਿਖੜਾ ਏ।

ਗ਼ਮ ਜੋ ਦੇ ਗਇਓਂ, ਉਹ ਧਰਤੋਂ ਭਾਰਾ ਏ।
ਰੁੱਤ ਪ੍ਰੀਤਾਂ ਦੀ, ਪੀਂਘ ਦਰਖ਼ਤਾਂ 'ਤੇ।
ਕਿਸ ਪਲ ਤੁਰ ਤੂੰ ਗਇਓਂ, ਮੈਂ ਮਾਰੀ ਵਖਤਾਂ ਨੇ।
ਹੁਣ ਤਾਂ ਬਸ ਮਾਹੀਆ, ਗ਼ਮ ਦਾ ਹੀ ਹੁਲਾਰਾ ਏ।
ਮਿੱਠੇ ਤੇਰੇ ਬੋਲਾਂ ਨੂੰ, ਮੈਂ ਮਹਿਰਮ ਤਰਸ ਗਈ।
ਛਮ-ਛਮ ਅੱਖ ਰੋਵੇ, ਜਿਉਂ ਬਦਲੀ ਬਰਸ ਰਹੀ।
ਦਿਲ ਮੇਰਾ ਸ਼ੀਸ਼ੇ ਦਾ, ਹੋਇਆ ਪਾਰਾ-ਪਾਰਾ ਏ।
ਵਿਚ ਫੁਲਵਾੜੀ ਦੇ, ਫੁੱਲ ਸੰਗ ਭੌਰ ਫਿਰੇ।
ਵਿਚ ਬਰਸਾਤਾਂ ਦੇ, ਘਟਾ ਘਨਘੋਰ ਘਿਰੇ।
ਬਿਜਲੀ ਲਿਸ਼ਕੇ ਜਿਓਂ, ਤੇਰਾ ਲਿਸ਼ਕਾਰਾ ਏ।
ਅੱਲਿਆਂ ਜ਼ਖ਼ਮਾਂ ਦੀ, ਕੀ ਦੱਸ ਦਵਾ ਕਰਾਂ।
ਛਿੱਲ ਛਿੱਲ ਜਾਵਣ ਵੇ, ਜਿਉਂ ਤੈਨੂੰ ਯਾਦ ਕਰਾਂ।
ਲੱਖ ਮਸੀਹਿਆਂ ਦਾ, ਨਾ ਚੱਲਿਆ ਚਾਰਾ ਏ।
ਅਖੀਓਂ ਵਹਿ ਜੋ ਗਿਆ, ਉਹ ਅੱਥਰੂ ਖਾਰਾ ਏ।
ਤੇਰੀ ਯਾਦ ਚ ਆਇਆ ਜੋ, ਉਹ ਹੰਝ ਵੀ ਪਿਆਰਾ ਏ।

***-ਗੁਰਬਖ਼ਸ਼ ਸਿੰਘ 'ਨਾਕਾਮ'***
***+1 864 318 5500***

---

### ਸ਼ਰਧਾਂਜਲੀ

ਜਿੰਨਾ ਗਾਇਆ ਸੁਥਰਾ ਗਾਇਆ
ਨਾ ਗਾਇਆ ਗੀਤ ਕੋਈ ਗੰਦਾ ਸੀ
ਹੱਸਮੁਖ ਸੀ ਤੇ ਮਿੱਠ ਬੋਲੜਾ
ਨਾ ਕੌੜਾ ਸੀ ਨਾ ਮੰਦਾ ਸੀ।

ਉਚਾ ਕੱਦ ਸੁਨੱਖਾ ਗੱਭਰੂ
ਮਿਲਣਸਾਰ ਉਹ ਬੰਦਾ ਸੀ।
ਮਾਂ ਬੋਲੀ ਦਾ ਸੱਚਾ ਸੇਵਕ
ਸੁੱਚਿਆਂ ਗੀਤਾਂ ਦਾ ਧੰਦਾ ਸੀ।
ਉਹਦੇ ਲਈ ਅਰਦਾਸਾਂ ਕਰਦਾ
ਪੂਰਾ ਜਗਤ ਜਲੰਧਾ ਸੀ।
ਫਿਰ ਵੀ ਗਲ ਦੇ ਵਿਚ ਪੈ ਗਿਆ
ਚੰਦਰੀ ਮੌਤ ਦਾ ਫੰਦਾ ਸੀ।
ਚਰਨੀਂ ਰੱਬ ਨਿਵਾਸ ਦਵੇ
ਨਾ ਰਿਹਾ ਜੋ ਵੀਰ ਜਵੰਧਾ ਸੀ।
-ਨਿੰਮਾਂ ਡੱਲੇਵਾਲਾ

---

### ਪੰਜਾਬ

ਵੰਡਣ ਵਾਲਿਆਂ ਖ਼ੂਬ ਹੈ ਵੰਡਿਆ,
ਭੰਡਣ ਵਾਲਿਆਂ ਖ਼ੂਬ ਹੈ ਭੰਡਿਆ।
ਗੁਰਾਂ ਦੀ ਓਟ 'ਤੇ ਪੰਜਾਬ ਹੈ ਜਿਉਂਦਾ,
ਭਾਵੇਂ ਵਕਤ ਨੇ ਛੱਜ ਪਾ ਕੇ ਛੰਡਿਆ।
ਜ਼ੁਲਮ ਦਾ ਟਾਕਰਾ ਹੱਸ ਕੇ ਕਰਦਾ,
ਐਸਾ ਜਿਗਰਾ ਪਾ ਕੇ ਜੰਮਿਆ।
ਜੰਮਦਿਆਂ ਨੂੰ ਨਿੱਤ ਮੁਹਿੰਮਾਂ ਪੈ ਜਾਣ,
ਗੁਰਾਂ ਨੇ ਸਿੱਖ ਨੂੰ ਐਸਾ ਚੰਡਿਆ।
ਨਫ਼ਰਤ ਲਈ ਕੋਈ ਥਾਂ ਨਹੀਂ ਏਥੇ,
ਹਰ ਕੋਈ ਜ਼ੋਰ ਲਗਾ ਕੇ ਹੰਭਿਆ।
ਵੱਸਦਾ ਰਹੇ ਪੰਜਾਬ ਸਦਾ ਮੇਰਾ,
ਜਿਸਨੇ ਸਰਬੱਤ ਦਾ ਭਲਾ ਹੈ ਮੰਗਿਆ।

***-ਰਜਵਿੰਦਰ ਪਾਲ ਸ਼ਰਮਾ***
***ਫੋਨ: 70873-67969***

# ‘ਫਲਾਈਂਗ ਸੁਆਣੀ’ ਫੈਨੀ ਬਲੈਂਕਰਸਕੋਇਨ


ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661


ਨੀਦਰਲੈਂਡਜ਼ ਦੀ ‘ਡੱਚ ਸੁਆਣੀ’ ਫੈਨੀ ਨੇ 16 ਵਿਸ਼ਵ ਰਿਕਾਰਡ ਤੋੜੇ! ਉਹ ਅਥਲੈਟਿਕਸ ਦੇ 8 ਈਵੈਂਟ ਕਰਦੀ ਸੀ ਤੇ ਅੱਠਾਂ ਵਿਚ ਹੀ ਉਹਦੇ ਵਿਸ਼ਵ ਰਿਕਾਰਡ ਸਨ। ਉਹ ਇਕੋ ਓਲੰਪਿਕਸ ਵਿਚੋਂ 4 ਗੋਲਡ ਮੈਡਲ ਜਿੱਤਣ ਵਾਲੀ ਵਿਸ਼ਵ ਦੀ ਪਹਿਲੀ ਔਰਤ ਦੌੜਾਕ ਸੀ। ਇਹ ਜਲਵਾ ਉਸ ਨੇ 30 ਸਾਲਾਂ ਦੀ ਉਮਰੇ ਉਦੋਂ ਵਿਖਾਇਆ ਜਦੋਂ ਉਹ ਦੋ ਬੱਚਿਆਂ ਦੀ ਮਾਂ ਸੀ। ਪਿੱਛੋਂ ਪਤਾ ਲੱਗਾ ਸੀ ਕਿ ਓਲੰਪਿਕ ਖੇਡਾਂ ਦੌਰਾਨ ਉਹ ਗਰਭਵਤੀ ਸੀ। ਔਰਤਾਂ ਦੀ ਸਿਹਤ ਸੰਬੰਧੀ ਉਸ ਨੇ ਕਈ ਭਰਮ-ਭੁਲੇਖੇ ਦੂਰ ਕੀਤੇ। ਉਹ 6 ਈਵੈਂਟਾਂ ’ਚ ਭਾਗ ਲੈਣਾ ਚਾਹੁੰਦੀ ਸੀ ਪਰ ਉਦੋਂ ਦੇ ਓਲੰਪਿਕ ਨਿਯਮਾਂ ਅਨੁਸਾਰ ਔਰਤ ਅਥਲੀਟਾਂ ਨੂੰ ਵੱਧ ਤੋਂ ਵੱਧ 4 ਈਵੈਂਟਾਂ ’ਚ ਹੀ ਭਾਗ ਲੈਣ ਦੀ ਖੁੱਲ੍ਹ ਸੀ। ਜੇਕਰ 1940 ਤੇ 1944 ਦੀਆਂ ਓਲੰਪਿਕ ਖੇਡਾਂ ਦੂਜੀ ਵਿਸ਼ਵ ਜੰਗ ਦੀ ਭੇਟ ਨਾ ਚੜ੍ਹਦੀਆਂ ਤਾਂ ਉਸ ਦੇ ਗੋਲਡ ਮੈਡਲਾਂ ਦੀ ਗਿਣਤੀ ਦਰਜਨ ਤੋਂ ਵੀ ਵੱਧ ਹੁੰਦੀ।

ਲੰਡਨ-1948 ਦੀਆਂ ਓਲੰਪਿਕ ਖੇਡਾਂ ‘ਫੈਨੀ’ ਦੀਆਂ ਖੇਡਾਂ ਕਹੀਆਂ ਜਾਂਦੀਆਂ ਹਨ। ਉਥੇ ਉਸ ਨੇ 4 ਗੋਲਡ ਮੈਡਲ ਜਿੱਤੇ। ਜੇ ਉਦੋਂ 6 ਈਵੈਂਟਾਂ ਵਿਚ ਭਾਗ ਲੈਣ ਦੀ ਖੁੱਲ੍ਹ ਹੁੰਦੀ ਤਾਂ ਉਹ 6 ਗੋਲਡ ਮੈਡਲ ਵੀ ਜਿੱਤ ਸਕਦੀ ਸੀ। ਉਹ ਔਰਤ ਦੇ ਰੂਪ ਵਿਚ ਅਥਲੈਟਿਕਸ ਦੀ ਸ਼ਹਿਣੀ ਸੀ। ਵਿਸ਼ਵ ਦੀ ਉਹ ਪ੍ਰਥਮ ਔਰਤ ਸੀ ਜਿਸ ਨੇ ਇਕੋ ਓਲੰਪਿਕਸ ਵਿਚੋਂ4 ਸੋਨ ਤਗਮੇ ਜਿੱਤ ਕੇ ਦੁਨੀਆ ਵਿਚ ਬਹਿਜਾ-ਬਹਿਜਾ ਕਰਵਾ ਦਿੱਤੀ। ਜਦੋਂ ਉਹ ਦੌੜਦੀ ਤਾਂ ਉਸ ਦਾ ਪਤੀ ਤੇ ਦੋਵੇਂ ਬੱਚੇ ਉਸ ਨੂੰ ਹੱਲਾਸ਼ੇਰੀ ਦੇਣ ਲਈ ਸਟੇਡੀਅਮ ਵਿਚ ਹਾਜ਼ਰ ਹੁੰਦੇ। ਦੌੜ ਜਿੱਤ ਕੇ ਉਹ ਬੱਚਿਆਂ ਕੋਲ ਆਉਂਦੀ ਤੇ ਉਨ੍ਹਾਂ ਨੂੰ ਪਿਆਰਦੀ ਪੁਚਕਾਰਦੀ।

ਫੈਨੀ ਦਾ ਜਨਮ 26 ਅਪ੍ਰੈਲ 1918 ਨੂੰ ਬਾਰਨ ਨੇੜੇ ਲੈਗ ਵੂਰਚੇ, ਨੀਦਰਲੈਂਡਜ਼ ਵਿਚ ਹੋਇਆ ਸੀ ਤੇ ਮ੍ਰਿਤੂ 25 ਜਨਵਰੀ 2004 ਨੂੰ ਐਮਸਟਰਡਮ ਨੇੜੇ ਹੂਫਡੌਰਪ ਵਿਚ ਹੋਈ। ਉਹ ਆਲਰਾਊਂਡਰ ਖਿਡਾਰਨ ਸੀ ਅਤੇ 1935 ਤੋਂ ਅਥਲੈਟਿਕਸ ਮੁਕਾਬਲਿਆਂ ਵਿਚ ਭਾਗ ਲੈਣ ਲੱਗ ਪਈ ਸੀ। 18 ਸਾਲ ਦੀ ਉਮਰੇ ਉਹ ਬਰਲਿਨ ਦੀਆਂ ਓਲੰਪਿਕ ਖੇਡਾਂ-1936 ’ਚ ਭਾਗ ਲੈਣ ਲਈ ਨੀਦਰਲੈਂਡਜ਼ ਦੀ ਟੀਮ ਵਿਚ ਚੁਣੀ ਗਈ ਸੀ ਪਰ ਕੋਈ ਮੈਡਲ ਨਹੀਂ ਸੀ ਜਿੱਤ ਸਕੀ। 1940 ਦੀਆਂ ਓਲੰਪਿਕ ਖੇਡਾਂ ’ਚ ਜਦੋਂ ਉਹ 6 ਮੈਡਲ ਜਿੱਤਣ ਦੀਆਂ ਤਿਆਰੀਆਂ ’ਚ ਜੁਟੀ ਹੋਈ ਸੀ ਤਦ ਦੂਜੀ ਵਿਸ਼ਵ ਜੰਗ ਲੱਗਣ ਕਾਰਨ ਓਲੰਪਿਕ ਖੇਡਾਂ ਮਨਸੂਖ਼ ਹੋ ਗਈਆਂ ਸਨ।

1940 ਦੀਆਂ ਓਲੰਪਿਕ ਖੇਡਾਂ ਟੋਕੀਓ ਨੇ ਕਰਵਾਉਣੀਆਂ ਸਨ। ਪਰ ਦੂਜੇ ਮਹਾਂਯੁੱਧ ਦੇ ਆਸਾਰ ਵੇਖਦਿਆਂ 1938 ਵਿਚ ਹੀ ਜਪਾਨ ਨੇ ਆਪਣੀ ਅਸਮਰੱਥਾ ਪਰਗਟਾ ਦਿੱਤੀ ਸੀ। ਫਿਰ ਖੜ੍ਹੇ ਪੈਰ ਉਹ ਖੇਡਾਂ ਹੈਲਸਿੰਕੀ ਦੇ ਹਵਾਲੇ ਕਰ ਦਿੱਤੀਆਂ ਸਨ। ਹੈਲਸਿੰਕੀ ਓਲੰਪਿਕ ਖੇਡਾਂ ਕਰਾਉਣ ਦੀ ਤਿਆਰੀ ਕਰ ਹੀ ਰਿਹਾ ਸੀ ਕਿ 1939 ਵਿਚ ਦੂਜੀ ਵਿਸ਼ਵ ਜੰਗ ਛਿੜ ਪਈ ਜਿਸ ਕਰਕੇ ਓਲੰਪਿਕ ਖੇਡਾਂ ਖੂਹ ਖਾਤੇ ਪੈ ਗਈਆਂ। 1944 ਦੀਆਂ ਓਲੰਪਿਕ ਖੇਡਾਂ ਲੰਡਨ ਨੂੰ ਸੌਂਪੀਆਂ ਗਈਆਂ ਪਰ ਜੰਗ ਉਦੋਂ ਤਕ ਵੀ ਨਾ ਮੁੱਕੀ ਜਿਸ ਕਰਕੇ ਉਹ ਖੇਡਾਂ ਵੀ ਨਾ ਹੋ ਸਕੀਆਂ। ਇਹ ਉਹ ਸਮਾਂ ਸੀ ਜਦੋਂ ਫੈਨੀ ਆਪਣੇ ਭਰ ਜੋਬਨ ’ਤੇ ਸੀ ਤੇ ਬਿਹਤਰ ਕਾਰਗੁਜ਼ਾਰੀ ਵਿਖਾ ਸਕਦੀ ਸੀ।

1945 ਵਿਚ ਜੰਗ ਹਟੀ ਤਾਂ 1948 ਦੀਆਂ 14ਵੀਆਂ ਓਲੰਪਿਕ ਖੇਡਾਂ ਬਾਰਾਂ ਸਾਲ ਬਾਅਦ ਲੰਡਨ ਵਿਖੇ ਹੋਈਆਂ। ਉਥੇ ਭਾਰਤ ਤੇ ਪਾਕਿਸਤਾਨ ਪਹਿਲੀ ਵਾਰ ਆਜ਼ਾਦ ਮੁਲਕਾਂ ਵਜੋਂ ਓਲੰਪਿਕ ਖੇਡਾਂ ਵਿਚ ਸ਼ਾਮਲ ਹੋਏ। ਖੇਡਾਂ ਦਾ ਉਦਘਾਟਨ ਕਿੰਗ ਜਾਰਜ ਛੇਵੇਂ ਨੇ ਕੀਤਾ। ਉਦਘਾਟਨ ਸਮੇਂ 83 ਹਜ਼ਾਰ ਦਰਸ਼ਕ ਵੈਂਬਲੇ ਸਟੇਡੀਅਮ ਵਿਚ ਮੌਜੂਦ ਸਨ। ਪਰ ਜਰਮਨੀ ਤੇ ਜਪਾਨ ਦੇ ਖਿਡਾਰੀ ਉਨ੍ਹਾਂ ਖੇਡਾਂ ਵਿਚ ਸ਼ਾਮਲ ਨਾ ਹੋਏ। ਉਦੋਂ ਲੱਖਾਂ ਜੁਆਨ ਜੰਗ ਦੀ ਭੇਟ ਚੜ੍ਹ ਚੁੱਕੇ ਸਨ ਇਸ ਲਈ ਖੇਡਾਂ ਦੀਆਂ ਤਿਆਰੀਆਂ ਦਾ ਢੁੱਕਵਾਂ ਮਾਹੌਲ ਨਹੀਂ ਸੀ ਬਣਿਆ। ਸਾਰਾ



ਯੂਰਪ ਦੂਜੀ ਵਿਸ਼ਵ ਜੰਗ ਨੇ ਉਜਾੜ ਦਿੱਤਾ ਸੀ। ਬਾਰਾਂ ਸਾਲਾਂ ਤੋਂ ਓਲੰਪਿਕ ਖੇਡਾਂ ਉਡੀਕਦੀ ਫੈਨੀ ਲਈ ਮਸ਼ੀਂ ਓਲੰਪਿਕ ਖੇਡਾਂ ਆਈਆਂ ਸਨ।

ਫੈਨੀ 18ਵੇਂ ਸਾਲ ’ਚ ਸੀ ਜਦੋਂ ਬਰਲਿਨ ਦੀਆਂ ਓਲੰਪਿਕ ਖੇਡਾਂ ਵਿਚ ਸ਼ਾਮਲ ਹੋਈ ਸੀ। ਲੰਡਨ ਦੀਆਂ ਓਲੰਪਿਕ ਖੇਡਾਂ ਵੇਲੇ ਉਹ 30 ਸਾਲਾਂ ਦੀ ਘਰੇਲੂ ਸੁਆਣੀ ਤੇ ਦੋ ਬੱਚਿਆਂ ਦੀ ਮਾਂ ਬਣ ਚੁੱਕੀ ਸੀ। ਅਜਿਹੀ ਅਵਸਥਾ ਵਿਚ ਓਲੰਪਿਕ ਖੇਡਾਂ ’ਚੋਂ ਮੈਡਲ ਜਿੱਤਣੇ ਬੇਸ਼ੱਕ ਔਖੇ ਸਨ ਪਰ ਉਸ ਨੇ 100 ਮੀਟਰ ਦੀ ਦੌੜ 11.9 ਸੈਕੰਡ, 80 ਮੀਟਰ ਹਰਡਲਜ਼ ਦੌੜ 12.02 ਸੈਕੰਡ, 200 ਮੀਟਰ ਦੌੜ 24.3 ਸੈਕੰਡ ਤੇ 4+100 ਰਿਲੇਅ ਦੌੜ 47.6 ਸੈਕੰਡ ਵਿਚ ਦੌੜ ਕੇ 4 ਸੋਨ ਤਗਮੇ ਜਿੱਤੇ ਜੋ ਸਭ ਤੋਂ ਵੱਧ ਸਨ। ਇਸੇ ਲਈ ਲੰਡਨ ਦੀਆਂ ਓਲੰਪਿਕ ਖੇਡਾਂ ਫੈਨੀ ਬਲੈਂਕਰਸ ਦੀਆਂ ਖੇਡਾਂ ਕਹੀਆਂ ਜਾਂਦੀਆਂ ਹਨ।

ਫੈਨੀ ਦਾ ਪਿਤਾ ਅਰਨੋਲਡਸ ਖ਼ੁਦ ਅਥਲੀਟ ਸੀ। ਉਹ ਗੋਲਾ ਤੇ ਡਿਸਕਸ ਸੁੱਟਿਆ ਕਰਦਾ ਸੀ। ਫੈਨੀ ਦੀ ਮਾਤਾ ਹੈਲੇਨਾ ਵੀ ਖੇਡਾਂ ’ਚ ਦਿਲਚਸਪੀ ਰੱਖਦੀ ਸੀ। ਉਨ੍ਹਾਂ ਦੇ ਪੰਜ ਪੁੱਤਰ ਤੇ ਇਕੋ ਧੀ ਸੀ। ਫੈਨੀ ਪਹਿਲਾਂ ਟੈਨਿਸ ’ਚ ਦਿਲਚਸਪੀ ਲੈਣ ਲੱਗੀ ਸੀ ਫਿਰ ਤੈਰਾਕੀ ਤੇ ਜਿਮਨਾਸਟਿਕ ਵਿਚ। ਉਹ ਦੁਚਿੱਤੀ ਵਿਚ ਸੀ ਕਿ ਕਿਹੜੀ ਖੇਡ ਅਪਨਾਵੇ? ਫੈਨੀ ਨੂੰ ਅਥਲੀਟ ਬਣਨ ਦੀ ਸਲਾਹ ਉਹਦੇ ਤੈਰਾਕੀ ਦੇ ਕੋਚ ਨੇ ਹੀ ਦਿੱਤੀ ਸੀ। ਅੱਲ੍ਹੜ ਅਵਸਥਾ ਵਿਚ ਉਹ ਵੇਲ ਵਾਂਗ ਵਧ ਰਹੀ ਸੀ ਤੇ ਉਹਦਾ ਕੱਦ 5 ਫੁੱਟ 9 ਇੰਚ ਹੋ ਗਿਆ ਸੀ। ਸਾਫ ਦਿਸਣ ਲੱਗ ਪਿਆ ਸੀ ਕਿ ਉਹ ਚੋਟੀ ਦੀ ਅਥਲੀਟ ਬਣੇਗੀ। ਫੈਨੀ 17 ਸਾਲਾਂ ਦੀ ਸੀ ਜਦੋਂ ਪਹਿਲੀ ਵਾਰ ਦੌੜ ਮੁਕਾਬਲਿਆਂ ’ਚ ਸ਼ਾਮਲ ਹੋਈ। ਉਸ ਨੇ ਪੈਂਦੀ ਸੱਟੇ 800 ਮੀਟਰ ਦੌੜ ਦਾ ਨਵਾਂ ਨੈਸ਼ਨਲ ਰਿਕਾਰਡ ਰੱਖ ਦਿੱਤਾ। ਉਦੋਂ ਔਰਤਾਂ ਲਈ ਇਹ ਸਭ ਤੋਂ ਲੰਮੀ ਦੌੜ ਹੁੰਦੀ ਸੀ। ਪਰ 1928 ਦੀਆਂ ਓਲੰਪਿਕ ਖੇਡਾਂ ਸਮੇਂ 800 ਮੀਟਰ ਦੀ ਦੌੜ ’ਚ ਕੁਝ ਬੀਬੀਆਂ ਦੇ ਬੇਹੋਸ਼ ਹੋ ਕੇ ਡਿੱਗਣ ਕਾਰਨ 1932 ਦੀਆਂ ਓਲੰਪਿਕ ਖੇਡਾਂ ’ਚੋਂ 800 ਮੀਟਰ ਦੀ ਦੌੜ ਹਟਾ ਲਈ ਗਈ ਸੀ।

1928 ਦੀਆਂ ਓਲੰਪਿਕ ਖੇਡਾਂ ਵਿਚ ਜਾਨ ਬਲੈਂਕਰਸ ਨੇ ਤੀਹਰੀ ਛਾਲ ਲਾਉਣ ’ਚ ਭਾਗ ਲਿਆ ਸੀ। 1936 ਤੋਂ ਪਹਿਲਾਂ ਉਹ ਫੈਨੀ ਦਾ ਦੋਸਤ ਬਣ ਗਿਆ ਸੀ। ਉਸ ਨੇ ਫੈਨੀ ਨੂੰ ਸਲਾਹ ਦਿੱਤੀ ਕਿ ਉਹ ਉੱਚੀ ਛਾਲ ਤੇ 4+100 ਮੀਟਰ ਰਿਲੇਅ ਦੌੜ ਦੇ ਹੀ ਟ੍ਰਾਇਲ ਦੇਵੇ। ਉਸ ਨੇ ਉਵੇਂ ਹੀ ਕੀਤਾ ਤੇ ਬਰਲਿਨ ਦੀਆਂ ਓਲੰਪਿਕ ਖੇਡਾਂ ਲਈ ਨੀਦਰਲੈਂਡਜ਼ ਦੀ ਅਥਲੈਟਿਕ ਟੀਮ ਵਿਚ ਚੁਣੀ ਗਈ ਪਰ ਕੋਈ ਮੈਡਲ ਨਾ ਜਿੱਤ ਸਕੀ। 1938 ਦਾ ਸਾਲ ਉਹਦੇ ਲਈ ਏਨਾ ਭਾਗਾਂ ਵਾਲਾ ਰਿਹਾ ਕਿ ਉਸ ਨੇ ਇਕ ਅੰਤਰਰਾਸ਼ਟਰੀ ਮੁਕਾਬਲੇ ਵਿਚ 100 ਗਜ਼ ਦੀ ਦੌੜ ਦਾ ਨਵਾਂ ਵਿਸ਼ਵ ਰਿਕਾਰਡ ਰੱਖ ਦਿੱਤਾ! ਭਵਿੱਖ ਬਾਣੀਆਂ ਹੋਣ ਲੱਗ ਪਈਆਂ ਕਿ 1940 ਦੀਆਂ ਓਲੰਪਿਕ ਖੇਡਾਂ ਫੈਨੀ ਦੀਆਂ ਖੇਡਾਂ ਹੋਣਗੀਆਂ। ਪਰ 1939 ’ਚ ਲੱਗੀ ਵਿਸ਼ਵ ਜੰਗ ਨੇ 1940 ਦੀਆਂ ਓਲੰਪਿਕ ਖੇਡਾਂ ਹੋਣ ਹੀ ਨਾ ਦਿੱਤੀਆਂ।

ਓਲੰਪਿਕ ਖੇਡਾਂ ਦੀ ਝਾਕ ਮੁੱਕ ਜਾਣ ਨਾਲ 1940 ਵਿਚ ਫੈਨੀ ਦਾ ਵਿਆਹ ਉਹਦੇ ਅਥਲੈਟਿਕਸ ਦੇ ਕੋਚ ਬਣੇ ਜਾਨ ਬਲੈਂਕਰਸ ਨਾਲ ਹੋ ਗਿਆ ਜੋ ਉਸ ਤੋਂ ਕਾਫੀ ਵੱਡਾ ਸੀ। ਜਾਨ ਉਦੋਂ ਨੀਦਰਲੈਂਡਜ਼ ਦੀਆਂ ਅਥਲੀਟ ਕੁੜੀਆਂ ਦਾ ਕੋਚ ਤੇ ਖੇਡ ਪੱਤਰਕਾਰ ਸੀ। ਵਿਆਹ ਪਿੱਛੋਂ ਫੈਨੀ ਦਾ ਨਾਂ ਫੈਨੀ ਬਲੈਂਕਰਸ ਕੋਇਨ ਵੱਜਣ ਲੱਗਾ। ਉਹੀ ਕੋਚ ਜੋ 800 ਮੀਟਰ ਦੀ ਦੌੜ ਔਰਤਾਂ ਲਈ ਘਾਤਕ ਸਮਝਦਾ ਸੀ, ਫੈਨੀ ਨਾਲ ਵਿਆਹ ਕਰਵਾਉਣ ਪਿੱਛੋਂ ਕਹਿਣ ਲੱਗ ਪਿਆ ਕਿ ਔਰਤਾਂ ਲਈ 800 ਮੀਟਰ ਦੌੜ ਸੁਰੱਖਿਅਤ ਹੈ। ਬਾਅਦ ਵਿਚ ਤਾਂ ਔਰਤਾਂ 42 ਕਿਲੋਮੀਟਰ ਦੀ ਮੈਰਾਥਨ ਦੌੜ ਵੀ ਲਾਉਣ ਲੱਗ ਪਈਆਂ। ਹੁਣ ਔਰਤਾਂ ਉਹ ਸਾਰੇ ਈਵੈਂਟ ਕਰਦੀਆਂ ਹਨ ਜੋ ਮਰਦ ਕਰਦੇ ਹਨ।

ਵਿਆਹ ਉਪਰੰਤ ਫੈਨੀ ਨੇ 1942 ਵਿਚ ਪਲੇਠੇ ਬੱਚੇ ਨੂੰ ਜਨਮ ਦਿੱਤਾ ਜਿਸ ਦਾ ਨਾਂ ਜਾਨ ਜੂਨੀਅਰ ਰੱਖਿਆ ਗਿਆ। ਬੱਚੇ ਦੇ ਜਨਮ ਤੋਂ ਕੁਝ ਹਫਤਿਆਂ ਬਾਅਦ ਹੀ ਫੈਨੀ ਮੁੜ ਟ੍ਰੈਕ ’ਤੇ ਦੌੜਨ ਅਤੇ ਪਿੱਚ ’ਚ ਛਾਲਾਂ ਲਾਉਣ ਲੱਗੀ ਜੋ ਉਨ੍ਹੀਂ ਦਿਨੀਂ ਅਲੋਕਾਰ ਗੱਲ ਸੀ। ਮਾਂ ਬਣ ਕੇ ਉਸ ਨੇ 1942-44 ਦੌਰਾਨ 6 ਨਵੇਂ ਵਿਸ਼ਵ ਰਿਕਾਰਡ ਰੱਖੇ ਜਿਨ੍ਹਾਂ ’ਚੋਂ ਇਕ ਰਿਕਾਰਡ 1954 ਤਕ ਅਟੁੱਟ ਰਿਹਾ।

1945 ਵਿਚ ਜਦੋਂ ਜੰਗ ਕਾਰਨ ਨੀਦਰਲੈਂਡਜ਼ ਵਿਚ ਕਾਲ ਪਿਆ ਹੋਇਆ ਸੀ ਉਦੋਂ ਫੈਨੀ ਨੇ ਧੀ ਨੂੰ ਜਨਮ ਦਿੱਤਾ ਜਿਸ ਦਾ ਨਾਂ ਫੈਨਕ ਰੱਖਿਆ ਗਿਆ। ਦੂਜੇ ਬੱਚੇ ਦੇ ਜਨਮ ਤੋਂ 7 ਮਹੀਨਿਆਂ ਬਾਅਦ ਉਹ ਮਸ਼ੀਂ ਟ੍ਰੇਨਿੰਗ ਕਰਨ ਜੋਗੀ ਹੋਈ। ਫੈਨੀ ਫਿਰ 1946-47 ਦੀ ਸਰਬੋਤਮ ਅਥਲੀਟ ਮੰਨੀ ਜਾਣ ਲੱਗੀ ਤੇ ਉਸ ਦਾ ਨਾਂ ‘ਫਲਾਈਂਗ ਡੱਚ ਸੁਆਣੀ’ ਗੂੰਜਣ ਲੱਗਾ। 1947 ਵਿਚ ਉਸ ਨੇ ਨੀਦਰਲੈਂਡਜ਼ ਦੇ 6 ਕੌਮੀ ਟਾਈਟਲ ਜਿੱਤੇ। ਉਦੋਂ ਉਹ 1948 ਵਿਚ ਹੋ ਰਹੀਆਂ ਓਲੰਪਿਕ ਖੇਡਾਂ ਲਈ ਪੂਰੀ ਤਰ੍ਹਾਂ ਤਿਆਰ ਸੀ।

ਉਂਜ ਤਾਂ ਉਹ 2 ਛਾਲਾਂ ਤੇ 4 ਦੌੜਾਂ ਦੇ ਕੁਲ 6 ਈਵੈਂਟਾਂ ਵਿਚ ਭਾਗ ਲੈਣਾ ਚਾਹੁੰਦੀ ਸੀ ਪਰ ਆਗਿਆ ਚਾਰ ਦੌੜਾਂ ਦੀ ਹੀ ਸੀ। ਉਨ੍ਹਾਂ ਵਿਚ 3 ਵਿਅਕਤੀਗਤ ਸਨ ਤੇ ਇਕ ਰਿਲੇਅ ਰੇਸ ਸੀ। ਉਸ ਵੇਲੇ 6 ਵਿਸ਼ਵ ਰਿਕਾਰਡ ਉਹਦੇ ਨਾਂ ਸਨ। ਕੁਝ ਖੇਡ ਪੱਤਰਕਾਰ ਤੇ ਕੋਚ ਸਲਾਹਾਂ ਦੇ ਰਹੇ ਸਨ ਕਿ ਦੋ ਬੱਚਿਆਂ ਦੀ ਮਾਂ ਤੇ ਗਰਭਵਤੀ ਔਰਤ ਖੇਡ ਮੁਕਾਬਲਿਆਂ ਵਿਚ ਭਾਗ ਨਾ ਲਵੇ। ਬ੍ਰਿਟਿਸ਼ ਟੀਮਾਂ ਦੇ ਮੈਨੇਜਰ ਰਹੇ ਜੈਕ ਕਰੰਪ ਨੇ ਤਾਂ ਇਥੋਂ ਤਕ ਕਹਿ ਦਿੱਤਾ ਸੀ ਕਿ ਫੈਨੀ ਹੁਣ ਬਾਲ ਬੱਚੇ ਪਾਲੇ ਤੇ ਪਰਿਵਾਰ ਵੱਲ ਧਿਆਨ ਦੇਵੇ। ਪਰ ਉਸ ਨੂੰ 12 ਸਾਲਾਂ ਦੀ ਉਡੀਕ ਪਿੱਛੋਂ ਮਸ਼ੀਂ ਓਲੰਪਿਕ ਖੇਡਾਂ ’ਚ ਭਾਗ ਲੈਣ ਦਾ ਮੌਕਾ ਮਿਲਿਆ ਸੀ।

ਲੰਡਨ ਦੀਆਂ ਓਲੰਪਿਕ ਖੇਡਾਂ ਵਿਚ ਉਹ 100 ਮੀਟਰ ਦੌੜ ਦੇ ਫਾਈਨਲ ਵਿਚ ਪਹੁੰਚ ਗਈ। ਫਾਈਨਲ ਦੌੜ ਕਣੀਆਂ ਨਾਲ ਗਿੱਲੇ ਹੋਏ ਟ੍ਰੈਕ ਉਤੇ ਹੋਈ। ਮੌਰੀਨ ਗਾਰਡਨਰ ਨਾਲ ਖਹਿਵੇਂ ਮੁਕਾਬਲੇ ਵਿਚ ਉਹ ਦੌੜ ਫੈਨੀ ਨੇ 11.2 ਸੈਕੰਡ ਵਿਚ ਮਸ਼ੀਂ ਜਿੱਤੀ। ਫੈਨੀ ਪਹਿਲੀ ਡੱਚ ਅਥਲੀਟ ਸੀ ਜੋ ਓਲੰਪਿਕ ਖੇਡਾਂ ਵਿਚ 100 ਮੀਟਰ ਦੀ ਦੌੜ ’ਚ ਏਡਾ ਵੱਡਾ ਮਾਅਰਕਾ ਮਾਰ ਸਕੀ। ਉਸ ਪਿੱਛੋਂ ਫੈਨੀ ਨੇ 80 ਮੀਟਰ ਹਰਡਲਜ਼ ਦੌੜ ਵੀ ਜਿੱਤ ਲਈ। 200 ਮੀਟਰ ਦੀ ਦੌੜ ਉਹਦੇ ਲਈ ਜਿਊਣ ਮਰਨ ਦਾ ਸਵਾਲ ਸੀ। ਬੱਚਿਆਂ ਖ਼ਾਤਰ ਉਹ ਦੌੜ ਛੱਡਣਾ ਚਾਹੁੰਦੀ ਪਰ ਉਹਦੇ ਕੋਚ ਪਤੀ ਨੇ ਦੌੜ ਲਵਾ ਹੀ ਦਿੱਤੀ। ਉਸ ਵਿਚ ਵੀ ਉਹ ਜੇਤੂ ਰਹੀ। 4+100 ਮੀਟਰ ਰਿਲੇਅ ਦੌੜ ਜਿੱਤਣ ਨਾਲ ਫੈਨੀ ਦੇ 4 ਗੋਲਡ ਮੈਡਲ ਹੋ ਗਏ। 30 ਸਾਲ ਦੀ ਉਮਰੇ ਫੈਨੀ ਦੀ ਐਡੀ ਵੱਡੀ ਪ੍ਰਾਪਤੀ ਨਾਲ ਉਹਦੇ ਚਰਚੇ ਕੁਲ ਦੁਨੀਆ ਵਿਚ ਹੋਣ ਲੱਗੇ। ਜੇ 1940 ਤੇ 1944 ਦੀਆਂ ਓਲੰਪਿਕ ਖੇਡਾਂ ਹੋ ਜਾਂਦੀਆਂ ਤਾਂ ਫੈਨੀ ਦੇ ਗੋਲਡ ਮੈਡਲ ਦਰਜਨ ਤੋਂ ਵੀ ਟੱਪ ਜਾਂਦੇ।

1948 ਦੀਆਂ ਓਲੰਪਿਕ ਖੇਡਾਂ ਵਿਚ ਔਰਤਾਂ ਦੀ ਅਥਲੈਟਿਕਸ ਦੇ ਕੁਲ 9 ਈਵੈਂਟ ਸਨ ਜਿਨ੍ਹਾਂ ’ਚੋਂ 4 ਈਵੈਂਟ ਫੈਨੀ ਨੇ ਜਿੱਤੇ। ਇਹ ਸਾਰਾ ਕੁਝ 8 ਦਿਨਾਂ ’ਚ ਹੋਇਆ। ਜਦੋਂ ਉਹ ਲੰਡਨ ਓਲੰਪਿਕਸ ਤੋਂ ਵਾਪਸ ਆਪਣੇ ਘਰ ਮੁੜੀ ਤਾਂ ਉਹਦੇ ਦੇਸ਼ ਵਾਸੀਆਂ ਨੇ ‘ਨੀਦਰਲੈਂਡਜ਼ ਦੀ ਸ਼ਾਨ’ ਬਣੀ ਫੈਨੀ ਦਾ ਭਰਵਾਂ ਸਵਾਗਤ ਕੀਤਾ। ਉਸ ਨੂੰ ਚਾਰ ਚਿੱਟੇ ਘੋੜਿਆਂ ਵਾਲੀ ਬੱਘੀ ’ਤੇ ਬਿਠਾ ਸ਼ਹਿਰ ਵਿਚ ਲਿਜਾਇਆ ਗਿਆ। ਸ਼ਹਿਰ ਦੇ ਲੋਕਾਂ ਵੱਲੋਂ ਉਸ ਨੂੰ ਫੁੱਲਾਂ ਦੇ ਹਾਰਾਂ ਨਾਲ ਲੱਦ ਦਿੱਤਾ ਗਿਆ। ਮਹਾਰਾਣੀ ਜੂਲਿਆਨਾ ਨੇ ਫੈਨੀਬਲੈਂਕਰਸ ਕੋਇਨ ਨੂੰ ‘ਆਰਡਰ ਆਫ਼ ਓਰੇਂਜ ਨਸੌਅ’ ਨਾਲ ਸਨਮਾਨਿਆ। ਫਿਰ ਫੈਨੀ ਨੇ 5 ਯੂਰਪੀ ਟਾਈਟਲ ਵੀ ਜਿੱਤੇ ਤੇ 33 ਸਾਲ ਦੀ ਉਮਰੇ ਪੈਂਟੈਥਲੋਨ ਦੇ ਵਿਸ਼ਵ ਰਿਕਾਰਡ ਦੀ ਬਰਾਬਰੀ ਕਰ ਕੇ 1955 ਵਿਚ ਉਹ ਸਰਗਰਮ ਖੇਡ ਮੁਕਾਬਲਿਆਂ ਤੋਂ ਰਿਟਾਇਰ ਹੋਈ। ਉਸ ਨੇ ਸਿੱਧ ਕੀਤਾ ਕਿ ਔਰਤਾਂ ਮਾਵਾਂ ਬਣ ਕੇ ਵੀ ਮਰਦਾਂ ਵਾਂਗ ਸਖ਼ਤ ਤੋਂ ਸਖ਼ਤ ਖੇਡ ਮੁਕਾਬਲੇ ਜਿੱਤ ਸਕਦੀਆਂ ਹਨ।

1999 ਵਿਚ ਫੈਨੀ ਨੂੰ ਇੰਟਰਨੈਸ਼ਨਲ ਐਸੋਸੀਏਸ਼ਨ ਆਫ਼ ਅਥਲੈਟਿਕਸ ਫੈਡਰੇਸ਼ਨਜ਼ ਵੱਲੋਂ ‘ਫੀਮੇਲ ਅਥਲੀਟ ਆਫ਼ ਦੀ ਸੈਂਚਰੀ’ ਦਾ ਸਨਮਾਨ ਦਿੱਤਾ ਗਿਆ। **ਲੰਡਨ ਦੀਆਂ ਓਲੰਪਿਕ ਖੇਡਾਂ ਪਿੱਛੋਂ ਫੈਨੀ ਨੂੰ ਕੰਪਨੀਆਂ ਵੱਲੋਂ ਐਡ ਕਰਨ ਦੀਆਂ ਬੜੀਆਂ ਪੇਸ਼ਕਸ਼ਾਂ ਹੋਈਆਂ ਪਰ ਸ਼ੌਕੀਆ ਖੇਡਾਂ ਦੇ ਨਿਯਮਾਂ ਅਨੁਸਾਰ ਉਸ ਨੇ ਕਿਸੇ ਕੰਪਨੀ ਨਾਲ ਵੀ ਸੌਦਾ ਨਾ ਕੀਤਾ। 1949 ਵਿਚ ਉਹ ਔਰਤਾਂ ਦੀ ਅਥਲੈਟਿਕਸ ਨੂੰ ਪ੍ਰਮੋਟ ਕਰਨ ਲਈ ਆਸਟ੍ਰੇਲੀਆ ਤੇ ਅਮਰੀਕਾ ਗਈ। ਉਸੇ ਸਾਲ ਬ੍ਰੱਸਲਜ਼ ਵਿਚ ਹੋਈ ਯੂਰਪੀ ਚੈਂਪੀਅਨਸ਼ਿਪ ਵਿਚ ਫੈਨੀ ਨੇ 100 ਮੀਟਰ, 200 ਮੀਟਰ ਤੇ 80 ਮੀਟਰ ਹਰਡਲਜ਼ ਦੇ ਟਾਈਟਲ ਜਿੱਤੇ।**

34 ਸਾਲ ਦੀ ਉਮਰੇ ਉਸ ਨੇ ਹੈਲਸਿੰਕੀ ਦੀਆਂ ਓਲੰਪਿਕ ਖੇਡਾਂ ਵਿਚ ਭਾਗ ਲਿਆ ਪਰ ਕੋਈ ਤਗਮਾ ਨਾ ਜਿੱਤ ਸਕੀ। 7 ਅਗਸਤ 1955 ਨੂੰ ਉਸ ਨੇ ਗੋਲਾ ਸੁੱਟਣ ਦੇ ਮੁਕਾਬਲੇ ਵਿਚ ਨੀਦਰਲੈਂਡਜ਼ ਦਾ 58ਵਾਂ ਕੌਮੀ ਟਾਈਟਲ ਜਿੱਤ ਕੇ ਰਿਟਾਇਰਮੈਂਟ ਲੈ ਲਈ। ਫਿਰ ਉਹ 1958 ਦੀ ਯੂਰਪੀ ਚੈਂਪੀਅਨਸ਼ਿਪਸ ਤੋਂ ਲੈ ਕੇ 1968 ਦੀਆਂ ਓਲੰਪਿਕ ਖੇਡਾਂ ਤਕ ਡੱਚ ਅਥਲੈਟਿਕਸ ਟੀਮ ਦੀ ਅਗਵਾਈ ਕਰਦੀ ਰਹੀ। 1977 ਵਿਚ ਉਸ ਦਾ ਪਤੀ ਜਾਨ ਬਲੈਂਕਰਸ ਗੁਜ਼ਰ ਗਿਆ ਅਤੇ ਉਹ ਆਪਣੇ ਪੁਰਾਣੇ ਘਰ ਹੂਫਡੋਰਪ ਚਲੀ ਗਈ। 1981 ਤੋਂ ਫੈਨੀ ਬਲੈਂਕਰਸ-ਕੋਇਨ ਖੇਡਾਂ ਸ਼ੁਰੂ ਕੀਤੀਆਂ ਗਈਆਂ ਜੋ ਹਰ ਸਾਲ ਹੋ ਰਹੀਆਂ ਹਨ। 1999 ਵਿਚ ਮੋਨਾਕੋ ਵਿਖੇ ਇੰਟਰਨੈਸ਼ਨਲ ਐਸੋਸੀਏਸ਼ਨ ਆਫ਼ ਅਥਲੈਟਿਕਸ ਫੈਡਰੇਸ਼ਨਜ਼ ਨੇ ਫੈਨੀ ਨੂੰ ‘ਫੀਮੇਲ ਅਥਲੀਟ ਆਫ਼ ਦਾ ਸੈਂਚਰੀ’ ਦਾ ਸਨਮਾਨ ਦਿੱਤਾ।

ਆਖ਼ਰੀ ਉਮਰੇ ਉਹ ਭੁੱਲਣ ਰੋਗ ਦੀ ਸ਼ਿਕਾਰ ਹੋ ਗਈ ਸੀ ਅਤੇ ਸੁਣਨ ਵੀ ਉੱਚਾ ਲੱਗ ਪਿਆ ਸੀ। ਆਖ਼ਰ 25 ਜਨਵਰੀ 2004 ਨੂੰ ਉਹ ਚਲਾਣਾ ਕਰ ਗਈ। 1949 ਵਿਚ ਫੈਨੀ ਨੇ ਆਪਣੇ ਪਤੀ ਜਾਨ ਬਲੈਂਕਰਸ ਦੀ ਮਦਦ ਨਾਲ ਆਪਣੀ ਸਵੈ-ਜੀਵਨੀ ਲਿਖੀ ਸੀ। ਮੌਤ ਤੋਂ ਇਕ ਸਾਲ ਪਹਿਲਾਂ ਪੱਤਰਕਾਰ ਕੀਸ ਕੂਮਨ ਨੇ ਉਹਦੀ ਜੀਵਨੀ ‘ਕੁਈਨ ਵਿਦ ਮੈਨਜ਼ ਲੈੱਗਜ਼’ ਲਿਖੀ। 1968 ਵਿਚ ਮੰਗੋਲੀਆ ਨੇ ਫੈਨੀ ਦੀ ਤਸਵੀਰ ਵਾਲੀਆਂ ਡਾਕ ਟਿਕਟਾਂ ਜਾਰੀ ਕੀਤੀਆਂ। ਬੜਾ ਮਾਣ ਸਨਮਾਨ ਮਿਲਿਆ ਨੀਦਰਲੈਂਡਜ਼ ਦੀ ‘ਫਲਾਈਂਗ ਸੁਆਣੀ’ ਨੂੰ। ਪਰ ਫੈਨੀ ਅਖ਼ੀਰਲੇ ਦਮ ਤਕ ਝੁਰਦੀ ਰਹੀ ਕਿ ਦੂਜੀ ਵਿਸ਼ਵ ਜੰਗ ਨੇ ਉਹਤੋਂ ਦੋ ਓਲੰਪਿਕ ਖੇਡਾਂ ਖੋਹ ਲਈਆਂ ਜਿਨ੍ਹਾਂ ’ਚੋਂ ਪਤਾ ਨਹੀਂ ਉਸ ਨੇ ਕਿੰਨੇ ਗੋਲਡ ਮੈਡਲ ਜਿੱਤਣੇ ਸਨ?

# ਗਲਤੀ ਦੀ ਗੁੰਜਾਇਸ਼ ਕੋਈ ਨੀਂ...


ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ


ਗਲਤੀ ਇੱਕ ਦੀ ਪਰ ਭੁਗਤਣੀ ਸਾਰਿਆਂ ਨੂੰ ਪੈਣੀ...ਦਸਤਾਰ ਪਹਿਲੋਂ ਹੀ ਹਾਸ਼ੀਏ ’ਤੇ ਲਿਆ ਖਲਿਆਰੀ...ਬਿੱਲੀ ਦੇ ਪੈਰ ਸੜਣਗੇ ਤਾਂ ਆਵਦੇ ਬਲੂੰਗੇ ਹੀ ਪੈਰਾਂ ਹੇਠ ਲਵੇਗੀ...!

ਦੋ ਮਹੀਨੇ ਪਹਿਲੋਂ ਵੱਜਾ ਯੂ ਟਰਨ ਹੀ ਸੂਤ ਨਹੀਂ ਸੀ ਬੈਠਾ ਕੇ ਆਹ ਭਾਣਾ ਵਾਪਰ ਗਿਆ...!

ਬ੍ਰੇਕ ਲਾਉਣ ਦੀ ਰੱਤੀ ਭਰ ਵੀ ਕੋਸ਼ਿਸ਼ ਨਹੀਂ....ਮਾਵਾਂ ਦੇ ਧੀਆਂ ਪੁੱਤ ਵੇਲਣੇ ਵਾਂਙ ਪੀੜ ਸੁੱਟੇ...ਕਿਥੇ ਕਿਥੇ ਕਿੰਨੂੰ ਕਿੰਨੂੰ ਸਫਾਈਆਂ ਦਿੰਦੇ ਫਿਰਾਂਗੇ...ਏਧਰ ਅਜੇਕੇ ਜਨੂੰਨੀ ਤੇ ਪਹਿਲੋਂ ਹੀ ਪੱਬਾਂ ਭਾਰ...ਪੱਗਾਂ ਦਾਹੜੇ ਵਾਲਿਆਂ ਨੂੰ ਮਾਰ ਕੇ ਟੰਗੋਂ...ਸਾਡੇ ਵੱਲੋਂ ਖੁੱਲ੍ਹੀ ਛੁੱਟੀ...ਉੱਜੜ ਗਿਆਂ ਦਾ ਦੇਸ਼ ਨਾ ਕੋਈ...ਮਰਿਆਂ ਦੀ ਨਾ ਥਾਂ...ਨਾ ਵੇ ਰੱਬਾ ਨਾ...ਨਾ ਵੇ ਰੱਬਾ ਨਾ!

ਇੱਕ ਸਧਾਰਨ ਸਟੋਪ ਸਾਈਨ ’ਤੇ ਖਲੋਣ ਦੇ ਰੂਲ ਨੂੰ ਤੋੜ ਕੇ ਪੱਕ ਗਈ ਆਦਤ ਕਿਥੋਂ ਕਿਥੇ ਲੈ ਜਾਂਦੀ...ਬਿਨਾਂ ਇੰਡੀਕੇਟਰ ਲਾਈਨ ਬਦਲ ਲੈਣੀ...ਹਾਈ-ਵੇ ’ਤੇ ਨਿੱਕੀਆਂ-ਨਿੱਕੀਆਂ ਜਾਨਲੇਵਾ ਖੇਡਾਂ...ਸਾਨੂੰ ਕਿਹੜਾ ਕੋਈ ਵੇਖਦਾ...ਜੇ ਵੇਖ ਵੀ ਲਊ ਤਾਂ ਕੀ ਵਿਗਾੜ ਲਊ...ਸੈਕੜੇ ਟੰਨ ਭਾਰਾ ਲੋਹੇ ਦਾ ਪਹਾੜ ਤੁਰਦਾ ਫਿਰਦਾ ਕਾਲ ਬਣਾ ਧਰਿਆ...!

ਉਬਰ ਚਲਾਉਂਦਾ ਇੱਕ ਦਸਤਾਰਧਾਰੀ ਵੀਰ ਸਵਾਰੀ ਚੁੱਕਣ ਗਿਆ ਤਾਂ ਅੱਗੋਂ ਗਾਹਲਾਂ ਕੱਢੀਆਂ...ਜਾ ਚਲਾ ਜਾ ਮੈਂ ਮਰਨਾ ਥੋੜ੍ਹੀ ਏ...!

ਚਾਰ ਦਹਾਕੇ ਤੋਂ ਸਿੰਗਲ ਲੇਨ ਚੱਲਦਾ ਇੱਕ ਏਧਰ ਦਾ ਵੀਰ...ਪਿੱਛੇ ਜਿਹੇ ਰਿਟਾਇਰਮੈਂਟ ਲੈ ਗਿਆ...ਅੱਗਿਓਂ ਆਉਂਦੇ ਵੱਡੇ ਵਹੀਕਲ ਵੇਖ ਦਿਲ ਦਹਿਲ ਜਾਂਦਾ ਸੀ...ਕਦੋਂ ਖੱਟੀ ਲਾਈਨ ਉਲੰਘ ਕੇ ਏਧਰ ਆ ਜਵੇ...!

ਲਮਹੋਂ ਨੇ ਖਤਾ ਕੀ...ਸਦੀਓਂ ਨੇ ਸਜ਼ਾ ਪਾਈ...ਕਿਸੇ ਵੱਡੀ ਉਮਰ ਦੇ ਵੱਲੋਂ ਦਿੱਤੀ ਸਲਾਹ ਨੂੰ ਸਿਰੇ ਤੋਂ ਨਕਾਰ ਦੇਣਾ...ਇਹ ਸਾਡੀ ਚੜ੍ਹਾਈ ਤੋਂ ਸੜਦੇ...!

ਹੁਣ ਤੀਕਰ ਸਾਢੇ ਪੰਜ ਹਜ਼ਾਰ ਕਮਰਸ਼ੀਅਲ ਲਾਇਸੈਂਸ ਅੰਗਰੇਜ਼ੀ ਵਿਚ ਮੁਹਾਰਤ ਨਾ ਹੋਣ ਦੀ ਭੇਟ ਚੜ੍ਹ ਗਏ...ਦੂਜੇ ਬੰਨ੍ਹੇ ਇੱਕ ਵੱਡੀ ਟ੍ਰੌਲ ਆਰਮੀ ਪੱਬਾਂ ਭਾਰ ਹੋ-ਹੋ ਐਸੀਆਂ ਖਬਰਾਂ ਦੀ ਉਡੀਕ ਕਰਦੀ...ਰੱਜ ਕੇ ਭੰਡਣ ਵਾਲੀ ਭੱਠੀ ਦਾ ਬਾਲਣ ਸਾਡੇ ਆਪਣੇ ਖੁਦ ਦਿੰਦੇ...ਪੰਡਾਂ ਬੰਨ੍ਹ-ਬੰਨ੍ਹ...!

ਹੁਣ ਪਾਣੀ ਸਿਰੋਂ ਲੰਘ ਗਿਆ...ਇਹ ਓਹਨਾਂ ਹਾਕਮਾਂ ਦਾ ਮੁਲਕ ਜਿਨ੍ਹਾਂ ਆਪਣੇ ਇੱਕ ਨਾਗਰਿਕ ਦੇ ਕਾਤਲ ਨੂੰ ਹਵਾਈ ਫੌਜ ਘੱਲ ਕੇ ਰੱਬ ਦੀ ਧੂੰਨੀ ਵਿਚੋਂ ਵੀ ਚੁੱਕ ਲਿਆਂਦਾ ਸੀ...!

ਮਾਵਾਂ ਭੈਣਾਂ ਭਰਾਵਾਂ ਬਾਪੂਆਂ ਧੀਆਂ ਪੁੱਤਰਾਂ ਨੂੰ ਹੱਥ ਜੋੜ ਵਿਨਤੀ...ਜਿਗਰ ਦੇ ਟੋਟਿਆਂ ਨੂੰ ਵਾਰ ਵਾਰ ਜਤਾਓ...ਵਾਸਤੇ ਪਾਓ...ਚੇਤੇ ਕਰਾਓ...ਗਲਤੀ ਦੀ ਗੁੰਜਾਇਸ਼ ਹੈਨੀ...ਸਾਧਨਾ ਸਮਝ ਧਿਆਨ ਇਕਾਗਰਤਾ ਨਾਲ ਚਲਾਓ...ਨਸ਼ਿਆਂ, ਫੋਨਾਂ, ਬੇਲੋੜੀ ਗੱਲਬਾਤ ਤੋਂ ਦੂਰ ਕਾਨੂੰਨ ਮੁਤਾਬਿਕ ਬਣਦੀ ਨੀਂਦ ਪੂਰੀ ਲੈ ਕੇ...ਜਿਊਂਦੇ ਰਹੋਗੇ ਤਾਂ ਡਾਲਰਾਂ ਨੂੰ ਭਾਗ...ਵਰਨਾ ਆਪ ਮੋਏ ਜੱਗ ਪਰਲੋ...ਅੰਨ੍ਹੀ ਮਚੀ ਹੋਈ...ਇਸ ਮੌਕੇ ਅਵੇਸਲੇ ਹੋਣਾ ਉਸ ਮੌਤ ਨੂੰ ਸੱਦਾ ਦੇਣਾ ਜਿਸ ਵਿਚ ਨਾ ਮਰਨਾ ਸੌਖਾ ਤੇ ਨਾ ਹੀ ਸਵਾਹ ਹੋਣਾ...!

ਤਰੱਕੀ ਕਰਨੀ, ਡਾਲਰ ਕਮਾਉਣੇ, ਅੱਗੇ ਵਧਣਾ ਤੁਹਾਡਾ ਹੱਕ ਪਰ ਏਨਾ ਖਿਆਲ ਰਹੇ ਸਾਰੇ ਕਾਸੇ ਵਿਚ ਕਿਸੇ ਹਮਾਤੜ ਦਾ ਸਿਰ ਨਾ ਮਿੱਧਿਆ ਜਾਵੇ!

ਵਿਛੜ ਗਿਆਂ ਨੂੰ ਸ਼ਰਧਾਂਜਲੀ...ਮਗਰ ਰਹਿ ਗਿਆਂ ਨੂੰ ਭਾਣਾ ਮੰਨਣ ਦਾ ਬਲ ਅਤੇ ਜ਼ਖਮੀ ਹੋ ਗਿਆਂ ਨੂੰ ਛੇਤੀ ਸਿਹਤਯਾਬ ਹੋਣ ਦੀ ਅਰਦਾਸ ਦੇ ਨਾਲ...।

*ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ ‘ਜ਼ਿੰਦਗੀ ਨਾਮਾ’ ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।*

# ਆਲ੍ਹਣੇ ਨੂੰ ਪਰਤਿਆ ਪੰਛੀ ਪਰਦੇਸੀ

ਪਿਛਲੇ ਹਫਤੇ ਵੱਡੇ ਬਾਈ ਜੀ! ਐਸ. ਅਸ਼ੋਕ ਭੌਰਾ ਜੀ ਦਾ ਫੋਨ ਆਇਆ, ਪੁੱਛਣ ਲੱਗੇ ਕੁਲਾਰ ਵੀਰ ਕਿੱਥੇ ਜਾ ਵੜ੍ਹੇ ਹੋ, ਕਦੇ 'ਪੰਜਾਬ ਟਾਈਮਜ਼' ਵਿਚ ਹਾਜ਼ਰੀ ਨਹੀਂ ਲਵਾਈ। ਤੁਹਾਡੇ ਪਾਠਕ ਮੈਨੂੰ ਪੁੱਛਦੇ ਨੇ ਕਿ ਉਹ ਬਾਈ ਕਿੱਥੇ ਚਲਿਆ ਗਿਆ, ਪਲੀਜ਼ ਤੁਸੀਂ ਬੇਸ਼ੱਕ ਮਹੀਨੇ ਵਿਚ ਇਕ ਆਰਟੀਕਲ ਜ਼ਰੂਰ ਭੇਜਿਆ ਕਰੋ! ਤੁਸੀਂ 'ਪੰਜਾਬ ਟਾਈਮਜ਼' ਦੇ ਪੁਰਾਣੇ ਕਾਲਮ ਨਵੀਸ ਹੋ, ਲੋਕ ਤੁਹਾਡੀਆਂ ਲਿਖਤਾਂ ਨੂੰ ਬਹੁਤ ਪਿਆਰ ਕਰਦੇ ਸਨ।

ਬਾਈ ਜੀ! ਮੈਂ ਚਿਰਾਂ ਬਾਅਦ ਮਿਲੇ ਪਰਿਵਾਰ ਵਿਚ ਖੰਡ-ਖੀਰ ਹੋ ਗਿਆ ਸੀ, ਪਰਮਾਤਮਾ ਦੀ ਮਿਹਰ ਨਾਲ ਮਿਲੇ ਕਾਰੋਬਾਰ ਵਿਚ ਐਨਾ ਜ਼ਿਆਦਾ ਰੁੱਝ ਗਿਆ ਕਿ ਲਿਖਣ ਦਾ ਸਮਾਂ ਵੀ ਨਹੀਂ ਕੱਢ ਸਕਿਆ। ਹੁਣ ਤੁਹਾਡੇ ਨਾਲ ਵਾਅਦਾ ਕਰਦਾ ਹਾਂ ਕਿ ਜ਼ਰੂਰ ਆਰਟੀਕਲ ਲਿਖਾਂਗਾ ਤੇ 'ਪੰਜਾਬ ਟਾਈਮਜ਼' ਵਿਚ ਦੁਬਾਰਾ ਹਾਜ਼ਰੀ ਲਵਾਵਾਂਗਾ, ਮੈਂ ਭੌਰਾ ਸਾਹਿਬ ਨੂੰ ਯਕੀਨ ਦਵਾਇਆ ਤੇ ਫ਼ਤਿਹ ਬੁਲਾ ਦਿੱਤੀ।

**ਮੇਜਰ ਕੁਲਾਰ ਬੋਪਾਰਾਏ ਕਲਾਂ**
**ਫੋਨ : 916-273-2856**

ਮੈਨੂੰ ਲੰਘੀ ਸੱਤ ਅਕਤੂਬਰ ਨੂੰ ਪੂਰੇ ਛੱਬੀ ਸਾਲ ਹੋ ਗਏ ਅਮੀਰਕਾ ਆਏ ਨੂੰ। ਸੱਤ ਅਕਤੂਬਰ, 1999 ਨੂੰ ਘਰੋਂ ਨਿਕਲਿਆ ਤੇ ਸੱਤ ਸਮੁੰਦਰ ਦੇ ਗਹਿਰੇ ਪਾਣੀ ਦੀ ਹਿੱਕ 'ਤੇ ਤਰਦਾ ਹੋਇਆ ਛਿਪ ਗਰੀ ਮੈਂ ਗਿਆ ਸੀ। ਬਹੁਤ ਖ਼ੂਬਸੂਰਤ ਸ਼ਹਿਰ ਦੀ ਜ਼ਮੀਨ 'ਤੇ ਪਹਿਲਾ ਕਦਮ ਰੱਖਿਆ ਸੀ। ਮੇਰੇ ਚਾਵਾਂ ਨੇ ਕਿੱਕਲੀ ਪਾਈ ਸੀ ਕਿ ਦੁਬਈ, ਮਸਕਟ ਦੇ ਵੀਜ਼ੇ ਉਡੀਕਣ ਵਾਲਾ ਅੱਜ ਫਲੋਰੀਡਾ ਦੇ ਇਸ ਸ਼ਹਿਰ ਦੀ ਧਰਤੀ 'ਤੇ ਪੈਰਾਂ ਦੀਆਂ ਤਲੀਆਂ ਨਾਲ ਭੰਗੜਾ ਪਾ ਰਿਹਾ ਸੀ। ਫਲੋਰੀਡਾ ਤੋਂ ਮਿਲਵਾਕੀ ਤੇ ਸ਼ਿਕਾਗੋ ਹੁੰਦਾ ਮੈਂ ਕੈਲੀਫੋਰਨੀਆ ਪਹੁੰਚ ਗਿਆ। ਰੀਨੋ ਨਿਵਾਡਾ ਦੇ ਸ਼ਹਿਰ ਕੰਮ ਦੀ ਸ਼ੁਰੂਆਤ ਕੀਤੀ ਤੇ ਪੱਕੇ ਹੋਣ ਲਈ ਪੇਪਰਾਂ ਦੇ ਪਿੱਛੇ ਲੱਗ ਤੁਰਿਆ। ਐਸੀ ਪਈ ਪੇਪਰਾਂ ਦੀ ਮਾਰ ਮੈਨੂੰ ਪੂਰੇ ਅਠਾਰਾਂ ਸਾਲ ਲੰਘ ਗਏ ਪਰ ਪੇਪਰਾਂ ਨੇ ਲੜ ਨਾ ਫੜਾਇਆ।

ਮੈਂ ਆਸ ਦਾ ਦੀਵਾ ਬੁੱਝਣ ਨਾ ਦਿੱਤਾ, ਸਬਰ-ਸੰਤੋਖ ਤੇ ਭਰੋਸੇ ਦਾ ਤੇਲ ਪਾਉਂਦਾ ਰਿਹਾ, ਫਿਰ ਪਰਮਾਤਮਾ ਦੀ ਐਸੀ ਕਿਰਪਾ ਹੋਈ ਕਿ ਬੰਜਰ ਮਾੜੀ ਧਰਤੀ 'ਤੇ ਹਰਿਆਲੀ ਦੀ ਚਾਦਰ ਵਿਛ ਗਈ, ਜਦੋਂ ਗੁਰੂ ਨਾਨਕ ਦੇਵ ਆਪ ਜੱਜ ਬਣ ਕੇ ਬੈਠੇ ਤਾਂ ਪੇਪਰਾਂ ਦਾ ਕਾਰਜ ਰਾਸ ਆ ਗਿਆ।

ਸਾਨਫਰਾਂਸਿਸਕੋ ਸ਼ਹਿਰ ਕਦੇ ਚੰਗਾ ਨਹੀਂ ਸੀ ਲੱਗਾ, ਉਥੋਂ ਦੀਆਂ ਕੋਰਟਾਂ ਵਿਚੋਂ ਹਮੇਸ਼ਾ ਰੋਂਦਾ ਹੀ ਨਿਕਲਿਆ ਸੀ, ਪਰ ਅੱਜ ਪਰਿਵਾਰ ਨੂੰ ਅਠਾਰਾਂ ਸਾਲਾਂ ਬਾਅਦ ਮਿਲਣਾ ਸੀ। ਏਅਰਪੋਰਟ 'ਤੇ ਹਰੇਕ ਬੰਦਾ-ਬੰਦੀ ਆਪਣੇ-ਆਪਣੇ ਲੱਗਦੇ ਸਨ। ਸ਼ਹਿਰ ਦੀਆਂ ਉੱਚੀਆਂ ਇਮਾਰਤਾਂ ਪਹਿਲੀ ਵਾਰੀ ਸੋਹਣੀਆਂ ਲੱਗ ਰਹੀਆਂ ਸਨ। ਛੋਟੇ-ਛੋਟੇ ਛੱਡ ਕੇ ਆਇਆ ਆਪਣੇ ਪੁੱਤਰਾਂ ਨੂੰ ਆਪਣੇ ਨਾਲੋਂ ਉੱਚੇ ਦੇਖ ਕੇ ਖੁਸ਼ੀਆਂ ਦੇ ਅੱਥਰੂ ਵਹਿ ਤੁਰੇ, ਦੇਰ ਆਏ, ਦਰੁੱਸਤ ਆਏ। ਵਿਛੜੇ ਦੇ ਜ਼ਖ਼ਮਾਂ ਤੇ ਮਿਲਾਪ ਦੀ ਮਲ੍ਹਮ ਲੱਗੀ। ਮੇਰਾ ਚਾਅ ਨਹੀਂ ਸੀ ਚੱਕਿਆ ਜਾਂਦਾ। ਜਿਹੜੀ ਅਠਾਰਾਂ ਦਿਵਾਲੀਆਂ ਹਨੇਰੇ ਦੇ ਦੀਵੇ ਬਾਲ ਕੇ ਲੰਘਾਈਆਂ ਸਨ, ਉਹ ਅੱਜ ਚਾਵਾਂ ਦੀ ਮਹਿਕ ਖਿਲਾਰ ਰਹੀਆਂ ਸਨ।

ਪਰਿਵਾਰ ਆਉਣ ਤੋਂ ਬਾਅਦ ਮੈਂ ਇੰਡੀਆ ਜਾਣ ਲਈ ਗ੍ਰੀਨ ਕਾਰਡ ਉਡੀਕਣ ਲੱਗਾ। ਮੈਨੂੰ ਫਿਕਰ ਸੀ ਕਿ ਮਾਂ ਤਾਂ ਬਗੈਰ ਮਿਲਿਆਂ ਤੁਰ ਗਈ, ਪਰਮਾਤਮਾ ਕਿਰਪਾ ਕਰੇ, ਪਿਉ ਨੂੰ ਤਾਂ ਮਿਲ ਲਵਾਂ। ਫਿਰ ਉਹ ਦਿਨ ਵੀ ਆ ਗਿਆ ਜਿਸ ਦਿਨ ਦੀ ਬੇਸਬਰੀ ਨਾਲ ਉਡੀਕ ਸੀ।

ਅਠਾਰਾਂ ਅਪ੍ਰੈਲ, 2023 ਨੂੰ ਮੈਂ ਕਤਰ ਏਅਰਲਾਈਨ ਦੀ ਫਲੈਟ ਵਿਚ ਬੈਠ ਗਿਆ। ਇਹ ਮੇਰਾ ਵੱਡੇ ਜਹਾਜ਼ ਵਿਚ ਪਹਿਲਾ ਸਫ਼ਰ ਸੀ। ਖੁਸ਼ੀਆਂ ਦੇ ਗੀਤ ਤੇ ਵਾਜੇ ਵਜਾਉਂਦਾ ਮੈਂ ਦੋਹਾ ਕਤਰ ਪਹੁੰਚ ਗਿਆ। ਤਿੰਨ ਘੰਟਿਆਂ ਦੀ ਸਟੇਅ ਤੋਂ ਬਾਅਦ ਜਹਾਜ਼ ਫਿਰ ਅੰਮ੍ਰਿਤਸਰ ਨੂੰ ਉੱਡ ਪਿਆ।

ਅੰਮ੍ਰਿਤਸਰ ਰਹਿੰਦਾ ਮੇਰਾ ਦੋਸਤ ਹਰਪ੍ਰੀਤ ਸਿੰਘ ਦਾ ਪਰਿਵਾਰ ਤੇ ਮੇਰਾ ਪਰਿਵਾਰ ਮੈਨੂੰ ਲੈਣ ਆਏ ਹੋਏ ਸਨ। ਇਕ ਵਾਰ ਫਿਰ ਖੁਸ਼ੀ ਵਿਚ ਹੰਝੂਆਂ ਦੀਆਂ ਝੜੀਆਂ ਲੱਗ ਗਈਆਂ। ਗੱਲ ਵਿਚ ਫੁੱਲਾਂ ਦੇ ਹਾਰ ਪਏ, ਪਿਆਰ ਦੀ ਗਲਵਕੜੀਆਂ ਪਈਆਂ ਤੇ ਅਸੀਂ ਘਰ ਪਹੁੰਚ ਗਏ। ਪਹੁੰਚਣ ਦੀ ਖੁਸ਼ੀ ਵਿਚ ਬਾਈ ਹਰਪ੍ਰੀਤ ਹੋਰਾਂ ਨੇ ਕੇਕ ਲਿਆਂਦਾ ਸੀ। ਕੇਕ ਕੱਟ ਕੇ ਖੁਸ਼ੀਆਂ ਦੇ ਜੈਕਾਰੇ ਗੂੰਜੇ ਤੇ ਚਾਹ-ਪਾਣੀ ਪੀ ਕੇ ਥੋੜ੍ਹਾ ਅਰਾਮ ਕੀਤਾ। ਫਿਰ ਫਰੈਸ਼ ਹੋ ਕੇ ਧੰਨ ਗੁਰੂ ਰਾਮਦਾਸ ਦੇ ਦਰ 'ਤੇ ਨਤਮਸਤਿਕ ਹੋਣ ਲਈ ਚਲ ਪਏ। ਦਰਬਾਰ ਸਾਹਿਬ ਪਹੁੰਚ ਕੇ ਮਨ ਉੱਛਲ-ਉੱਛਲ ਕੇ ਰੋਂਦਾ ਰਿਹਾ। ਇੰਝ ਲੱਗਾ ਜਿਵੇਂ ਦੁਬਾਰਾ ਜਨਮ ਹੋਇਆ ਹੋਵੇ। ਅਮਰੀਕਾ ਆਉਣ ਤੋਂ ਪਹਿਲਾਂ ਦੇ ਦਰਸ਼ਨ ਕੀਤੇ ਹੋਏ ਸਨ। ਅੰਮ੍ਰਿਤ ਵੇਲੇ ਦਾ ਸਮਾਂ ਸੱਚੀਂ ਅੰਮ੍ਰਿਤ ਨਾਲੋਂ ਘੱਟ ਨਹੀਂ ਸੀ। ਕੰਨਾਂ ਵਿਚ ਰਸਭਿੰਨਾ ਕੀਰਤਨ ਮਿਸ਼ਰੀ ਘੋਲ ਰਿਹਾ ਸੀ। ਦੇਗ ਕਰਵਾਈ, ਦਰਸ਼ਨ ਕੀਤੇ। ਧੰਨ ਗੁਰੂ ਰਾਮਦਾਸ ਜੀ ਦਾ ਸ਼ੁਕਰਾਨਾ ਕੀਤਾ। ਇੰਝ ਲੱਗ ਰਿਹਾ ਸੀ ਜਿਵੇਂ ਮੈਂ ਸਵਰਗਾਂ ਵਿਚ ਆ ਗਿਆ ਹੋਵਾਂ। ਪਤਾ ਲੱਗਦਾ ਸੀ ਕਿ ਦੁੱਖਾਂ ਦੀ ਅਰਦਾਸ ਤੇ ਸੁੱਖਾਂ ਦਾ ਸ਼ੁਕਰਾਨਾ ਕਿਵੇਂ ਮਨ ਨੂੰ ਦਿਲਸਾ ਦਿੰਦਾ ਹੈ।

ਘਰ ਵਾਪਿਸ ਆਏ, ਥੋੜ੍ਹਾ ਅਰਾਮ ਕੀਤਾ ਤੇ ਫਿਰ ਸ਼ਾਮ ਨੂੰ ਅੰਮ੍ਰਿਤਸਰ ਤੋਂ ਪਿੰਡ ਨੂੰ ਚੱਲ ਪਏ। ਪਿੰਡ ਪਹੁੰਚਦਿਆਂ ਰਾਤ ਹੋ ਚੁੱਕੀ ਸੀ। ਪਾਸੇ ਦੇ ਬੰਦੇ ਤੇ ਜਨਾਨੀਆਂ ਘਰੇ ਇਕੱਠੇ ਹੋਏ ਸਨ। ਨਵੀਂ ਪਾਈ ਕੋਠੀ ਵਿਆਹ ਵਾਲੀ ਕੁੜੀ ਵਾਂਗ ਸ਼ਿੰਗਾਰੀ ਹੋਈ ਸੀ। ਘਰ ਪੂਰਾ ਵਿਆਹ ਵਾਲਾ ਮਾਹੌਲ ਸੀ। ਢੋਲ ਵਾਲਾ ਖੁਸ਼ੀਆਂ ਦੇ ਡੱਗੇ ਲਾ ਰਿਹਾ ਸੀ। ਫੁੱਲਾਂ ਦੇ ਹਾਰ ਮੇਰੇ ਗਲ ਵਿਚ ਪੈ ਰਹੇ ਸਨ। ਚਾਚੇ-ਚਾਚੀਆਂ, ਭੈਣਾਂ-ਭਰਾਵਾਂ ਤੇ ਭਾਬੀਆਂ ਨੇ ਰੱਜ-ਰੱਜ ਪਿਆਰ ਦੀ ਗਲਵਕੜੀ ਪਾਈ।

ਤਕਰੀਬਨ ਚੌਵੀ ਸਾਲਾਂ ਬਾਅਦ ਮੈਂ ਆਪਣੇ ਘਰ ਦੀ ਦਹਿਲੀਜ਼ 'ਤੇ ਸਿਰ ਰੱਖ ਕੇ ਰੋਇਆ। ਮੈਨੂੰ ਸਭ ਮਿਲ ਗਏ ਸਨ ਪਰ ਮੇਰੀ ਮਾਂ ਦੀ ਖੁੱਲ੍ਹੀਆਂ ਬਾਹਾਂ ਨਸੀਬ ਨਾ ਹੋਈਆਂ। ਮਿਲਣੇ ਨੂੰ ਤਰਸਦੀ ਉਹ ਜਹਾਨੋਂ ਕੂਚ ਕਰ ਗਈ ਸੀ, ਪਰ ਮੈਂ ਪੇਪਰਾਂ ਦੀ ਤਾਣੀ ਵਿਚ ਅਜਿਹਾ ਉਲਝਿਆ ਮੈਨੂੰ ਦੇਰੀ ਹੋ ਗਈ ਸਿਰਾ ਲੱਭਦੇ ਨੂੰ, ਉੱਧਰ ਮਾਂ ਦੇ ਸਾਹਾਂ ਦੀ ਤੰਦ ਟੁੱਟ ਗਈ।

ਮੇਰੀ ਅੰਦਰਲੀ ਜ਼ਮੀਰ ਮੈਨੂੰ ਕੱਚਿਆਂ ਪਿੰਡ ਮੁੜਨ ਦੀ ਇਜਾਜ਼ਤ ਨਹੀਂ ਦਿੰਦੀ ਸੀ। ਬੱਚਿਆਂ ਦੇ ਭਵਿੱਖ ਨੂੰ ਲੈ ਕੇ ਚਿੰਤਾ ਵਿਚ ਡੁੱਬਿਆ ਰਿਹਾ। ਚੌਵੀ ਲੋਹੜੀਆਂ ਮੈਂ ਚਾਵਾਂ ਦੀ ਧੂਣੀ ਬਾਲ ਕੇ ਲੰਘਾਈਆਂ ਸਨ। ਡਾਲਰਾਂ ਨੇ ਇਨ੍ਹਾਂ ਜ਼ਿਆਦਾ ਦੱਬ ਲਿਆ ਜਾ ਕਰਮਾਂ ਦੀ ਖੇਡ ਹੀ ਇੰਜ ਰਚੀ ਸੀ ਕਿ ਜੰਮਣ ਵਾਲੀ ਦੇ ਆਖਰੀ ਦਰਸ਼ਨ ਵੀ ਨਾ ਕਰ ਸਕਿਆ। ਕੁਝ ਬਣਨ ਲਈ ਬਹੁਤ ਕੁਝ ਗੁਵਾਉਣਾ ਪੈਂਦਾ ਹੈ।



ਘਰ ਦੇ ਵਿਹੜੇ ਵਿਚ ਪਟਾਕੇ ਤੇ ਆਤਿਸ਼ਬਾਜ਼ੀਆਂ ਚਲ ਰਹੇ ਸਨ। ਸ਼ਰੀਕਾ ਖੁਸ਼ੀਆਂ ਵਿਚ ਨੱਚ ਰਿਹਾ ਸੀ। ਮਿੱਠੇ ਵਾਲੇ ਮਿੱਠਾ ਖਾ ਰਹੇ ਸਨ ਤੇ ਕੌੜੇ ਵਾਲੇ ਮੂੰਹ ਕੌੜਾ ਕਰੀ ਜਾਂਦੇ ਸਨ। ਹਾਣਦਿਆਂ ਤੇ ਵੱਡਿਆਂ ਨੂੰ ਤਾਂ ਮੈਂ ਪਛਾਣ ਰਿਹਾ ਸੀ ਪਰ ਨਵੀਂ ਪਨੀਰੀ ਬੇ-ਪਛਾਣੀ ਸੀ। ਪੁੱਛਣ 'ਤੇ ਪਤਾ ਲੱਗਦਾ ਸੀ ਕਿ ਕਿੰਨਾ ਦੀ ਕੁੜੀ ਹੈ ਜਾਂ ਕਿੰਨਾ ਦਾ ਮੁੰਡਾ ਹੈ। ਨਵੀਆਂ ਆਈਆਂ ਨੂੰਹਾਂ ਨੂੰ ਪਹਿਲੀ ਵਾਰ ਮਿਲਿਆ, ਬਜ਼ੁਰਗ ਬਾਪ ਨੂੰ ਘੁੱਟ ਕੇ ਜੱਫੀ ਪਾਈ। ਚੱਲੋ ਮਾਂ ਤਾਂ ਤੁਰ ਗਈ ਸੀ, ਬਾਪ ਨੇ ਸੀਨੇ ਲਾ ਕੇ ਠੰਢ ਪਾ ਦਿੱਤੀ। ਮਾਪੇ ਗ਼ਰੀਬੀ ਦਾ ਢੋਲ ਕੁੱਟਦੇ ਰਹੇ। ਹੁਣ ਅਮੀਰੀ ਦੀਆਂ ਸ਼ਹਿਨਾਈਆਂ ਵੱਜੀਆਂ ਤਾਂ ਮਾਂ ਹਾਜ਼ਰ ਨਹੀਂ ਸੀ। ਮੈਨੂੰ ਰਹਿੰਦੀ ਜ਼ਿੰਦਗੀ ਇਹ ਗ਼ਮ, ਇਹ ਝੋਰਾ ਜ਼ਰੂਰ ਰਹੂਗਾ ਕਿ ਮੈਂ ਮਾਂ ਨੂੰ ਨਹੀਂ ਮਿਲਿਆ। ਪਰਮਾਤਮਾ ਇੰਝ ਕਿਸੇ ਨਾਲ ਨਾ ਕਰੇ। ਸਭ ਦੀਆਂ ਮਾਵਾਂ ਸਲਾਮਤ ਰਹਿਣ।

ਗੱਲਾਂ ਕਰਦਿਆਂ ਅੱਧੀ ਰਾਤ ਹੋ ਚੁੱਕੀ ਸੀ। ਮੈਨੂੰ ਨੀਂਦ ਨਹੀਂ ਆ ਰਹੀ ਸੀ। ਵਤਨਾਂ ਦੀ ਗੇੜੀ ਦਾ ਚਾਅ, ਲੰਮੇ ਵਿਛੜੇ ਦਾ ਗ਼ਮ, ਦੋਵੇਂ ਹੀ ਇਕ ਦੂਜੇ 'ਤੇ ਭਾਰੂ ਹੁੰਦੇ ਰਹੇ ਪਤਾ ਨਾ ਚੱਲਿਆ। ਕਦੋਂ ਗੁਰਦੁਆਰੇ ਦਾ ਭਾਈ ਨਿਤਨੇਮ ਦੀ ਬਾਣੀ ਪੜ੍ਹਨ ਲੱਗ ਪਿਆ। ਮੈਂ ਵੀ ਉੱਠਿਆ, ਇਸ਼ਨਾਨ ਕੀਤਾ, ਗੁਰਦੁਆਰੇ ਮੱਥਾ ਟੇਕਿਆ। ਇਹ ਉਹੀ ਗੁਰਦੁਆਰਾ ਸੀ ਜਿਥੇ ਰੋਜ਼ ਅਰਦਾਸਾਂ ਕਰਦਾ ਸੀ ਕਿ ਮੈਂ ਬਾਹਰ ਚਲਿਆ ਜਾਵਾਂ, ਅੱਜ ਬਾਹਰੋਂ ਮੁੜ ਕੇ ਸ਼ੁਕਰਾਨੇ ਦੀ ਅਰਦਾਸ ਕਰ ਰਿਹਾ ਸੀ। ਬਾਬੇ ਸ਼ਹੀਦੀ ਮੱਥਾ ਟੇਕਿਆ, ਮੀਰੀ-ਪੀਰੀ ਦੇ ਅਸਥਾਨ ਦਮਦਮਾ ਸਾਹਿਬ (ਰਕਬਾ) ਵਿਖੇ ਮੱਥਾ ਟੇਕਿਆ। ਜਿਥੇ ਸੰਗਰਾਂਦ ਨੂੰ ਦੋ-ਤਿੰਨ ਵਾਰੀ ਦੇਗ ਲੈਂਦੇ ਹੁੰਦੇ ਸੀ ਤੇ ਅੱਜ ਬਾਬਾ ਜੀ ਨੂੰ ਆਖ ਕੇ ਸਵਾਇਆ ਗੱਫਾ ਹੀ ਲਿਆ।

ਪਿੰਡ ਦਾ ਗੇੜਾ ਕੱਢਿਆ, ਸਾਰਾ ਪਿੰਡ ਬਦਲ ਚੁੱਕਾ ਸੀ। ਲੋਕਾਂ ਨੇ ਬਜ਼ੁਰਗਾਂ ਵਾਲੇ ਘਰ ਢਾਹ ਕੇ ਨਵੀਆਂ ਕੋਠੀਆਂ ਪਾ ਲਈਆਂ ਸਨ। ਪੱਕਾ ਦਰਵਾਜ਼ਾ ਤੇ ਸੂਬੇਦਾਰਾਂ ਦੀ ਹਵੇਲੀ ਹੀ ਪਿੰਡ ਦੀ ਪਹਿਚਾਣ ਕਰਵਾਉਂਦੀ ਸੀ। ਵੀਹ ਫੁੱਟ ਡੂੰਗਾ ਟੋਬਾ ਮਿੱਟੀ ਨਾਲ ਭਰ ਦਿੱਤਾ ਸੀ। ਜਿਥੇ ਪਾਰਕ ਬਣ ਗਈ ਸੀ। ਪਾਰਕ ਦੀ ਦੇਖ-ਰੇਖ ਪਿੰਡ ਦੀ ਬੇਇਤਫਾਕੀ ਦਿਖਾ ਰਹੀ ਸੀ। ਪਿੰਡ ਦੀਆਂ ਗਲੀਆਂ ਜਿਥੇ ਪਲੇ, ਪੜ੍ਹੇ, ਜਵਾਨੀ ਦੀ ਮੁੱਛ ਫੁੱਟੀ, ਇਸ਼ਕ-ਮੁਸ਼ਕ ਦੀਆਂ ਬਾਤਾਂ ਪਾਈਆਂ। ਵਿਆਹ ਹੋਏ ਤੇ ਇਸੇ ਗਲੀਆਂ ਵਿਚੋਂ ਫਿਰ ਪਰਦੇਸੀ ਹੋ ਤੁਰੇ। ਪੱਕਾ ਦਰਵਾਜ਼ਾ ਵੀ ਹੁਣ ਸੁੰਨਾ-ਸੁੰਨਾ ਲੱਗਦਾ ਸੀ। ਕਦੇ ਪੰਦਰਾਂ-ਵੀਹ ਬਜ਼ੁਰਗ ਬਾਬੇ ਜਿਥੇ ਬੈਠੇ ਰਹਿੰਦੇ ਸੀ, ਨਾ ਮੱਰ ਬਾਬਾ, ਨਾ ਮੱਲ ਬਾਬਾ ਨਾ ਜਿਊਣ ਸਿਉਂ ਦਿੱਸਿਆ।

ਅਮਰਾ, ਤੋਤੀ, ਨੋਨੀ, ਤਾਰਾ, ਕੋਈ ਵੀ ਕੱਟੀ ਖੇਡਦਾ ਨਹੀਂ ਮਿਲਿਆ। ਜੀਤਾ ਮਾਸਟਰ ਝੱਲੀ ਮਾਸਟਰ, ਬਿਜਲੀ ਵਾਲਾ ਪੰਡਿਤ ਤੇ ਸਰਦਾਰਾ ਬਾਬਾ ਸੀਪ ਖੱਡਦੇ ਨਹੀਂ ਦਿਸੇ। ਕੋਟ ਦੀ ਬਾਜ਼ੀ ਵੀ ਕੋਈ ਨਹੀਂ ਲਾਉਂਦਾ ਮਿਲਿਆ। ਹੁਣ ਤਾਂ ਬਾਹਰ ਮੇਜ਼ ਤੇ ਕੁਰਸੀਆਂ ਪਈਆਂ ਨੇ। ਕਦੇ-ਕਦੇ ਦਰਸ਼ੀਰਾਜਾ, ਬਿੱਲੂ ਖਾਲਸਾ, ਪੱਪੂ ਤੇ ਸ਼ੰਗਾਰਾ ਤਾਸ਼ ਖੇਡ ਲੈਂਦੇ ਨੇ। ਉਂਝ ਸਭ ਕੁਝ ਸੁੰਨਾ ਹੈ। ਕਬੂਤਰਾਂ ਦਾ ਬੋਲ-ਬਰਾਲਾ ਕਾਫ਼ੀ ਹੈ। ਬਹੁਤਾ ਪਿੰਡ ਖਾਲੀ ਹੋ ਗਿਆ ਹੈ। ਅਮਰੀਕਾ ਦੀ ਡੌਂਕੀ ਤੇ ਕੈਨੇਡਾ ਦੇ ਸਟੱਡੀ ਵੀਜ਼ੇ ਨੇ ਘਰ ਖਾਲੀ ਕਰ ਦਿੱਤੇ ਹਨ। ਪੱਥਰਾਂ ਦੇ ਘਰਾਂ ਵਿਚ ਧੂਫ-ਬੱਤੀਆਂ ਦੀ ਸੁਗੰਧ ਤਾਂ ਬਥੇਰੀ ਆਉਂਦੀ ਹੈ ਪਰ ਕੋਈ ਮੋਹ ਦਾ ਦਰਵਾਜ਼ਾ ਨਹੀਂ ਖੋਲ੍ਹਦਾ। ਹਰੇਕ ਕਹਿ ਦਿੰਦਾ ਹੈ ਭਾਈ ਹੁਣ ਤਾਂ ਜ਼ਮਾਨਾ ਹੀ ਬਦਲ ਗਿਆ ਹੈ। ਦਾਲ-ਪਾਣੀ ਦੀ ਸਾਂਝ ਮੁੱਕ ਗਈ ਹੈ।

ਮੈਨੂੰ ਹੈਰਾਨੀ ਉਦੋਂ ਹੋਈ ਜਦੋਂ ਪਤਾ ਲੱਗਿਆ ਕਿ ਗੋਹੇ ਦੀ ਪਾਥੀ ਵੀ ਪੰਜ ਰੁਪੇ ਦੀ ਇਕ ਵਿਕਦੀ ਹੈ। ਲੋਕਾਂ ਨੇ ਪਸ਼ੂ ਰੱਖਣੇ ਛੱਡ ਦਿੱਤੇ ਹਨ। ਲੋਕ ਪਿੰਡਾਂ ਵਿਚ ਵੀ ਮੱਝ ਦਾ ਦੁੱਧ ਮਹਿੰਗੇ ਭਾਅ ਦਾ ਖਰੀਦ ਕੇ ਸਸਤਾ ਕਹਿੰਦੇ ਹਨ। ਮੈਂ ਇਕ ਨੂੰ ਪੁੱਛਿਆ, ਬਾਈ ਤੁਸੀਂ ਕੋਈ ਮੱਝ ਨਹੀਂ ਰੱਖੀ?

ਕਹਿੰਦਾ, ਮਹਿੰਗੀ ਪੈਂਦੀ ਹੈ। ਸਭ ਕੁਝ ਮੁੱਲ ਦਾ ਲੈ ਕੇ ਪਾਉਣ ਨਾਲੋਂ ਤਾਂ ਦੁੱਧ ਹੀ ਮੁੱਲ ਦਾ ਸਸਤਾ ਪੈਂਦਾ ਹੈ। ਲੋਕ ਸ਼ੋਕੀਨ ਤਾਂ ਬਹੁਤ ਹੋ ਗਏ ਹਨ ਪਰ ਮਾਨਸਿਕ ਤੇ ਸਰੀਰਕ ਤੌਰ 'ਤੇ ਬਿਮਾਰ ਹੋ ਗਏ ਹਨ। ਡਾਕਟਰਾਂ ਨੂੰ ਤੇ ਮਹਿੰਗੀਆਂ ਦਵਾਈਆਂ ਖ਼ਰੀਦਣ ਨੂੰ ਚੰਗਾ ਸਮਝਦੇ ਹਨ।

ਲੰਬਰਦਾਰਾਂ ਦਾ ਰਾਣਾ ਦੋਧੀ ਮੇਰਾ ਮਿੱਤਰ ਵੀ ਹੈ। ਉਸ ਦੀ ਡੇਅਰੀ ਸਾਡੇ ਪਾਸੇ ਹੀ ਹੈ। ਮੈਂ ਸ਼ਾਮ ਨੂੰ ਉਸ ਦੇ ਕੋਲ ਬੈਠ ਜਾਂਦਾ ਸੀ। ਇਕ ਦਿਨ ਪੰਜ-ਸੱਤ ਜਣੇ ਲਾਈਨ ਬਣਾ ਕੇ ਖੜ੍ਹੇ ਸਨ। ਮੈਂ ਕਿਹਾ ਇਨ੍ਹਾਂ ਨੂੰ ਦੁੱਧ ਪਾ ਕੇ ਤੋਰ ਦੇ। ਰਾਣਾ ਬੋਲਿਆ ਕਿ ਜੇ ਦੁੱਧ ਆਊਗਾ ਤਾਂ ਹੀ ਪਾਊਂਗਾ ਜਾਨੀ ਦੁੱਧ ਮੁੱਲ ਲੈਣ ਵਾਲੇ ਜ਼ਿਆਦਾ ਤੇ ਪਾਉਣ ਵਾਲੇ ਘੱਟ ਹਨ।

ਮੈਂ ਰਾਣੇ ਨੂੰ ਕਿਹਾ ਕਿ ਬਾਈ ਤੂੰ ਇਹ ਕੰਮ ਨਾ ਛੱਡੀਂ ਜੇ ਰੱਬ ਨਾ ਕਰੇ ਤੈਨੂੰ ਘਾਟਾ ਪੈ ਗਿਆ ਤਾਂ ਮੈਂ ਤੈਨੂੰ ਰੁਪੇ ਦੇ ਦੇਵਾਂਗਾ। ਪਰ ਇਨ੍ਹਾਂ ਜੱਟਾਂ ਦੇ ਮੂੰਹੋਂ ਚਾਹ ਦਾ ਕੱਪ ਨਾ ਉਤਾਰੀਂ। ਹੈਰਾਨੀ ਇਸ ਗੱਲ ਦੀ ਹੁੰਦੀ ਹੈ। ਜਿਨ੍ਹਾਂ ਕੋਲ ਜ਼ਮੀਨ ਵੀ ਹੈ, ਸਮਾਂ ਵੀ ਹੈ, ਉਹ ਵੀ ਮੱਝ ਰੱਖ ਕੇ ਰਾਜ਼ੀ ਨਹੀਂ। ਬੱਸ ਫੋਨ ਦੇ ਵਿਚ ਵੜੇ ਰਹਿੰਦੇ ਹਨ। ਅਸੀਂ ਇਥੇ ਬਾਦਲ, ਕੈਪਟਨ, ਭਗਵੰਤ ਕਰੀ ਜਾਂਦੇ ਹਾਂ, ਪਿੰਡ ਵਾਲੇ ਟਰੰਪ ਤੇ ਉਬਾਮਾ ਕਰੀ ਜਾਂਦੇ ਹਨ। ਕੋਲ ਬੈਠੇ ਹੀ ਹਜ਼ਾਰਾਂ ਮੀਲਾਂ ਦੀ ਦੂਰੀ ਬਣਾਈ ਬੈਠੇ ਨੇ। ਅਮਰੀਕਾ, ਕੈਨੇਡਾ ਤੋਂ ਘੱਟ ਗੱਲ ਨਹੀਂ ਕਰਦੇ, ਚੌਵੀ ਸਾਲਾਂ ਵਿਚ ਪਿੰਡ ਤੇ ਪਿੰਡ ਦੇ ਲੋਕਾਂ ਵਿਚ ਬਹੁਤ ਬਦਲਾਅ ਆ ਗਿਆ। ਖੇਤਾਂ, ਖੂਹਾਂ ਦੀਆਂ ਸਾਂਝਾਂ ਮੁੱਕ ਗਈਆਂ ਹਨ। ਲੋਕ ਵਪਾਰੀ ਬਣ ਚੁੱਕੇ ਹਨ। ਬੰਦੇ ਨੂੰ ਬੰਦੇ ਦੀ ਘੱਟ ਲੋੜ ਰਹਿ ਗਈ ਹੈ। ਪੈਸਾ ਨਚਾਉਣ ਲੱਗ ਗਿਆ ਹੈ। ਵਹਿਲ ਨਸ਼ਿਆਂ ਦੇ ਮਗਰ ਲੱਗ ਗਈ ਹੈ। ਇਸ਼ਕ ਮੁੰਡੇ-ਕੁੜੀਆਂ ਵਿਚ ਘੱਟ, ਵੱਡੀ ਉਮਰ ਦੇ ਵਿਚ ਗਿੱਧਾ ਪਾਉਣ ਲੱਗ ਗਿਆ ਹੈ। ਧੀ-ਮਾਂ ਨੂੰ ਸਮਝਾਉਣ ਲੱਗ ਗਈ ਹੈ।

---

# ਜ਼ਿੰਦਗੀ ਦੇ ਸਜੀਵ ਪਲ...

ਕਈ ਵਾਰ ਜ਼ਿੰਦਗੀ ਅਕਾਊ ਜਿਹੀ ਹੋ ਜਾਂਦੀ ਹੈ। ਕੁੱਝ ਵੀ ਚੰਗਾ ਨਹੀਂ ਲੱਗਦਾ। ਤੁਹਾਨੂੰ ਸਮਝਣ ਵਾਲੇ ਘੱਟ, ਪਰਖਣ ਵਾਲੇ ਜ਼ਿਆਦਾ ਹੋ ਜਾਂਦੇ ਹਨ। ਅਜਿਹੇ ਮਾਹੌਲ ਤੋਂ ਖਹਿੜਾ ਛੁਡਾਉਣਾ ਚਾਹੁੰਦੇ ਹੋਏ ਵੀ ਤੁਸੀਂ ਕੁਝ ਕਰਨ 'ਚ ਆਪਣੇ ਆਪ ਨੂੰ ਅਸਮਰੱਥ ਸਮਝਦੇ ਹੋ..! ਜੀ ਕਰਦਾ ਹੈ ਕਿ ਕੁੱਝ ਵੱਖਰੀ ਕਿਸਮ ਦੇ ਬੰਦੇ ਨੂੰ ਮਿਲਿਆ ਜਾਵੇ। ਏਸੇ ਹਾਲਾਤ 'ਚੋਂ ਗੁਜ਼ਰਦਿਆਂ ਭਾਜੀ ਵਰਿਆਮ ਸੰਧੂ ਦਾ ਨਾਂਅ ਸਾਹਮਣੇ ਆ ਗਿਆ। ਉਹ ਮੇਰੇ ਪਸੰਦੀਦਾ ਲੇਖਕਾਂ 'ਚੋਂ ਸਭ ਤੋਂ ਉੱਪਰ ਹਨ। ਜਲੰਧਰ ਹੁੰਦਿਆਂ ਗਾਹੇ-ਬਗਾਹੇ ਦੇਸ਼ਭਗਤ ਯਾਦਗਾਰ ਹਾਲ 'ਚ ਉਨ੍ਹਾਂ ਨਾਲ ਮੇਲ ਹੋ ਜਾਂਦਾ ਸੀ ਪਰ 2018 ਤੋਂ ਬਾਅਦ ਇਹ ਮੇਲ ਨਹੀਂ ਹੋ ਸਕਿਆ ਕਿਉਂਕਿ ਮੈਂ ਏਧਰ ਫਰਿਜ਼ਨੋ ਆ ਗਿਆ ਤੇ ਉਹ ਕੈਨੇਡਾ ਚਲੇ ਗਏ ਸਨ। ਕੈਲੀਫੋਰਨੀਆ ਉਨ੍ਹਾਂ ਦੇ ਚੱਕਰ ਲੱਗਦੇ ਰਹੇ ਪਰ ਰੁਜ਼ਗਾਰ ਦੇ ਗੇੜੀ ਨੇ ਸਮਾਂ ਨਹੀਂ ਲੱਗਣ ਦਿੱਤਾ। 'ਦਿ ਗ਼ਦਰ ਹੈਰੀਟੇਜ ਫਾਊਂਡੇਸ਼ਨ ਵਲੋਂ ਕਰਵਾਏ ਜਾਂਦੇ ਗ਼ਦਰੀ ਬਾਬਿਆਂ ਦੇ ਮੇਲੇ ਦਾ ਇਸ਼ਤਿਹਾਰ ਨਜ਼ਰੀਂ ਪਿਆ ਤਾਂ ਪਤਾ ਲੱਗਾ ਕਿ ਵਰਿਆਮ ਹੁਰੀਂ ਮੁੱਖ ਬੁਲਾਰੇ ਵਜੋਂ ਬੁਲਾਏ ਗਏ ਹਨ। ਸੋਚਿਆ ਕਿ ਮੇਲੇ 'ਤੇ ਹਾਜ਼ਰੀ ਵੀ ਲੱਗ ਜਾਵੇਗੀ ਤੇ ਸੰਧੂ ਸਾਹਿਬ ਦੇ ਦਰਸ਼ਨ ਵੀ ਹੋ ਜਾਣਗੇ।

**ਇੰਦਰਜੀਤ ਚੁਗਾਵਾਂ**

ਮੇਲੇ ਵਾਲੀ ਥਾਂ ਪਹੁੰਚੇ ਤਾਂ ਉਥੇ ਵਰਿਆਮ ਸੰਧੂ ਆਪਣੇ ਪ੍ਰਸ਼ੰਸਕਾਂ 'ਚ ਘਿਰੇ ਹੋਏ ਸਨ। ਸੰਧੂ ਸਾਹਿਬ 'ਤੋਂ ਪਹਿਲਾਂ ਮੇਰੀ ਨਜ਼ਰ ਉਨ੍ਹਾਂ ਦੀ ਜੀਵਨ ਸਾਥਣ ਮਾਤਾ ਰਾਜਵੰਤ ਕੌਰ ਸੰਧੂ 'ਤੇ ਪਈ। ਪਹਿਲਾਂ ਉਨ੍ਹਾ ਦਾ ਆਸ਼ੀਰਵਾਦ ਲਿਆ ਤੇ ਬਾਅਦ 'ਚ ਵਰਿਆਮ ਸੰਧੂ ਹੁਰਾਂ ਦੇ ਗੋਡੀਂ ਹੱਥ ਲਾਇਆ ਤਾਂ ਉਨ੍ਹਾ ਘੁੱਟ ਕੇ ਕਲਾਵੇ 'ਚ ਲੈ ਲਿਆ। ਉਨ੍ਹਾ ਨੂੰ ਮਿਲ ਕੇ, ਉਨ੍ਹਾ ਦੀ ਤਕਰੀਰ ਸੁਣ ਕੇ ਰੂਹ ਖਿੜ ਗਈ। ਗ਼ਦਰੀ ਗੁਲਾਬ ਕੌਰ ਦੀ ਗੱਲ ਕਰਦਿਆਂ ਜਿਸ ਤਰ੍ਹਾਂ ਉਨ੍ਹਾਂ ਔਰਤਾਂ ਦੇ ਯੋਗਦਾਨ, ਔਰਤਾਂ ਦੀ ਪੀੜਾ ਦੀ ਗੱਲ ਕੀਤੀ ਤਾਂ ਹਾਲ ਵਿਚ ਇੱਕ ਵੱਖਰੀ ਹੀ ਤਰ੍ਹਾਂ ਦਾ ਮਾਹੌਲ ਪੈਦਾ ਹੋ ਗਿਆ।

ਘੰਟੇ ਤੋਂ ਵੀ ਵੱਧ ਚੱਲੀ ਇਸ ਤਕਰੀਰ ਦੌਰਾਨ ਇੱਕ ਵੀ ਵਿਅਕਤੀ ਉੱਠ ਕੇ ਤਾਂ ਕੀ, ਹਿੱਲਿਆ ਤੱਕ ਨਹੀਂ। ਆਪਣਾ ਤਾਂ ਦਿਨ ਉਨ੍ਹਾਂ ਉਸ ਵੇਲੇ ਯਾਦਗਾਰੀ ਬਣਾ ਦਿੱਤਾ, ਜਦ ਆਪਣੀ ਤਕਰੀਰ ਦੇ ਸ਼ੁਰੂ 'ਚ ਇਹ ਗੱਲ ਕਹੀ, 'ਬਾਹਰ ਆਹ ਦੋ ਬੰਦੇ ਹਰਜਿੰਦਰ ਦੁਸਾਂਝ ਤੇ ਇੰਦਰਜੀਤ ਚੁਗਾਵਾਂ ਮਿਲੇ ਤਾਂ ਮੈਨੂੰ ਉਹ ਦਿਨ ਯਾਦ ਆ ਗਏ ਜਦ ਗ਼ਦਰੀ ਬਾਬਿਆਂ ਦੇ ਮੇਲੇ ਦਾ ਮੁੱਢ ਬੱਝਾ ਸੀ...!' ਇਸ ਤੋਂ ਵੱਧ ਹੋਰ ਕੀ ਗੱਲ ਹੋ ਸਕਦੀ ਹੈ ਕਿ ਅਜਿਹੇ ਸ਼ਹਿਰ 'ਚ ਜਿੱਥੇ ਤੁਹਾਨੂੰ ਕੋਈ ਜਾਣੇ ਨਾ ਬੁੱਝੇ, ਓਥੇ ਸਟੇਜ 'ਤੋਂ ਤੁਹਾਡੇ ਨਾਂਅ ਦਾ ਜ਼ਿਕਰ ਹੋਵੇ ਤੇ ਉਹ ਵੀ ਇੱਕ ਚੰਗੇ ਸੰਦਰਭ 'ਚ। ਵਰਿਆਮ ਸੰਧੂ ਨੂੰ ਸੁਣਨਾ ਬਿਲਕੁਲ ਉਵੇਂ ਹੈ, ਜਦ ਤੁਹਾਡੇ ਗੁਆਂਢ 'ਚ ਗੁਰਦੁਆਰੇ 'ਚੋਂ ਅੰਮ੍ਰਿਤ ਵੇਲੇ ਕੋਈ ਪਾਠੀ ਸਿੰਘ ਮਿੱਠੀ ਤੇ ਸੁਰੀਲੀ ਸੁਰ 'ਚ ਜਪੁਜੀ ਸਾਹਿਬ ਦਾ ਪਾਠ ਕਰ ਰਿਹਾ ਹੋਵੇ। ਜਦ ਉਹ ਆਪਣੇ ਆਪ ਨੂੰ 'ਗ਼ਦਰੀ ਬਾਬਿਆਂ ਦਾ ਢਾਡੀ' ਆਖਦੇ ਹਨ ਤਾਂ ਜੀਅ ਕਰਦਾ ਹੈ ਕਿ ਇਸ ਸਵਾ ਛੇ ਫੁੱਟ ਦੇ ਬੰਦੇ ਨੂੰ ਚੁੱਕ ਕੇ ਅਸਮਾਨ ਨਾਲ ਲਾ ਦਈਏ। 'ਗ਼ਦਰ ਲਹਿਰ' ਬਾਰੇ ਉਨ੍ਹਾਂ ਦਾ ਕਾਰਜ ਮਿਸਾਲੀ ਹੈ। ਕਿਤਾਬਾਂ ਦੇ ਨਾਲ ਨਾਲ ਇਸ ਸੰਦਰਭ 'ਚ ਯੂਟਿਊਬ 'ਤੇ ਉਨ੍ਹਾਂ ਦੀਆਂ ਏਨੀਆਂ ਕੁ ਵੀਡਿਓ ਵੀ ਹਨ ਕਿ ਸੋਚ ਕੇ ਬੰਦਾ ਹੈਰਾਨ ਹੋ ਜਾਂਦਾ ਹੈ ਕਿ ਇਸ ਮਨੁੱਖ ਨੇ ਕਿਸੇ ਪਲ ਅੱਖ ਲਾ ਕੇ ਵੀ ਦੇਖਿਆ ਹੋਊ ਕਿ ਨਹੀਂ।



# 'ਤਰਕਾਂ ਦੇ ਤੀਰ' ਨਿਸ਼ਾਨੇ 'ਤੇ

**ਪੁਸਤਕ ਸਮੀਖਿਆ**

ਓਂਕਾਰ ਸਿੰਘ ਡੁਮੇਲੀ ਦੀ ਕਿਤਾਬ 'ਤਰਕਾਂ ਦੇ ਤੀਰ' ਵਿਚ ਕਵਿਤਾਵਾਂ, ਗ਼ਜ਼ਲਾਂ ਤੇ ਦੋਹੇ ਹਨ। ਕਵੀ ਨੇ ਇਹ ਕਿਤਾਬ ਕੋਈ ਚੌਰਾਸੀ ਸਾਲ ਦੀ ਉਮਰ ਵਿਚ ਲਿਖੀ ਹੈ। ਇਨਸਾਨ ਵਿਚ ਜਨੂੰਨ, ਜਜ਼ਬਾ ਤੇ ਉਤਸ਼ਾਹ ਹੋਵੇ ਤਾਂ ਉਹ ਕਿਸੇ ਵੀ ਉਮਰ ਵਿਚ ਜੋ ਚਾਹੇ ਕਰ ਸਕਦਾ ਹੈ। ਡੁਮੇਲੀ ਜੀ ਨੇ ਕਿਤਾਬ ਲਿਖ ਕੇ ਇਸ ਗੱਲ ਨੂੰ ਸੱਚ ਕਰ ਦਿਖਾਇਆ ਹੈ। ਪਰ ਇਹ ਵੀ ਸੱਚ ਹੈ ਕਿ ਇਸ ਕਿਤਾਬ ਦੀ ਰਚਨਾ ਕੋਈ ਇੱਕ ਦਿਨ ਵਿਚ ਨਹੀਂ ਹੋਈ। ਪਤਾ ਨਹੀਂ ਕਿੰਨੇ ਸਾਲਾਂ ਤੋਂ ਕਵਿਤਾ ਕਵੀ ਦੇ ਅੰਦਰ ਪਲ ਰਹੀ ਸੀ, ਪੱਕ ਰਹੀ ਸੀ। ਭੱਠੀ ਵਿਚ ਜਿਵੇਂ ਕੋਈ ਚੀਜ਼ ਮਘ ਕੇ ਹੌਲੀ ਹੌਲੀ ਪੱਕਦੀ ਹੈ। ਇੰਝ ਹੀ ਇਹ ਕਵਿਤਾ ਵੀ ਡੁਮੇਲੀ ਦੀ ਲੰਮੀ ਘਾਲਣਾ ਦੀ ਪੈਦਾਵਾਰ ਹੈ। ਰਚਨਾ ਮਨ-



**ਰਜਵੰਤ ਕੌਰ ਸੰਧੂ**
**ਵਟਸਐਪ: 91-97790-11385**

ਮਸਤਕ ਵਿਚ ਪ੍ਰੌੜ ਆਕਾਰ ਲੈਣ ਤੋਂ ਬਾਅਦ ਹੀ ਸ਼ਬਦਾਂ ਦਾ ਰੂਪ ਧਾਰਦੀ ਹੈ।

ਕਵੀ ਦੀ ਸੋਚ 'ਤੇ ਘਟਨਾਵਾਂ, ਵਿਅਕਤੀਆਂ ਤੇ ਵਰਤਾਰਿਆਂ ਦਾ ਅਸਰ ਪੈਂਦਾ ਹੈ। ਪਰਿਵਾਰਕ ਮਾਹੌਲ ਵਿਚ ਵੀ ਉਹਦੇ ਲੇਖਕ ਬਣਨ ਦੇ ਬੀਜ ਪਏ ਸਨ। ਉਸਦੀ ਦਾਦੀ ਨੇ ਅਚੇਤ ਹੀ ਸੋਹਣੀ ਤੇ ਸੁਲਝੀ ਹੋਈ ਬੋਲਣ ਸ਼ੈਲੀ ਦਾ ਬੀਜ ਉਹਦੇ ਮਨ ਵਿਚ ਬੀਜ ਦਿੱਤਾ। ਦਾਦੀ ਕੋਲ ਗੱਲ ਕਰਨ ਦਾ ਸਲੀਕਾ ਤੇ ਹੁਨਰ ਸੀ ਜੋ ਸਾਹਿਤ ਲਿਖਣ ਅਤਿ ਲੋੜੀਂਦਾ ਹੈ। ਉਸਦੇ ਪਿਤਾ ਨੂੰ ਸੰਗੀਤ ਤੇ ਸ਼ਾਇਰੀ ਦਾ ਸ਼ੌਕ ਤੇ ਸਮਝ ਸੀ। ਉਹ ਹਰਿਵਲਭ ਸੰਗੀਤ ਸੰਮੇਲਨ ਵਰਗੇ ਸੰਗੀਤਕ ਸੰਮੇਲਨਾਂ ਸਮੇਤ ਚੰਗੇ ਸਾਹਿਤਕ ਸਮਾਗਮਾਂ 'ਤੇ ਵੀ ਜਾਂਦੇ ਰਹਿੰਦੇ ਸਨ। ਉਹ ਬੱਚਿਆਂ ਨਾਲ ਚੰਗੇ ਸੰਗੀਤਕਾਰਾਂ ਤੇ ਚੰਗੇ ਸੰਗੀਤ ਦੀਆਂ ਗੱਲਾਂ ਕਰਦੇ। ਉਨ੍ਹਾਂ ਨੂੰ ਖ਼ੁਦ ਵੀ ਸੱਤ ਸੁਰਾਂ ਦੀ ਸਮਝ ਸੀ। ਕਵਿਤਾ ਵੀ ਸੰਗੀਤ ਤੋਂ ਬਿਨਾਂ ਅਧੂਰੀ ਹੈ। ਉਹ ਚੰਗੀ ਸ਼ਾਇਰੀ ਦੇ ਵੀ ਦਿਲ-ਦਾਦਾ ਸਨ। ਚੰਗੇ ਸ਼ਿਅਰ ਸੁਣਨ-ਸੁਣਾਉਣ ਦਾ ਸ਼ੌਕ ਵੀ ਸੀ। ਇੰਝ ਦਾਦੀ ਤੇ ਪਿਤਾ ਰਾਹੀਂ ਉਹਨੂੰ ਸ਼ਾਇਰੀ ਨਾਲ ਪਿਆਰ ਹੋਇਆ ਤੇ ਸਾਹਿਤ ਪੜ੍ਹਨ-ਲਿਖਣ ਦੀ ਚੇਟਕ ਲੱਗੀ। ਇਹ ਕਲਾ ਪਰਿਵਾਰ ਵਿਚ ਸਹਿਜ ਰੂਪ ਵਿਚ ਹੀ ਪ੍ਰਵੇਸ਼ ਕਰ ਗਈ। ਉਹਦੇ ਛੋਟੇ ਭਰਾ ਬਲਬੀਰ ਸਿੰਘ ਡੁਮੇਲੀ, ਜੋ ਵਧੀਆ ਕਵੀ ਹਨ, ਦੇ ਸੰਗ-ਸਾਥ ਨੇ ਵੀ ਉਸ ਅੰਦਰ ਕਵਿਤਾ ਨਾਲ ਲਗਾਉ ਪੈਦਾ ਕਰੀ ਰੱਖਿਆ। ਇਸਤੋਂ ਇਲਾਵਾ ਸਕੂਲ ਵਿਚ ਪੜ੍ਹਾਉਂਦੇ ਰਹੇ ਪੰਜਾਬੀ ਅਧਿਆਪਕ ਨੇ ਵੀ ਉਹਦੀ ਸਾਹਿਤਕ ਸੰਵੇਦਨਾ ਨੂੰ ਟੁੰਬਿਆ। ਨਿਊਯਾਰਕ ਵਿਚ ਵਿਚਰਦੇ ਸਾਹਿਤਕਾਰਾਂ ਦੀ ਵੀ ਸੰਗਤ ਮਾਣੀ। ਸਾਹਿਤਕ ਪ੍ਰੋਗਰਾਮਾਂ ਵਿਚ ਜਾਣ ਨਾਲ ਵਧੀਆ ਸ਼ਾਇਰਾਂ ਨੂੰ ਮਿਲਣ ਤੇ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ, ਜਿਨ੍ਹਾਂ ਵਿਚ ਸੁਰਿੰਦਰ ਸੋਹਲ ਆਦਿ ਕਵੀਆਂ ਦੇ ਮਿਲਾਪ ਨੇ ਸ਼ੌਕ ਤੇ ਉਤਸ਼ਾਹ ਵਧਾਇਆ।

ਪਰਿਵਾਰ ਤੋਂ ਇਲਾਵਾ ਚੌਗਿਰਦੇ ਵਿਚ ਵਾਪਰ ਰਹੇ ਸਮਾਜਿਕ, ਆਰਥਿਕ ਤੇ ਰਾਜਨੀਤਕ ਵਰਤਾਰੇ ਕਵੀ ਦੀ ਸੋਚ ਨੂੰ ਬਣਾਉਣ ਤੇ ਸ਼ਖਸ਼ੀਅਤ ਘੜਨ ਵਿਚ ਹਿੱਸਾ ਪਾਉਂਦੇ ਹਨ।

ਡੁਮੇਲੀ ਬੁਨਿਆਦੀ ਤੌਰ 'ਤੇ ਇੰਜੀਨੀਅਰ ਹੈ ਤੇ ਵਿਗਿਆਨਕ ਵਿਚਾਰ ਰੱਖਦਾ ਹੈ। ਉਹ ਅੰਧ-ਭਗਤੀ ਦਾ ਵਿਰੋਧੀ ਹੈ ਤੇ ਹਰ ਗੱਲ ਨੂੰ ਤਰਕ ਦੀ ਕਸਵੱਟੀ 'ਤੇ ਪਰਖਣ ਵਿਚ ਯਕੀਨ ਰੱਖਦਾ ਹੈ। ਡੁਮੇਲੀ ਬਹੁਤ ਠੰਡਾ, ਹਲੀਮੀ ਵਾਲਾ ਤੇ ਪਿਆਰ ਮੁਹੱਬਤ ਵਾਲਾ ਇਨਸਾਨ ਹੈ। ਇਸ ਸੁਭਾਅ ਕਾਰਨ ਹੀ ਉਹ ਆਪਣੀਆਂ ਕਵਿਤਾਵਾਂ ਵਿਚ ਕ੍ਰਾਂਤੀ ਨਾਲ ਨਹੀਂ ਸਗੋਂ ਹਰ ਮਸਲੇ ਨੂੰ ਤਰਕ ਰਾਹੀਂ ਹੱਲ ਕਰਨ ਨੂੰ ਤਰਜੀਹ ਦਿੰਦਾ ਹੈ। ਕਿਤਾਬ ਦਾ ਨਾਂ ਵੀ ਇਸੇ ਤਰਕਵਾਦੀ ਸੋਚ ਨਾਲ ਉਹਦੀ ਪੱਕੀ ਪ੍ਰਤੀਬੱਧਤਾ ਦਾ ਪ੍ਰਗਟਾਵਾ ਹੈ।

'ਤਰਕਾਂ ਦੇ ਤੀਰ' ਵਿਚ ਉਸ ਨੇ ਵਿਭਿੰਨ ਵਿਸ਼ਿਆਂ ਨੂੰ ਲਿਆ ਹੈ। ਅਗਾਂਹਵਧੂ ਵਿਚਾਰਾਂ ਦਾ ਹੋਣ ਕਰ ਕੇ ਉਹ ਏਸੇ ਦ੍ਰਿਸ਼ਟੀਕੋਣ 'ਤੋਂ ਜ਼ਿੰਦਗੀ ਨੂੰ ਵੇਖਦਾ ਹੈ। ਕਿਰਤੀ, ਕਿਰਸਾਨ, ਬੇਰੁਜ਼ਗਾਰੀ, ਅਮੀਰ-ਗ਼ਰੀਬ ਦਾ ਪਾੜਾ, ਪੁਲਿਸ ਤਸ਼ੱਦਦ, ਰਿਸ਼ਤਿਆਂ ਦੀ ਗੁੰਝਲ, ਇਸ਼ਕ-ਮੁਹੱਬਤ ਦੇ ਝਮੇਲੇ ਉਹਦੀ ਕਵਿਤਾ ਦੇ ਮੁੱਖ ਵਿਸ਼ੇ ਹਨ। 'ਅੱਜ ਦੇ ਹਾਲਾਤ' ਵਿਚੋਂ ਉਸਦਾ ਇਹ ਦ੍ਰਿਸ਼ਟੀਕੋਣ ਪਰਗਟ ਹੁੰਦਾ ਹੈ। ਉਸ ਅਨੁਸਾਰ ਸਾਰੇ ਪਾਸੇ ਕੂੜ ਦਾ ਪਸਾਰਾ ਹੈ। ਕਿਰਤੀਆਂ ਦੀ ਲੁੱਟ-ਖਸੁੱਟ ਹੋ ਰਹੀ ਹੈ। ਮਨੁੱਖ ਅੱਜ ਕੱਲ੍ਹ ਪੈਸੇ ਦਾ ਪੁੱਤ ਬਣ ਚੁੱਕਾ ਹੈ। ਜਦੋਂ ਬੰਦਾ ਪਰਵਾਸੀ ਹੋ ਜਾਂਦਾ ਹੈ ਤਾਂ ਉਹਨੂੰ ਆਪਣਾ ਪਿਛੋਕੜ, ਆਪਣਾ ਪਿੰਡ ਵਾਰ ਵਾਰ ਯਾਦ ਆਉਣਾ ਸੁਭਾਵਕ ਹੈ। ਕਵੀ ਵੀ ਆਪਣੀ ਕਵਿਤਾ, 'ਪਿੰਡ ਦਾ ਮੋਹ' ਵਿਚ ਅਜਿਹੇ ਵਿਛੋੜੇ ਤੇ ਹੇਰਵੇ ਦੀ ਗੱਲ ਕਰਦਾ ਹੈ।


ਉਸਨੂੰ ਵਰਤਮਾਨ ਸਮੇਂ ਵਿਚ ਆਪਣੇ ਗੁਰੂ ਸਾਹਿਬਾਨ ਦੀ ਸਿੱਖਿਆ ਤੋਂ ਕੋਹਾਂ ਦੂਰ ਜਾ ਚੁੱਕੇ ਧਾਰਮਿਕ ਤੇ ਰਾਜਨੀਤਕ ਲੋਕਾਂ 'ਤੇ ਰੰਜ ਤੇ ਗੁੱਸਾ ਹੈ, ਜਿਹੜੇ ਮਿਹਨਤਕਸ਼ਾਂ ਦੀ ਮਿਹਨਤ ਦੀ ਕਮਾਈ ਨੂੰ ਬਾਜ਼ਾਂ ਵਾਂਗ ਝਪਟ ਮਾਰ ਕੇ ਖੋਹ ਲੈਂਦੇ ਹਨ। ਗੁਰੂ ਗੋਬਿੰਦ ਸਿੰਘ ਨੇ ਕਦੀ ਅਜਿਹੇ ਲੋਕ-ਵਿਰੋਧੀ ਮਸੰਦਾਂ ਨੂੰ ਕਰੜੀਆਂ ਸਜ਼ਾਵਾਂ ਦਿੱਤੀਆਂ ਸਨ। ਗੁਰੂ ਗੋਬਿੰਦ ਸਿੰਘ ਜੀ ਨੂੰ ਯਾਦ ਕਰਦਿਆਂ ਕਰੜਾ ਵਿਅੰਗ ਕਰਦਾ ਹੈ:

ਮੇਰੇ ਗੁਰੂ ਗੋਬਿੰਦ ਸਿੰਘ ਜੀ,
ਇਨ੍ਹਾਂ ਨੂੰ ਆਪਣੇ ਪਾਸ ਬੁਲਾਉ
ਇਨ੍ਹਾਂ ਦੇ ਮਗ਼ਜ਼ੀਂ ਸੋਝੀ ਪਾਉ
ਜਾਂ ਇਨ੍ਹਾਂ ਨੂੰ ਪਾਰ ਬੁਲਾਉ

ਕਵੀ ਦੇ ਵੱਡੇ ਫ਼ਿਕਰਾਂ ਵਿਚੋਂ 'ਅੱਜ ਦਾ ਫ਼ਿਕਰ' ਇਹ ਹੈ ਕਿ ਕਿਰਤੀ ਤੇ ਕਿਰਸਾਨ ਆਪਸ ਵਿਚ ਪਾਟਣ ਦੀ ਥਾਂ ਇੱਕ ਹੋਣੇ ਚਾਹੀਦੇ ਹਨ ਕਿਉਂਕਿ ਤਬਦੀਲੀ ਉਨ੍ਹਾਂ ਦੇ ਪਾਟੇ ਰਹਿਣ ਵਿਚ ਨਹੀਂ ਸਗੋਂ ਇੱਕ-ਜੁੱਟ ਹੋਣ ਵਿਚ ਹੈ। ਉਸਨੂੰ ਵਰਤਮਾਨ ਦਾ ਹੀ ਨਹੀਂ, ਭਵਿੱਖ ਦਾ ਵੀ ਫ਼ਿਕਰ ਹੈ। ਉਹ ਚਾਨਣ ਦੇ ਦੀਵੇ ਬਾਲ ਕੇ ਨਵਾਂ ਸਵੇਰਾ ਲਿਆਉਣ ਦਾ ਚਾਹਵਾਨ ਹੈ। ਉਹਦੀ ਇੱਛਾ ਹੈ ਕਿ ਭਾਗੋਆਂ ਦਾ ਖ਼ਾਤਮਾ ਹੋਵੇ ਤੇ ਲਾਲੋਆਂ ਦੀ ਜਿੱਤ ਹੋਵੇ।

ਕਦੀ ਕਦੀ ਅਜਿਹੀ ਕਵਿਤਾ ਵੀ ਲਿਖ ਜਾਂਦਾ ਹੈ, ਜਿਸ ਵਿਚੋਂ ਉਹਦੇ ਰੁਮਾਂਟਿਕ ਰਵੱਈਏ ਦਾ ਪ੍ਰਗਟਾਵਾ ਹੁੰਦਾ ਹੈ। 'ਮੁਟਿਆਰ ਦਾ ਸੁਪਨਾ' ਵਿਚ ਭਰ ਜਵਾਨ ਮੁਟਿਆਰ ਦੇ ਮਨ ਦੀਆਂ ਤਰੰਗਾਂ ਤੇ ਕੋਮਲ ਭਾਵਨਾਵਾਂ ਤੇ ਚਾਹਤਾਂ ਦਾ ਬਹੁਤ ਹੀ ਖ਼ੂਬਸੂਰਤ ਪ੍ਰਗਟਾਵਾ ਕਰਦਾ ਹੈ। ਕਿਸੇ ਕਵੀ ਜਾਂ ਲੇਖਕ ਦੀ ਵਿਸ਼ੇਸ਼ਤਾ ਹੀ ਇਹ ਹੁੰਦੀ ਹੈ ਕਿ ਉਹ ਦੂਜੇ ਦੇ ਅੰਦਰ ਬਹਿ ਕੇ ਉਹਦੇ ਦੁੱਖ-ਸੁਖ, ਚਾਵਾਂ, ਖ਼ੁਸ਼ੀਆਂ ਤੇ ਰੀਝਾਂ ਨੂੰ ਮਹਿਸੂਸ ਕਰ ਸਕਦਾ ਹੈ। ਇਸ ਕਵਿਤਾ ਵਿਚ ਉਹ ਖ਼ੁਦ ਮੁਟਿਆਰ ਹੋ ਗਿਆ ਹੈ।

ਉਹ ਸਮਝਦਾ ਹੈ ਕਿ ਕੋਈ ਤਬਦੀਲੀ ਉਦੋਂ ਹੀ ਵਾਪਰ ਸਕਦੀ ਹੈ ਜਦੋਂ ਮਨੁੱਖ ਆਪਣੇ ਆਪ ਨੂੰ ਸਮਝ ਕੇ, ਆਪਣੀਆਂ ਕਮਜ਼ੋਰੀਆਂ ਨੂੰ ਜਾਣ ਕੇ ਹੱਕ ਸੱਚ ਦੇ ਮੈਦਾਨ ਵਿਚ ਨਿੱਤਰਦਾ ਹੈ। 'ਸ਼ੀਸ਼ੇ ਦੇ ਸਨਮੁੱਖ' ਤੇ 'ਸ਼ੀਸ਼ਾ ਕਹਿੰਦਾ' ਦੋ ਕਵਿਤਾਵਾਂ ਅਜਿਹੀਆਂ ਹਨ, ਜੋ ਮਨੁੱਖ ਨੂੰ ਅੰਤਰ-ਝਾਤ ਪਾਉਣ ਦੀ ਸੋਝੀ ਦਿੰਦੀਆਂ ਹਨ। ਏਸੇ ਨੂੰ ਗੁਰੂ ਨਾਨਕ ਸਾਹਿਬ ਨੇ 'ਮਨ ਤੂੰ ਜੋਤ ਸਰੂਪ ਹੈਂ ਆਪਣਾ ਮੂਲ ਪਛਾਣ' ਜਾਂ ਬਾਬਾ ਫ਼ਰੀਦ ਨੇ 'ਆਪਣੇ ਗਿਰੀਵਾਨ ਮਹਿ ਸਿਰ ਨੀਵਾਂ ਕਰ ਵੇਖ' ਦੀਆਂ ਉਦਾਹਰਣਾਂ




ਨਾਲ ਸਮਝਾਇਆ ਹੈ। ਆਪਣੇ ਇਨ੍ਹਾਂ ਵਡੇਰਿਆਂ ਦੀ ਸਿੱਖਿਆ ਤੋਂ ਰੋਸ਼ਨੀ ਲੈ ਕੇ ਬੰਦੇ ਨੂੰ ਉਹਦੇ ਫ਼ਰਜ਼ ਚੇਤੇ ਕਰਾਉਂਦਾ ਹੈ। ਕੀ ਕਦੀ ਉਹ ਕਿਸੇ ਗ਼ਰੀਬ ਦੇ ਘਰ ਗਿਆ ਹੈ? ਉਹਦੇ ਦੁਖ-ਸੁਖ ਨਾਲ ਸਾਂਝ ਪਾਈ ਹੈ? ਕੀ ਕਦੀ ਕੋਈ ਭਲਾਈ ਦਾ ਕੰਮ ਕੀਤਾ ਹੈ? ਕਵੀ ਉਨ੍ਹਾਂ ਦੰਭੀ ਤੇ ਪਖੰਡੀਆਂ ਧਰਮੀਆਂ 'ਤੇ ਕਾਟਵਾਂ ਵਿਅੰਗ ਕਰਦਾ ਹੇ ਜਿਹੜੇ ਉੱਤੋਂ ਉੱਤੋਂ ਤਾਂ ਉਜਲੇ ਕੈਂਹੇ ਵਾਂਗ ਲਿਸ਼ਕਦੇ ਹਨ, ਸੱਜਣ ਠੱਗ ਵਰਗੇ ਚਿੱਟ ਕੱਪੜੀਏ ਹਨ, ਪਰ ਅੰਦਰੋਂ ਉਨ੍ਹਾਂ ਦੇ ਮਨ ਕਾਲੇ ਤੇ ਕਰਤੂਤਾਂ ਵੀ ਕਾਲੀਆਂ ਹਨ।

ਕਵੀ ਰਿਸ਼ਤਿਆਂ ਪ੍ਰਤੀ ਬਹੁਤ ਸੰਵੇਦਨਸ਼ੀਲ ਤੇ ਸੁਹਿਰਦ ਹੈ। ਜਦੋਂ ਮੋਹ ਵਿਚ ਭਰ ਕੇ ਮਾਪਿਆਂ ਨੂੰ ਯਾਦ ਕਰਦਾ ਹੈ ਤਾਂ ਕਵਿਤਾ ਉਹਦੇ ਅੰਦਰੋਂ ਆਪ ਮੁਹਾਰੇ ਪਾਣੀ ਬਣ ਕੇ ਵਹਿਣ ਲੱਗਦੀ ਹੈ।

ਦਿਲ ਵਿਚੋਂ ਜੋ ਨਿਕਲਣ ਅੱਥਰੂ, ਅਸੀਂ ਪਲਕਾਂ ਵਿਚ ਲੁਕੋਏ।
ਅਸੀਂ ਥੰਮੀਏ ਇਹ ਥੰਮਣ ਨਾਹੀਂ, ਇਹ ਅੱਥਰੂ ਚੰਦਰੇ ਮੋਏ
ਸੱਜੀ ਅੱਖੋਂ ਮਾਂ ਲਈ ਅੱਥਰੂ, ਖੱਬਿਉਂ ਪਿਉ ਲਈ ਚੋਏ
ਰਾਤੀਂ ਵਰਜ ਸੁਲਾਏ ਅੱਥਰੂ, ਫਿਰ ਤੜ੍ਹਕੇ ਉੱਠ ਖਲੋਏ।

ਇੰਝ ਹੀ ਪਤਨੀ ਨਾਲ ਮੁਹੱਬਤ 'ਤੇ ਵਿਗੋਚਾ ਵੀ ਕਵਿਤਾ ਵਿਚੋਂ ਨਜ਼ਰ ਆਉਂਦਾ ਹੈ। ਮੈਂ ਅੱਖੀਂ ਵੇਖਿਆ ਹੈ ਕਿ ਓਂਕਾਰ ਸਿੰਘ ਆਪਣੀ ਪਤਨੀ ਦੀ ਸੇਵਾ ਬੜੇ ਸਮਰਪਣ ਭਾਵ ਨਾਲ ਕਰਦਾ ਰਿਹਾ ਹੈ। ਉਸਦੇ ਤੁਰ ਜਾਣ 'ਤੇ ਜੋ ਇਕੱਲ ਤੇ ਪੀੜ ਹੰਢਾ ਰਿਹਾ ਹੈ, ਉਸ ਦਾ ਕਾਵਿਕ ਬਿਆਨ ਇਨ੍ਹਾਂ ਸਤਰਾਂ ਵਿਚ ਹੈ।

ਬਹੁਤਾ ਬੋਲ ਨਹੀਂ ਹੁੰਦਾ, ਪਰ ਜਰ ਵੀ ਨਹੀਂ ਹੁੰਦਾ
ਜ਼ਿੰਦਗੀ ਹੋਈ ਕਿਰਕਿਰੀ ਪਰ ਮਰ ਵੀ ਨਹੀਂ ਹੁੰਦਾ

ਜੀਵਨ-ਸਾਥੀ ਤੋਂ ਬਿਨਾਂ ਜੋ ਖਲਾਅ ਉਹਦੀ ਜ਼ਿੰਦਗੀ ਵਿਚ ਆ ਗਿਆ ਹੈ, ਉਸਨੂੰ ਸਵੀਕਾਰ ਕਰਦਾ ਹੈ, ਪਰ 'ਮਰਿਆਂ ਨਾਲ ਮਰਿਆ ਵੀ ਨਹੀਂ ਜਾਂਦਾ' ਦੇ ਸੱਚ ਨੂੰ ਪ੍ਰਵਾਨ ਕਰਦਿਆਂ ਢੇਰੀ ਢਾਹ ਕੇ ਬਹਿ ਜਾਣ ਨਾਲੋਂ ਤੁਰਦੇ ਰਹਿਣ ਦਾ ਵਿਸ਼ਵਾਸੀ ਹੈ।

ਕਵੀ ਕੋਲ ਬੇਸ਼ੱਕ ਵਿਸ਼ਿਆਂ ਦਾ ਵੱਡਾ ਭੰਡਾਰਾ ਹੈ ਪਰ ਵਿਚਾਰਧਾਰਕ ਤੌਰ 'ਤੇ ਉਹ ਸਮਾਜਕ ਤੇ ਰਾਜਨੀਤਕ ਤਬਦੀਲੀ ਦਾ ਚਾਹਵਾਨ ਹੈ। ਗ਼ਰੀਬੀ, ਮਾਨਿਸਕ ਤੇ ਆਰਥਕ ਗੁਲਾਮੀ ਤੋਂ ਮੁਕਤ ਸਮਾਜ ਉਹਦਾ ਸੁਪਨਾ ਹੈ। ਉਸਨੂੰ ਸੁੱਖ-ਸਹੂਲਤਾਂ ਤੋਂ ਵਾਂਝੇ ਲੋਕਾਂ ਦੇ ਦਰਦ ਤੇ ਦੁੱਖ ਸਤਾਉਂਦੇ ਹਨ। ਜਦੋਂ ਮਨੁੱਖੀ ਦਰਦ ਵਿਚ ਭਿੱਜ ਕੇ ਕਵਿਤਾ ਲਿਖਦਾ ਹੈ ਤਾਂ ਸ਼ਬਦਾਂ ਵਿਚੋਂ ਅੱਥਰੂ ਕਿਰਦੇ ਹਨ। ਹੰਝੂ ਉਹਦੀ ਨਿੱਜੀ ਪੀੜ ਦੇ ਪ੍ਰਤੀਨਿਧ ਵੀ ਬਣ ਜਾਂਦੇ ਹਨ ਤੇ ਲੋਕਾਈ ਦੀ ਪੀੜ ਵੀ ਸ਼ਬਦਾਂ ਵਿਚੋਂ ਡੁੱਲ੍ਹਣ ਲੱਗਦੀ ਹੈ। ਹੰਝੂ ਬੋਲਣ ਲੱਗਦੇ ਹਨ।

ਅੱਖਾਂ ਦੇ ਵਿਚ ਡੋਲਣ ਹੰਝੂ
ਮੂੰਹ ਏ ਚੁੱਪ ਤੇ ਬੋਲਣ ਹੰਝੂ
ਦਿਲ ਦੀਆਂ ਤਰਬਾਂ ਫੋਲਣ ਹੰਝੂ
ਦਿਲ ਦੀਆਂ ਦਰਦਾਂ ਤੋਲਣ ਹੰਝੂ
ਗੁੱਝੀਆਂ ਫ਼ਰਦਾਂ ਖੋਲ੍ਹਣ ਹੰਝੂ
ਵਿਛੜ ਅੱਧ ਨੂੰ ਟੋਲਣ ਹੰਝੂ।

ਲੋਕਾਈ ਦੇ ਦਰਦ ਤਾਂ ਸਭ ਦੇ ਸਾਹਮਣੇ ਹਨ ਪਰ ਨਿੱਜੀ ਦਰਦ ਬੜੇ ਗਹਿਰੇ 'ਤੇ ਗੁੱਝੇ ਹੁੰਦੇ ਹਨ। ਵਿਛੜ ਅੱਧ ਨੂੰ ਟੋਲਣ ਵਾਲੇ ਹੰਝੂ ਉਹਨੇ ਆਪਣੀ ਵਿਛੜ ਗਈ ਪਤਨੀ ਦੀ ਯਾਦ ਵਿਚ ਕੇਰੇ ਹਨ। ਪਰ ਨਾਲ ਹੀ ਉਹ ਆਪਣੀ ਨਿੱਜੀ ਪੀੜ ਨੂੰ ਸਮੂਹਿਕ ਪੀੜ ਨਾਲ ਜੋੜ ਦਿੰਦਾ ਹੈ।

ਕੁਝ ਤੇਰੇ ਕੁਝ ਮੇਰੇ ਹੰਝੂ
ਦਿੱਸਣ ਚਾਰ ਚੁਫ਼ੇਰੇ ਹੰਝੂ
ਕੰਮੀਆਂ ਦੇ ਲਾਏ ਡੇਰੇ ਹੰਝੂ
ਕਿਰਸਾਨਾਂ ਦੇ ਘਰ ਘੇਰੇ ਹੰਝੂ
ਬਣ ਸਭ ਚੁਚੇਰੇ ਹੰਝੂ
ਕੱਟ ਦੇਣ ਜ਼ੁਲਮ ਹਨੇਰੇ ਹੰਝੂ
ਜੇ ਬਣ ਜਾਣ ਮਸੇਰੇ ਹੰਝੂ

ਕਵੀ ਰਮਜ਼ ਨਾਲ ਆਪਣੀ ਗੱਲ ਕਰਦਿਆਂ ਸੰਕੇਤ ਕਰਦਾ ਹੈ ਕਿ ਜੇ ਲੁੱਟੇ ਥੁੜੇ ਦੁਖੀ ਲੋਕ ਚਚੇਰੇ-ਮਸੇਰੇ ਭਰਾ ਬਣ ਕੇ ਏਕਾ ਸਿਰਜ ਲੈਣ ਤਾਂ ਹੀ ਸਮਾਜ ਵਿਚ ਤਬਦੀਲੀ ਆ ਸਕਦੀ ਹੈ।

ਕੁੱਲ ਮਿਲਾ ਕੇ ਓਂਕਾਰ ਸਿੰਘ ਅੰਦਰ ਸਾਲਾਂ ਤੋਂ ਸੁੱਤਾ ਕਵੀ ਜਾਗ ਪਿਆ ਹੈ ਤੇ ਖ਼ੂਬ ਜਾਗਿਆ ਹੈ। ਉਹ ਸ਼ਾਇਰੀ ਰਾਹੀਂ ਸੁੱਤੇ ਲੋਕਾਂ ਤੇ ਉਨ੍ਹਾਂ ਦੀ ਸੁੱਤੀ ਕਿਸਮਤ ਜਗਾਉਣ ਦਾ ਅਹਿਦ ਕਰ ਕੇ ਕਾਵਿਕ ਮੈਦਾਨ ਵਿਚ ਉੱਤਰਿਆ ਹੈ। ਆਸ ਹੈ ਕਿ ਉਹ ਆਪਣੀ ਕਲਮ ਨੂੰ ਵੀ ਹੁਣ ਸੌਣ ਨਾ ਦੇਵੇ। ਸਾਨੂੰ ਉਸ 'ਤੋਂ ਹੋਰ ਵੀ ਉੱਤਮ ਰਚਨਾਵਾਂ ਦੀ ਉਡੀਕ ਹੈ।

# ਵਾਰਤਕ, ਕਹਾਣੀ, ਕਵਿਤਾ ਦਾ ਸੁਹਜਮਈ ਸੁਮੇਲ: ਕੁਲਵਿੰਦਰ ਸਿੰਘ ਬਾਠ ਦੀ 'ਤਾਣੇ-ਬਾਣੇ'

ਪੰਜਾਬੀ ਪਾਠਕਾਂ ਲਈ ਡਾ. ਕੁਲਵਿੰਦਰ ਸਿੰਘ ਬਾਠ ਸ਼ਾਇਦ ਨਵਾਂ ਨਾਂ ਹੋਵੇ, ਕਿਉਂਕਿ ਇਸ ਤੋਂ ਪਹਿਲਾਂ ਉਸਦਾ ਇਕ ਕਾਵਿ-ਸੰਗ੍ਰਹਿ 'ਜ਼ਿੰਦਾਦਿਲੀ' ਹੀ ਪ੍ਰਕਾਸ਼ਿਤ ਹੋਇਆ ਹੈ, ਪਰ ਪੰਜਾਬੀ ਲੇਖਕਾਂ ਲਈ ਇਹ ਨਾਂ ਓਪਰਾ ਨਹੀਂ, ਕਿਉਂਕਿ ਸਾਹਿਤਕ ਪੁਸਤਕਾਂ ਦੇ ਰੀਵਿਊ ਕਰਨ ਵਿਚ ਉਹ ਇਕ ਵਿਸ਼ੇਸ਼ ਮੁਕਾਮ ਹਾਸਲ ਕਰ ਚੁੱਕਿਆ ਹੈ। ਭਾਵੇਂ ਕੁਲਵਿੰਦਰ ਵਿਗਿਆਨ ਦਾ ਵਿਦਿਆਰਥੀ ਰਿਹਾ ਹੈ ਅਤੇ ਅੱਜ-ਕੱਲ੍ਹ ਅਮਰੀਕਾ ਰਹਿੰਦਾ ਹੋਇਆ ਵੀ ਉਹ ਵਿਗਿਆਨ (ਮਾਈਕਰੋ




**ਰਵਿੰਦਰ ਸਿੰਘ ਸੋਢੀ**
**ਫੋਨ: 001-604-369-2371**

ਬਾਇਲੌਜੀ) ਦੇ ਖੇਤਰ ਵਿਚ ਕਾਰਜਸ਼ੀਲ ਹੈ। ਪੰਜਾਬੀ ਤਾਂ ਉਸਨੇ ਸਕੂਲ ਦੇ ਸਮੇਂ ਹੀ ਪੜ੍ਹੀ ਸੀ, ਪਰ ਪਤਾ ਨਹੀਂ ਉਹ ਪੰਜਾਬੀ ਦੀ ਉੱਚ ਪੜ੍ਹਾਈ ਕੀਤੇ ਬਿਨਾ ਹੀ ਕਈ ਅਖੌਤੀ ਵਿਦਵਾਨਾਂ ਨਾਲੋਂ ਵਧੀਆ ਪੰਜਾਬੀ ਕਿਵੇਂ ਲਿਖ ਲੈਂਦਾ ਹੈ?

ਪੁਸਤਕ ਦੇ ਨਾਂ 'ਤਾਣੇ-ਬਾਣੇ' ਦੇ ਨਾਲ ਉਸਨੇ ਵਾਰਤਕ ਸ਼ਬਦ ਲਿਖਿਆ ਹੈ, ਪਰ ਪੁਸਤਕ ਦੇ ਅਧਿਐਨ ਸਮੇਂ ਮੈਨੂੰ ਹੈਰਾਨੀ ਹੋ ਰਹੀ ਸੀ ਕਿ ਕੋਈ ਨਵਾਂ ਲੇਖਕ ਆਪਣੀ ਪਹਿਲੀ ਹੀ ਵਾਰਤਕ ਪੁਸਤਕ ਵਿਚ ਅਜਿਹੀ ਪ੍ਰਪੱਕ ਵਾਰਤਕ ਸ਼ੈਲੀ ਕਿਵੇਂ ਵਰਤ ਸਕਦਾ ਹੈ? ਵਾਰਤਕ ਸ਼ੈਲੀ ਦੇ ਨਾਲ-ਨਾਲ ਜਿਵੇਂ ਉਸਨੇ ਵਾਰਤਕ ਵਿਚ ਕਹਾਣੀ ਰਸ ਪੈਦਾ ਕੀਤਾ ਹੈ, ਕਾਵਿਕ ਰੰਗਣ ਦੀ ਪੁੱਠ ਚਾੜ੍ਹੀ ਹੈ, ਹਾਸ-ਰਸ ਪੈਦਾ ਕੀਤਾ ਹੈ ਅਤੇ ਵਿਅੰਗ-ਬਾਣ ਚਲਾਏ ਹਨ, ਗੁਰਬਾਣੀ ਵਿਚੋਂ ਢੁਕਵੀਆਂ ਉਦਾਹਰਣਾਂ ਦੇ ਕੇ ਕਈ ਥਾਂ ਗੁਰਬਾਣੀ ਦੇ ਸ਼ਾਬਦਿਕ ਅਰਥਾਂ ਨਾਲੋਂ ਨਵੇਂ ਸਿਰੇ ਤੋਂ ਵਿਆਖਿਆ ਕੀਤੀ ਹੈ ਅਤੇ ਮੁਹਾਵਰਿਆਂ, ਅਖਾਣਾਂ ਦੀ ਵਰਤੋਂ ਕਰਕੇ ਆਪਣੀ ਗੱਲ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ, ਉਹ ਕਾਬਲੇ ਤਾਰੀਫ਼ ਵੀ ਹੈ ਅਤੇ ਮੇਰੇ ਵਰਗੇ ਕਲਮ ਝਰੀਟ ਲਈ ਕਾਬਲੇ ਰਸ਼ਕ ਵੀ।

ਪ੍ਰਸਤੁਤ ਪੁਸਤਕ ਵਿਚ ਡਾ. ਬਾਠ ਨੇ 42 ਵੱਖ-ਵੱਖ ਵਿਸ਼ਿਆਂ 'ਤੇ ਲੇਖ ਲਿਖੇ ਹਨ, ਇਨ੍ਹਾਂ ਵਿਚੋਂ ਕੁਝ ਤਾਂ ਨਿੱਕੀਆਂ ਕਹਾਣੀਆਂ ਦਾ ਰੂਪ ਹੀ ਹਨ। ਇਹ ਕਹਾਣੀਆਂ ਅਸਲ ਵਿਚ ਉਸਦੀ ਜ਼ਿੰਦਗੀ ਵਿਚ ਵਾਪਰੀਆਂ ਘਟਨਾਵਾਂ 'ਤੇ ਅਧਾਰਿਤ ਹਨ, ਜਿਨ੍ਹਾਂ ਨੂੰ ਉਸਨੇ ਆਪਣੇ ਨਿਵੇਕਲੇ ਅੰਦਾਜ਼ ਵਿਚ ਕਲਮਬੱਧ ਕਰਕੇ ਯਾਦਗਾਰੀ ਬਣਾ ਦਿੱਤਾ ਹੈ। ਇਹ ਕਹਾਣੀਆਂ ਮਿੰਨੀ ਕਹਾਣੀਆਂ ਨਾਲੋਂ ਵੱਡੀਆਂ ਹਨ ਅਤੇ ਆਮ ਕਹਾਣੀਆਂ ਨਾਲੋਂ ਛੋਟੀਆਂ, ਪਰ ਪੜ੍ਹਨ ਵਾਲੇ 'ਤੇ ਇਨ੍ਹਾਂ ਦਾ ਪ੍ਰਭਾਵ ਥਿਰ ਜੀਵੀ ਹੈ। ਲੇਖ ਵੀ ਸੰਖੇਪ ਹਨ। ਅਜਿਹੇ ਲੇਖਾਂ ਨੂੰ ਡਾ. ਕੁਲਬੀਰ ਸਿੰਘ ਕਾਂਗ ਨੇ ਕਦੇ 'ਲਲਿਤ ਨਿਬੰਧ' ਦਾ ਨਾਂ ਦਿੱਤਾ ਸੀ। ਕੁਝ ਲੇਖਕ ਅਜਿਹੇ ਲੇਖਾਂ ਨੂੰ 'ਲਘੂ ਨਿਬੰਧ' ਵੀ ਕਹਿੰਦੇ ਹਨ।




ਇਸ ਪੁਸਤਕ ਵਿਚ ਸ਼ਾਮਲ ਕੀਤੀਆਂ ਕਹਾਣੀਆਂ ਦੀ ਗੱਲ ਕਰੀਏ ਤਾਂ ਜੋਬਨ ਰੁੱਤੇ ਵਿਛੜ ਗਿਆਂ ਦਾ ਦਰਦ, ਰਾਜੋ, ਇਨ੍ਹਾਂ ਪੰਡਾਂ ਦਾ ਕੀ ਕਰੀਏ, ਹੁਕਮਾ, 'ਦ ਬਿੱਗ ਸਟੋਰੀ ਟੈਲਰ, ਤੁਸੀਂ ਤਾਂ ਭਾਗਾਂ ਵਾਲੇ ਹੋ ਬਾਦਸ਼ਾਹੋ!, ਅੰਦਾਜ਼ ਆਪਣਾ ਆਪਣਾ... ਡਰ-ਡਰ ਕੇ ਜੀਵਨ ਜਿਉਂਦਿਆਂ, ਪਿੰਡ ਨੂੰ ਜਾਂਦੀ ਆਖਰੀ ਬੱਸ, ਮੇਰੇ ਪੇਂਡੂ ਦੇ ਸਹੁਰਾ ਸਾਹਿਬ, ਦੁਰਗਾ ਦਾਸ ਨਾ ਕਿਸੇ ਨੇ ਬਣ ਜਾਣਾ, ਕੁੱਤੇ ਝੱਗੀ ਅਤੇ ਬਾਬੇ ਦੀ ਮਾਇਆ-ਝੱਗੀ ਆਦਿ ਅਸਲ ਵਿਚ ਲੇਖਕ ਦੀ ਜ਼ਿੰਦਗੀ ਵਿਚ ਵਾਪਰੀਆਂ ਘਟਨਾਵਾਂ 'ਤੇ ਅਧਾਰਿਤ ਕਹਾਣੀਆਂ ਹਨ ਅਤੇ ਜਾਂ ਇਹ ਵੀ ਹੋ ਸਕਦਾ ਹੈ ਕਿ ਡਾ. ਬਾਠ ਨੇ ਇਨ੍ਹਾਂ ਨੂੰ ਆਪਣੀ ਜ਼ਿੰਦਗੀ ਵਿਚ ਵਾਪਰੀਆਂ ਘਟਨਾਵਾਂ ਦੇ ਤੌਰ 'ਤੇ ਪੇਸ਼ ਕਰ ਦਿੱਤਾ ਹੋਵੇ। ਇਨ੍ਹਾਂ ਦੋਹਾਂ ਵਿਚੋਂ ਕੋਈ ਗੱਲ ਵੀ ਸਹੀ ਹੋਵੇ ਲੇਖਕ ਦੀ ਇਸ ਗੱਲੋਂ ਤਾਰੀਫ਼ ਕਰਨੀ ਬਣਦੀ ਹੈ ਕਿ ਉਸ ਵਿਚ ਇਕ ਵਧੀਆ ਕਹਾਣੀਕਾਰ ਵਰਗੀ ਕੁਦਰਤੀ ਕਲਾ ਹੈ ਅਤੇ ਮੇਰਾ ਖਿਆਲ ਹੈ ਕਿ ਜੇ ਉਹ ਕਹਾਣੀ ਰਚਨਾ ਵੱਲ ਵੀ ਕਦਮ ਪੁੱਟੇ ਤਾਂ ਪੰਜਾਬੀ ਕਹਾਣੀ ਦੇ ਖੇਤਰ ਵਿਚ ਵੀ ਵੱਡਾ ਮੁਕਾਮ ਹਾਸਲ ਕਰ ਸਕਦਾ ਹੈ।

'ਜੋਬਨ ਰੁੱਤੇ ਵਿਛੜ ਗਿਆਂ ਦਾ ਦਰਦ' ਇਕ ਦੁਖਾਂਤਕ ਕਹਾਣੀ ਹੈ, ਜੋ ਪਾਠਕਾਂ ਨੂੰ ਸੋਗਮਈ ਵਾਤਾਵਰਣ ਵਿਚ ਲੈ ਜਾਂਦੀ ਹੈ। ਹੁਕਮਾ 'ਦ ਬਿੱਗ ਸਟੋਰੀ ਟੈਲਰ, ਮੇਰੇ ਪੇਂਡੂ ਦੇ ਸਹੁਰਾ ਸਾਹਿਬ, ਦੁਰਗਾ ਦਾਸ ਨਾ ਕਿਸੇ ਨੇ ਬਣ ਜਾਣਾ ਆਦਿ ਪਾਤਰ ਪ੍ਰਧਾਨ ਕਹਾਣੀਆਂ ਹਨ, ਜਿਨ੍ਹਾਂ ਦੇ ਮੁੱਖ ਪਾਤਰ

*(ਬਾਕੀ ਅਗਲੇ ਸਫੇ 'ਤੇ)*

# ਅਸੀਂ ਜੰਗ ਤੋਂ ਤਾਂ ਬਚ ਗਏ, ਸ਼ਾਇਦ ਇਸ ਯੁੱਧਬੰਦੀ ਤੋਂ ਨਾ ਬਚ ਸਕੀਏ

***ਗਾਜ਼ਾ ਦੀ ਵਸਨੀਕ ਫਲਸਤੀਨੀ ਕੁੜੀ ਸਾਰਾ ਅਵਾਦ ਅੰਗਰੇਜ਼ੀ ਸਾਹਿਤ ਦੀ ਵਿਦਿਆਰਥਣ, ਲੇਖਿਕਾ ਅਤੇ ਕਹਾਣੀਕਾਰ ਹੈ। ਮਨੁੱਖੀ ਅਨੁਭਵਾਂ ਅਤੇ ਸਮਾਜਿਕ ਮੁੱਦਿਆਂ ਨੂੰ ਪਕੜਨ ਦੀ ਇੱਛਾ ਰੱਖਣ ਵਾਲੀ ਸਾਰਾ ਆਪਣੀ ਲੇਖਣੀ ਦੀ ਵਰਤੋਂ ਅਕਸਰ ਅਣਸੁਣੀਆਂ ਰਹਿ ਗਈਆਂ ਕਹਾਣੀਆਂ ਨੂੰ ਸਾਹਮਣੇ ਲਿਆਉਣ ਲਈ ਕਰਦੀ ਹੈ। ਉਸਦਾ ਕੰਮ ਯੁੱਧ ਦਰਮਿਆਨ ਲਚਕੀਲੇਪਣ, ਪਛਾਣ ਅਤੇ ਉਮੀਦ ਦੇ ਵਿਸ਼ੇ ਤਲਾਸ਼ਣਾ ਹੈ। ਇਸ ਰਿਪੋਰਟ ਵਿਚ ਉਸਨੇ ਯੁੱਧਬੰਦੀ ਦੇ ਐਲਾਨ ਤੋਂ ਬਾਅਦ ਗਾਜ਼ਾ ਪੱਟੀ ਦੇ ਜ਼ਮੀਨੀ ਹਾਲਾਤ ਬਿਆਨ ਕੀਤੇ ਹਨ-ਸੰਪਾਦਕ॥***

**ਸਾਰਾ ਅਵਾਦ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਪਿਛਲੇ ਐਤਵਾਰ ਨੂੰ, ਮੈਂ ਗਾਜ਼ਾ ਪੱਟੀ ਦੇ ਕੇਂਦਰੀ ਇਲਾਕੇ ਵਿਚ ਸਥਿਤ ਅਜ਼-ਜ਼ਾਵੈਦਾ ਵਿਚ ਆਪਣੇ ਪਰਿਵਾਰ ਦੇ ਤੰਬੂ ਵਿਚੋਂ ਬਾਹਰ ਨਿਕਲੀ ਅਤੇ ਨਜ਼ਦੀਕੀ ਟਵਿਕਸ ਕੈਫ਼ੇ ਵੱਲ ਚਲ ਪਈ, ਜੋ ਫ੍ਰੀਲਾਂਸਰਾਂ ਅਤੇ ਵਿਦਿਆਰਥੀਆਂ ਲਈ ਮਿਲ ਕੇ ਕੰਮ ਕਰਨ ਦੀ ਜਗ੍ਹਾ ਹੈ। 'ਯੁੱਧਬੰਦੀ' ਦੇ ਐਲਾਨ ਨੂੰ ਦਸ ਦਿਨ ਹੋ ਗਏ ਸਨ ਅਤੇ ਮੈਂ ਸੋਚਿਆ ਕਿ ਆਖ਼ਿਰਕਾਰ ਬਾਹਰ ਜਾਣਾ ਮੇਰੇ ਲਈ ਸੁਰੱਖਿਅਤ ਹੋਵੇਗਾ। ਬਾਹਰ ਨਿਕਲਣਾ ਮੇਰੀ ਪੁਰਾਣੀ ਜ਼ਿੰਦਗੀ ਦਾ ਇਕ ਨਿੱਕਾ ਜਿਹਾ ਹਿੱਸਾ ਵਾਪਸ ਪ੍ਰਾਪਤ ਕਰਨ ਦੀ ਦਿਸ਼ਾ ਵਿਚ ਕਦਮ ਹੋਣਾ ਸੀ।

ਮੇਰਾ ਭਰਾ ਅਤੇ ਮੈਂ ਕੈਫ਼ੇ ਕੋਲ ਲਗਭਗ ਪਹੁੰਚਣ ਹੀ ਵਾਲੇ ਸਾਂ ਕਿ ਅਸੀਂ ਬਹੁਤ ਹੀ ਜਾਣੀ-ਪਛਾਣੀ ਆਵਾਜ਼ ਸੁਣੀ- ਧਮਾਕੇ ਦੀ ਗੜਗੜਾਹਟ। ਇਕ ਇਜ਼ਰਾਈਲੀ ਡਰੋਨ ਨੇ ਟਵਿਕਸ ਕੈਫ਼ੇ ਦੇ ਪਰਵੇਸ਼ ਦੁਆਰ 'ਤੇ ਹਮਲਾ ਕਰ ਦਿੱਤਾ ਸੀ।

ਮੈਂ ਸੁੰਨ ਹੋ ਗਈ। ਮੈਂ ਸੋਚਿਆ, ਬਸ ਹੋ ਗਿਆ - ਹੁਣ ਮੇਰੀ ਵਾਰੀ ਹੈ। ਮੈਂ ਇਸ ਯੁੱਧ ਵਿਚ ਜਿਉਂਦੀ ਨਹੀਂ ਬਚ ਸਕਾਂਗੀ।

ਤਿੰਨ ਲੋਕ ਮਾਰੇ ਗਏ ਅਤੇ ਕਈ ਹੋਰ ਜ਼ਖ਼ਮੀ ਹੋ ਗਏ। ਜੇਕਰ ਮੇਰਾ ਭਰਾ ਅਤੇ ਮੈਂ ਆਪਣੇ ਪਰਿਵਾਰ ਦੇ ਤੰਬੂ 'ਤੋਂ ਕੁਝ ਮਿੰਟ ਪਹਿਲਾਂ ਨਿਕਲੇ ਹੁੰਦੇ, ਤਾਂ ਸ਼ਾਇਦ ਅਸੀਂ ਵੀ ਉਨ੍ਹਾਂ ਲਾਸ਼ਾਂ 'ਚ ਬਦਲ ਦਿੱਤੇ ਗਏ ਫਲਸਨੀਤੀਆਂ ਵਿਚ ਸ਼ਾਮਲ ਹੋਏ ਹੁੰਦੇ।

ਜਿਉਂ ਹੀ ਇਹ ਖ਼ਬਰ ਫੈਲੀ, ਮੇਰਾ ਪਰਿਵਾਰ ਘਬਰਾ ਗਿਆ, ਉਹ ਸਾਨੂੰ ਵਾਰ-ਵਾਰ ਫ਼ੋਨ ਕਰਨ ਲੱਗੇ। ਸਿਗਨਲ ਕਮਜ਼ੋਰ ਸੀ ਅਤੇ ਉਨ੍ਹਾਂ ਦੀਆਂ ਕੋਸ਼ਿਸ਼ਾਂ ਨਾਕਾਮ ਹੋ ਰਹੀਆਂ ਸਨ। ਪਰ ਕੋਈ ਚਾਰਾ ਵੀ ਤਾਂ ਨਹੀਂ ਸੀ। ਅਸੀਂ ਵਾਪਸ ਆਪਣੇ ਤੰਬੂ ਵਿਚ ਪਹੁੰਚ ਕੇ ਹੀ ਆਪਣੀ ਮਾਂ ਨੂੰ ਦਿਲਾਸਾ ਦੇ ਸਕੇ।

ਮੈਂ ਆਪਣੇ ਆਪ ਨੂੰ ਪੁੱਛਿਆ, ਇਹ ਕਿਸ ਤਰ੍ਹਾਂ ਦੀ 'ਯੁੱਧਬੰਦੀ' ਹੈ? ਡਰ ਨਾਲੋਂ ਜ਼ਿਆਦਾ ਮੈਨੂੰ ਗੁੱਸਾ ਆ ਰਿਹਾ ਸੀ।

ਜਦੋਂ ਯੁੱਧਬੰਦੀ ਸਮਝੌਤਾ ਲਾਗੂ ਹੋਇਆ ਅਤੇ ਬਦੇਸ਼ੀ ਨੇਤਾਵਾਂ ਨੇ ਸਾਨੂੰ ਦੱਸਿਆ ਕਿ ਯੁੱਧ ਖ਼ਤਮ ਹੋ ਗਿਆ ਹੈ, ਤਾਂ ਸਾਡੇ ਵਿਚੋਂ ਕਈਆਂ ਨੇ ਉਮੀਦ ਕਰਨ ਦੀ ਹਿੰਮਤ ਕੀਤੀ। ਅਸੀਂ ਸੋਚਿਆ ਕਿ ਆਖ਼ਿਰਕਾਰ ਧਮਾਕੇ ਬੰਦ ਹੋ ਜਾਣਗੇ, ਤੇ ਅਸੀਂ ਡਰ ਦੇ ਬਿਨਾਂ ਆਪਣੀ ਟੁਕੜੇ-ਟੁਕੜੇ ਹੋਈ ਜ਼ਿੰਦਗੀ ਨੂੰ ਦੁਬਾਰਾ ਬਣਾਉਣਾ ਸ਼ੁਰੂ ਕਰ ਸਕਦੇ ਹਾਂ।

ਪਰ ਇਜ਼ਰਾਇਲੀ ਕਬਜ਼ੇ ਹੇਠ ਇਸ ਤਰ੍ਹਾਂ ਦੀ ਕੋਈ ਉਮੀਦ ਨਹੀਂ ਹੈ। ਅਸਲੀਅਤ ਵਿਚ ਹਿੰਸਾ ਕਦੇ ਖ਼ਤਮ ਨਹੀਂ ਹੁੰਦੀ। ਜਿਸ ਦਿਨ ਇਜ਼ਰਾਇਲੀ ਫ਼ੌਜ ਨੇ ਟਵਿਕਸ ਕੈਫ਼ੇ 'ਤੇ ਬੰਬਾਰੀ ਕੀਤੀ, ਉਸੇ ਦਿਨ ਉਸ ਨੇ ਗਾਜ਼ਾ ਪੱਟੀ ਭਰ ਵਿਚ





***ਸਾਰਾ ਅਵਾਦ***

***ਅਬੂ ਸ਼ਾਬਾਨ ਦਾ ਪਰਿਵਾਰ।***

ਦਰਜਨਾਂ ਹੋਰ ਸਥਾਨਾਂ 'ਤੇ ਵੀ ਬੰਬਾਰੀ ਕੀਤੀ, ਜਿਸ ਵਿਚ ਘੱਟੋ-ਘੱਟ 45 ਲੋਕ ਮਾਰੇ ਗਏ ਅਤੇ ਬਹੁਤ ਸਾਰੇ ਜ਼ਖ਼ਮੀ ਹੋ ਗਏ।

ਇਹ ਯੁੱਧਬੰਦੀ ਲਾਗੂ ਹੋਣ 'ਤੋਂ ਬਾਅਦ ਦਾ ਸਭ ਤੋਂ ਘਾਤਕ ਦਿਨ ਸੀ। ਕੋਈ ਵੀ ਦਿਨ ਫ਼ਲਸਤੀਨੀਆਂ ਦੀਆਂ ਲਾਸ਼ਾਂ ਵਿਛਾਏ ਬਿਨਾਂ ਨਹੀਂ ਗੁਜ਼ਰਿਆ ਹੈ; ਇਜ਼ਰਾਈਲ ਨੇ ਰੋਜ਼ਾਨਾ ਕਤਲੇਆਮ ਕਰਨਾ ਜਾਰੀ ਰੱਖਿਆ ਹੋਇਆ ਹੈ। ਹੁਣ ਤੱਕ, ਇਸ ਕਥਿਤ ਯੁੱਧਬੰਦੀ ਦੇ ਐਲਾਨ ਤੋਂ ਬਾਅਦ 100 ਤੋਂ ਵੱਧ ਫਲਸਤੀਨੀਆਂ ਨੂੰ ਕਤਲ ਕੀਤਾ ਜਾ ਚੁੱਕਾ ਹੈ।

ਉਨ੍ਹਾਂ ਵਿਚ ਅਬੂ ਸ਼ਾਬਾਨ ਪਰਿਵਾਰ ਦੇ 11 ਜੀਅ ਵੀ ਸ਼ਾਮਲ ਹਨ। ਇਹ ਕਤਲੇਆਮ 18 ਅਕਤੂਬਰ ਨੂੰ, ਵਿਆਪਕ ਬੰਬਾਰੀ 'ਤੋਂ ਇਕ ਦਿਨ ਪਹਿਲਾਂ ਹੋਇਆ ਸੀ। ਅਬੂ ਸ਼ਾਬਾਨ ਪਰਿਵਾਰ ਗਾਜ਼ਾ ਸ਼ਹਿਰ ਦੇ ਜੈਤੂਨ ਇਲਾਕੇ ਵਿਚ ਆਪਣੇ ਘਰ ਵਾਪਸ ਜਾਣ ਦੀ ਕੋਸ਼ਿਸ਼ ਕਰ ਰਿਹਾ ਸੀ, ਅਤੇ ਸਾਰੇ ਇੱਕੋ ਗੱਡੀ ਵਿਚ ਸਵਾਰ ਸਨ। ਇਕ ਇਜ਼ਰਾਈਲੀ ਬੰਬ ਨੇ ਚਾਰ ਬਾਲਗਾਂ - ਸੂਫੀਆਨ, ਸਮਰ, ਇਹਾਬ ਅਤੇ ਰੰਦਾ; ਅਤੇ ਸੱਤ ਬੱਚਿਆਂ, 10 ਸਾਲ ਦੇ ਕਰਮ, ਅੱਠ ਸਾਲ ਦੇ ਅਨਸ, 12 ਸਾਲ ਦੀ ਨੇਸਮਾ, 13 ਸਾਲ ਦੇ ਨਾਸਿਰ, 10 ਸਾਲ ਦੀ ਜੁਮਾਨਾ, ਛੇ ਸਾਲ ਦੇ ਇਬਰਾਹਿਮ ਅਤੇ ਪੰਜ ਸਾਲ ਦੇ ਮੁਹੰਮਦ ਦੀ ਜਾਨ ਲੈ ਲਈ।

ਇਸੇ ਨੂੰ ਇਜ਼ਰਾਈਲ 'ਯੁੱਧਬੰਦੀ' ਕਹਿੰਦਾ ਹੈ।

ਐਤਵਾਰ ਨੂੰ, ਜਿਉਂ ਹੀ ਵਿਆਪਕ ਬੰਬਾਰੀ ਸ਼ੁਰੂ ਹੋਈ, ਪੂਰੀ ਗਾਜ਼ਾ ਪੱਟੀ ਵਿਚ ਦਹਿਸ਼ਤ ਅਤੇ ਅਸੁਰੱਖਿਆ ਫੈਲ ਗਈ। ਧਮਾਕੇ ਹੋ ਰਹੇ ਸਨ, ਯੁੱਧ ਅਤੇ ਭੁੱਖਮਰੀ ਦੇ ਦੁਬਾਰਾ ਸ਼ੁਰੂ ਹੋਣ ਦੇ ਸ਼ੰਕੇ ਤੋਂ ਭੈਭੀਤ ਲੋਕ ਜਿੰਨਾ ਵੀ ਖਾਣਾ ਹਾਸਲ ਕਰ ਸਕਦੇ ਸਨ, ਉਸਨੂੰ ਖ਼ਰੀਦਣ ਲਈ ਵਾਹੋ-ਦਾਹੀ ਬਾਜ਼ਾਰਾਂ ਵੱਲ ਦੌੜ ਪਏ।

ਇਹ ਦੇਖ ਕੇ ਦਿਲ ਦਹਿਲ ਜਾਂਦਾ ਹੈ ਕਿ ਕਿਵੇਂ, ਬੰਬਾਰੀ ਦੇ ਦਰਮਿਆਨ ਲੋਕਾਂ ਦਾ ਦਿਮਾਗ ਆਪਣੇ-ਆਪ ਭੋਜਨ 'ਤੇ ਕੇਂਦਰਿਤ ਹੋ ਗਿਆ ਸੀ। ਇੰਝ ਲੱਗਦਾ ਹੈ ਕਿ ਅਸੀਂ ਸੁਰੱਖਿਆ ਦੀ, ਇਹ ਸਮਝਣ ਦੀ ਭਾਵਨਾ ਹਮੇਸ਼ਾ ਲਈ ਗੁਆ ਦਿੱਤੀ ਹੈ ਕਿ ਕੱਲ੍ਹ ਸਾਡੇ ਕੋਲ ਖਾਣ ਲਈ ਭੋਜਨ ਹੋਵੇਗਾ।

ਅਤੇ ਹਾਂ, ਸਾਨੂੰ ਅਜੇ ਵੀ ਆਪਣਾ ਭੋਜਨ ਖ਼ਰੀਦਣ ਲਈ ਮਜਬੂਰ ਕੀਤਾ ਜਾ ਰਿਹਾ ਹੈ ਕਿਉਂਕਿ ਇਜ਼ਰਾਈਲ ਨਾ ਸਿਰਫ਼ ਸਾਡੇ 'ਤੇ ਬੰਬਾਰੀ ਕਰਕੇ 'ਯੁੱਧਬੰਦੀ' ਦਾ ਉਲੰਘਣ ਕਰ ਰਿਹਾ ਹੈ, ਬਲਕਿ ਉਸ ਸਹਾਇਤਾ ਨੂੰ ਵੀ ਰੋਕ ਰਿਹਾ ਹੈ ਜਿਸਨੂੰ ਮੁਹੱਈਆ ਕਰਾਉਣ ਦੀ ਇਜਾਜ਼ਤ ਦੇਣ 'ਤੇ ਉਸਨੇ ਦਸਖ਼ਤ ਕੀਤੇ ਸਨ। ਮੰਨਿਆ ਜਾ ਰਿਹਾ ਸੀ ਕਿ ਪ੍ਰਤੀ ਦਿਨ ਸਹਾਇਤਾ ਦੇ ਘੱਟੋ-ਘੱਟ 600 ਟਰੱਕ ਗਾਜ਼ਾ ਵਿਚ ਦਾਖਲ ਹੋਣਗੇ। ਗਾਜ਼ਾ ਮੀਡੀਆ ਦਫ਼ਤਰ ਦੇ ਅਨੁਸਾਰ, 11 ਅਕਤੂਬਰ ਨੂੰ ਯੁੱਧਬੰਦੀ ਲਾਗੂ ਹੋਣ ਤੋਂ ਬਾਅਦ ਗਾਜ਼ਾ ਵਿਚ ਸਿਰਫ਼ 986 ਸਹਾਇਤਾ ਟਰੱਕ ਹੀ ਦਾਖ਼ਲ ਹੋਏ ਹਨ - ਜੋ ਵਾਅਦਾ ਕੀਤੇ ਗਏ ਦਾ ਮਹਿਜ਼ 15 ਪ੍ਰਤੀਸ਼ਤ ਹੈ। ਵਿਸ਼ਵ ਭੋਜਨ ਪ੍ਰੋਗਰਾਮ (ਡਬਲਿਊਐਫਪੀ) ਨੇ ਗਿਣਤੀ ਕੀਤੀ ਹੈ ਕਿ ਉਸਦੇ ਸਿਰਫ਼ 530 ਟਰੱਕਾਂ ਨੂੰ ਅੰਦਰ ਜਾਣ ਦੀ ਇਜਾਜ਼ਤ ਦਿੱਤੀ ਗਈ ਹੈ। ਯੂਐੱਨਆਰਡਬਲਿਊਏ (ਉ) ਦੇ 6,000 ਟਰੱਕ ਗਾਜ਼ਾ ਵਿਚ ਦਾਖ਼ਲ ਹੋਣ ਦੀ ਉਡੀਕ ਵਿਚ ਹਨ; ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਇਜਾਜ਼ਤ ਨਹੀਂ ਦਿੱਤੀ ਗਈ ਹੈ।

ਕੱਲ੍ਹ, ਡਬਲਿਊ ਐਫ ਪੀ ਦੇ ਇਕ ਬੁਲਾਰੇ ਨੇ ਕਿਹਾ ਕਿ ਕੋਈ ਵੀ ਵੱਡਾ ਸਹਾਇਤਾ ਕਾਫਲਾ ਗਾਜ਼ਾ ਸ਼ਹਿਰ ਵਿਚ ਦਾਖ਼ਲ ਨਹੀਂ ਹੋ ਸਕਿਆ ਹੈ; ਇਜ਼ਰਾਈਲ ਅਜੇ ਵੀ ਏਜੰਸੀ ਨੂੰ ਸਲਾਹੁਦੀਨ ਸਟ੍ਰੀਟ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਦੇ ਰਿਹਾ ਹੈ। ਗਾਜ਼ਾ ਦੇ ਉੱਤਰੀ ਇਲਾਕੇ ਨੂੰ ਭੁੱਖਾ ਮਾਰਨ ਦੀ ਇਜ਼ਰਾਈਲੀ ਨੀਤੀ ਅਜੇ ਵੀ ਲਾਗੂ ਹੈ।

ਮਿਸਰ ਨਾਲ ਲੱਗਦੀ ਰਾਫਾਹ ਸਰਹੱਦ ਪਾਰ ਕਰਨਾ- ਜੋ ਦੁਨੀਆ ਦੇ ਬਾਕੀ ਹਿੱਸਿਆਂ ਨਾਲ ਜੁੜਨ ਦਾ ਸਾਡਾ ਇਕਲੌਤਾ ਲਾਂਘਾ ਹੈ- ਬੰਦ ਹੈ। ਅਸੀਂ ਨਹੀਂ ਜਾਣਦੇ ਕਿ ਇਹ ਮੁੜ ਕਦੋਂ ਖੁੱਲੇਗਾ; ਕਦੋਂ ਹਜ਼ਾਰਾਂ ਜ਼ਖ਼ਮੀ ਲੋਕਾਂ ਨੂੰ ਜ਼ਰੂਰੀ ਇਲਾਜ ਲਈ ਸਰਹੱਦ ਪਾਰ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ; ਕਦੋਂ ਵਿਦਿਆਰਥੀ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਬਾਹਰ ਨਿੱਕਲ ਸਕਣਗੇ; ਕਦੋਂ ਯੁੱਧ ਨਾਲ ਵਿੱਛੜੇ ਪਰਿਵਾਰ ਦੁਬਾਰਾ ਮਿਲ ਸਕਣਗੇ; ਕਦੋਂ ਗਾਜ਼ਾ ਨੂੰ ਪਿਆਰ ਕਰਨ ਵਾਲੇ ਲੋਕ - ਉਹ ਲੋਕ ਜੋ ਘਰ ਵਾਪਸ ਆਉਣ ਲਈ ਏਨੇ ਲੰਮੇ ਸਮੇਂ ਤੋਂ ਇੰਤਜ਼ਾਰ ਕਰ ਰਹੇ ਹਨ - ਆਖ਼ਿਰਕਾਰ ਵਾਪਸ ਆ ਸਕਣਗੇ।

ਇਹ ਸਪੱਸ਼ਟ ਹੋ ਚੁੱਕਾ ਹੈ ਕਿ ਇਜ਼ਰਾਈਲ ਲਈ ਇਹ 'ਯੁੱਧਬੰਦੀ' ਬਸ ਇਕ ਸਵਿਚ ਵਾਂਗ ਹੈ- ਆਪਣੀ ਮਰਜ਼ੀ ਨਾਲ ਉਸਨੂੰ ਚਾਲੂ ਅਤੇ ਬੰਦ ਕਰ ਰਿਹਾ ਹੈ। ਐਤਵਾਰ ਨੂੰ ਅਸੀਂ ਮੁੜ ਵਿਆਪਕ ਬੰਬਾਰੀ ਦੇ ਦੌਰ ਵਿਚ ਪਰਤ ਆਏ, ਸੋਮਵਾਰ ਨੂੰ ਫਿਰ 'ਯੁੱਧਬੰਦੀ' ਸੀ। ਜਿਵੇਂ ਕੁਝ ਹੋਇਆ ਹੀ ਨਹੀਂ, ਜਿਵੇਂ 45 ਲੋਕਾਂ ਦਾ ਕਤਲੇਆਮ ਹੋਇਆ ਹੀ ਨਹੀਂ, ਜਿਵੇਂ ਕੋਈ ਘਰ ਕੋਈ ਪਰਿਵਾਰ ਤਬਾਹ ਹੋਇਆ ਹੀ ਨਹੀਂ। ਆਪਣੀ ਜ਼ਿੰਦਗੀ ਨਾਲ ਇਸ ਤਰ੍ਹਾਂ ਦਾ ਸਲੂਕ ਦੇਖਣਾ ਭਿਆਨਕ ਹੈ, ਜਿਵੇਂ ਉਨ੍ਹਾਂ ਦਾ ਕੋਈ ਮੁੱਲ ਹੀ ਨਹੀਂ ਹੈ। ਇਹ ਜਾਣ ਕੇ ਰੂਹ ਕੰਬ ਉੱਠਦੀ ਹੈ ਕਿ ਇਜ਼ਰਾਈਲ ਬਿਨਾਂ ਚੇਤਾਵਨੀ ਦਿੱਤੇ, ਬਿਨਾਂ ਕਿਸੇ ਬਹਾਨੇ ਦੇ, ਕਦੇ ਵੀ ਦੁਬਾਰਾ ਵਿਆਪਕ ਕਤਲੇਆਮ ਸ਼ੁਰੂ ਕਰ ਸਕਦਾ ਹੈ।

ਇਹ ਯੁੱਧਬੰਦੀ ਅਨੰਤ ਜੰਗ ਵਿਚ ਮਹਿਜ਼ ਇਕ ਠਹਿਰਾਓ ਤੋਂ ਵੱਧ ਕੁਝ ਨਹੀਂ ਹੈ- ਇਕ ਖ਼ਾਮੋਸ਼ੀ ਦਾ ਪਲ ਜੋ ਕਿਸੇ ਵੀ ਪਲ ਖ਼ਤਮ ਹੋ ਸਕਦਾ ਹੈ। ਅਸੀਂ ਇਕ ਕਾਤਲ ਕਬਜ਼ੇਦਾਰ ਦੇ ਰਹਿਮ 'ਤੇ ਉਦੋਂ ਤੱਕ ਰਹਾਂਗੇ, ਜਦੋਂ ਤੱਕ ਦੁਨੀਆ ਆਖ਼ਿਰਕਾਰ ਸਾਡੇ ਜੀਉਣ ਦੇ ਅਧਿਕਾਰ ਨੂੰ ਪਛਾਣ ਨਹੀਂ ਲੈਂਦੀ ਅਤੇ ਇਸਨੂੰ ਸੁਰੱਖਿਅਤ ਕਰਨ ਲਈ ਸੱਚਮੁੱਚ ਕਾਰਵਾਈ ਨਹੀਂ ਕਰਦੀ। ਉਦੋਂ ਤੱਕ, ਅਸੀਂ ਇਜ਼ਰਾਈਲ ਵੱਲੋਂ ਕੀਤੇ ਜਾ ਰਹੇ ਕਤਲ ਕਾਂਡਾਂ ਦੀਆਂ ਖ਼ਬਰਾਂ ਵਿਚ ਸਿਰਫ਼ ਅੰਕੜੇ ਬਣੇ ਰਹਾਂਗੇ। 25 ਅਕਤੂਬਰ 2025 (ਅਲ ਜ਼ਜ਼ੀਰਾ ਦੇ ਧੰਨਵਾਦ ਸਹਿਤ)

---

***(ਪਿਛਲੇ ਸਫੇ ਦਾ ਬਾਕੀ)***

ਲੰਮੇ ਸਮੇਂ ਤੱਕ ਵੀ ਪਾਠਕਾਂ ਨੂੰ ਯਾਦ ਰਹਿਣ ਵਾਲੇ ਹਨ। 'ਪਿੰਡ ਨੂੰ ਜਾਂਦੀ ਆਖਰੀ ਬੱਸ' ਵੈਸੇ ਤਾਂ ਸੱਚੀ ਘਟਨਾ 'ਤੇ ਅਧਾਰਿਤ ਹੀ ਲੱਗਦੀ ਹੈ, ਪਰ ਜੇ ਕਾਲਪਨਿਕ ਵੀ ਹੋਵੇ ਤਾਂ ਵੀ ਡਾ. ਬਾਠ ਨੇ ਇਸ ਕਹਾਣੀ ਵਿਚ ਤਾਂਬੇ (ਕਲਪਨਾ) 'ਤੇ ਸੋਨੇ (ਯਥਾਰਥ) ਦੀ ਅਜਿਹੀ ਪਰਤ ਚੜ੍ਹਾਈ ਹੈ ਕਿ ਇਹ ਪਰਤ ਸੋਨੇ ਨੂੰ ਵੀ ਮਾਤ ਪਾਉਂਦੀ ਹੈ। ਪੰਜਾਬ ਦੀਆਂ ਪਿੰਡਾਂ ਦੀਆਂ ਮਾੜੀਆਂ ਸੜਕਾਂ, ਬੱਸ ਚਾਲਕਾਂ ਦੀ ਅੰਨ੍ਹੇਵਾਹ ਡਰਾਇਵਰੀ ਅਤੇ ਪੇਂਡੂ ਪਾਤਰਾਂ ਨੂੰ ਹੂ-ਬ-ਹੂ ਚਿੱਤਰ ਦਿੱਤਾ ਹੈ। ਬੁੱਢੀ ਦਾ ਐਨਕ ਨੂੰ 'ਸ਼ੀਸ਼ਾ' ਕਹਿਣਾ ਅਤੇ ਲੇਖਕ ਵੱਲੋਂ ਬੁੱਢੀ ਦੇ ਸ਼ੀਸ਼ੇ ਸੰਬੰਧੀ ਮਨ ਵਿਚ ਫੁਰਦੇ ਖਿਆਲ ਪਾਠਕਾਂ ਦਾ ਮਨੋਰੰਜਨ ਕਰਦੇ ਹਨ।

'ਤਾਣੇ-ਬਾਣੇ' ਵਿਚਲੇ ਬਹੁਤੇ ਲੇਖ, ਲੇਖਕ ਦੇ ਪਿੰਡ ਵਿਚ ਬਿਤਾਏ ਸਮੇਂ, ਕਾਲਜ, ਯੂਨੀਵਰਸਿਟੀ ਦੇ ਵਿਦਿਆਰਥੀ ਜੀਵਨ ਅਤੇ ਉਸਦੇ ਪਰਵਾਸ ਸਮੇਂ ਦੀਆਂ ਦਿਲਚਸਪ ਯਾਦਾਂ ਨਾਲ ਸੰਬੰਧਿਤ ਹਨ। ਕਈ ਲੇਖ ਵੀ ਕਹਾਣੀ ਰਸ ਨਾਲ ਭਰਪੂਰ ਹਨ। ਆਮ ਤੌਰ 'ਤੇ ਪਾਠਕ ਲੇਖਾਂ ਦੀ ਪੁਸਤਕ ਤੋਂ ਦੂਰ ਇਸ ਲਈ ਰਹਿੰਦੇ ਹਨ ਕਿ ਲੇਖਾਂ ਦੇ ਨੀਰਸ ਜਿਹੇ ਵਿਸ਼ਿਆਂ ਤੋਂ ਉਹ ਜਲਦੀ ਹੀ ਉਕਤਾ ਜਾਂਦੇ ਹਨ, ਪਰ ਡਾ. ਕੁਲਵਿੰਦਰ ਸਿੰਘ ਬਾਠ ਦੇ ਲੇਖਾਂ ਦੇ ਵਿਸ਼ੇ ਦਿਲਚਸਪ ਹਨ, ਆਮ ਲੋਕਾਂ ਦੇ ਮਸਲਿਆਂ ਨਾਲ ਸੰਬੰਧਤ ਹਨ, ਜਿਸ ਕਾਰਨ ਪਾਠਕ ਉਨ੍ਹਾਂ ਨਾਲ ਜਲਦੀ ਹੀ ਇਕ-ਮਿਕ ਹੋ ਜਾਂਦੇ ਹਨ। ਅਸਲ ਵਿਚ ਜੋ ਲੇਖਕ ਆਪਣੇ ਵਿਸ਼ਿਆਂ ਨੂੰ ਲੋਕ ਮਸਲਿਆਂ ਨਾਲ ਜੋੜਦਾ ਹੈ, ਉਹ ਆਮ ਪਾਠਕਾਂ ਵਿਚ ਜ਼ਿਆਦਾ ਪ੍ਰਵਾਨ ਵੀ ਚੜ੍ਹਦੇ ਹਨ ਅਤੇ ਪਸੰਦ ਵੀ ਕੀਤੇ ਜਾਂਦੇ ਹਨ।

'ਤਾਣੇ-ਬਾਣੇ' ਦੇ ਕੁਝ ਲੇਖ ਹਨ- ਜ਼ਿੰਦਗੀ ਦੇ ਸੁੰਦਰ ਅਤੇ ਯਾਦਗਾਰੀ ਪਲ (ਵਿਦਿਆਰਥੀ ਜੀਵਨ ਨਾਲ ਸੰਬੰਧਿਤ), ਗੱਲ ਐਥੇ ਈ... ਨਹੀਂ ਮੁੱਕ ਜਾਂਦੀ!, ਸ਼ਗਨਾਂ ਵਾਲਾ ਲਿਫ਼ਾਫ਼ਾ (ਵਿਦੇਸ਼ਾਂ ਵਿਚ ਇਮਾਨਦਾਰੀ ਅਤੇ ਪਰਵਾਸੀਆਂ ਵੱਲੋਂ ਆਪਣੀਆਂ ਆਦਤਾਂ ਤੋਂ ਵਿਦੇਸ਼ਾਂ ਵਿਚ ਵੀ ਬਾਜ ਨਾ ਆਉਣਾ), ਰਿਸ਼ਤਿਆਂ ਦੇ ਤਾਣੇ-ਬਾਣੇ ਦੀਆਂ ਤੰਦਾਂ (ਪੰਜਾਬੀਆਂ ਵਿਚ ਕੁਝ ਰਿਸ਼ਤੇਦਾਰੀਆਂ ਦਾ ਦਾਬਾ), ਜ਼ਰਾ ਸੰਭਲ ਕੇ ਬਈ (ਮਨੁੱਖ ਵਿਚ ਇਨਸਾਨੀਅਤ ਹੋਣੀ ਬਹੁਤ ਜ਼ਰੂਰੀ ਹੈ), ਮੇਰੇ ਪਰਵਾਸੀ ਜੀਵਨ ਦੇ ਸੰਘਰਸ਼ ਭਰੇ ਦਿਨ...(ਪਰਦੇਸ ਦਾ ਸੰਘਰਸ਼ਮਈ ਜੀਵਨ), ਚਿੱਤ ਚੇਤਿਆਂ 'ਚ ਵੱਸਿਆ ਮੇਰਾ ਪਿੰਡ (ਪਿੰਡਾਂ ਦੀ ਬਦਲਦੀ ਨੁਹਾਰ ਅਤੇ ਪੰਜਾਬੀਆਂ ਵਿਚ ਦਿਖਾਵੇ ਦੀ ਰੁਚੀ), ਸਾਡੇ ਪਿੰਡ ਦਾ ਬੋਹੜ ਅਤੇ ਘੱਚਾ ਬੁੜਾ (ਪਿੰਡ ਵਿਚ ਬਜ਼ੁਰਗਾਂ ਦੀ ਸੱਥ ਸੰਬੰਧੀ), ਅੰਨੀ ਕੁਕੜੀ ਖਸ-ਖਸ ਦਾ ਚੋਗਾ (ਵਿਦਿਆਰਥੀ ਜੀਵਨ ਦੀਆਂ ਯਾਦਾਂ) ਆਦਿ। ਕਈ ਲੇਖਾਂ ਦੇ ਸਿਰਲੇਖ ਹੀ ਅਜਿਹੇ ਦਿਲ ਟੁੰਬਵੇਂ ਹਨ ਕਿ ਪਾਠਕ ਇਕੋ ਦਮ ਪੜ੍ਹਨ ਲਈ ਉਤਸੁਕ ਹੋ ਜਾਂਦਾ ਹੈ, ਜਿਵੇਂ: ਕੁੱਤੇ-ਝੱਗੀ ਅਤੇ ਬਾਬੇ ਦੀ ਮਾਇਆ-ਝੱਗੀ, ਝੱਲ-ਵਲੱਲੀਆਂ ਗੱਲਾਂ, ਅੜਬ ਜਵਾਈ ਜਿਹੇ ਜੰਗਾਲ਼ ਖਾਧੇ ਜਿੰਦਰੇ, ਬੱਸ ਉਂਗਲੀ ਈ ਲੱਗ ਗਈ ਐਵੇਂ ਆਦਿ।

ਵਿਸ਼ੇ ਦੇ ਨਾਲ-ਨਾਲ ਲੇਖਕ ਦੀ ਗੱਲ ਕਰਨ ਦੀ ਕਲਾ ਭਾਵ ਉਸਦੀ ਸ਼ੈਲੀ ਦਾ ਵੀ ਬਹੁਤ ਮਹੱਤਵ ਹੁੰਦਾ ਹੈ। ਚੰਗੀ ਸ਼ੈਲੀ ਘੱਟ ਮਹੱਤਵਪੂਰਨ ਵਿਸ਼ੇ ਨੂੰ ਵੀ ਰੌਚਕ ਬਣਾ ਦਿੰਦੀ ਹੈ, ਪਰ ਇਸਦੇ ਉਲਟ ਵਧੀਆ ਵਿਸ਼ੇ ਵਾਲਾ ਲੇਖ ਵੀ ਮਾੜੀ ਸ਼ੈਲੀ ਕਰਕੇ ਪੜ੍ਹਨਯੋਗ ਨਹੀਂ ਰਹਿੰਦਾ। ਮੈਂ ਪਾਠਕਾਂ ਨਾਲ ਡਾ. ਕੁਲਵਿੰਦਰ ਸਿੰਘ ਬਾਠ ਦੀਆਂ ਵਧੀਆ ਵਾਰਤਕ ਸ਼ੈਲੀ ਦੀਆਂ ਕੁਝ ਉਦਾਹਰਨਾਂ ਸਾਂਝੀਆਂ ਕਰਨੀਆਂ ਚਾਹੁੰਦਾ ਹਾਂ: 'ਸੱਚ ਤਾਂ ਇਹ ਹੈ ਕਿ 'ਜੀਭ ਅਤੇ ਉਂਗਲੀ' ਸਰੀਰ ਦੇ ਦੋ ਐਸੇ ਅੰਗ ਹਨ ਜੋ ਅਕਸਰ ਫਿਸਲਦੇ ਅਤੇ ਲੱਗਦੇ-ਲੁੱਗਦੇ ਈ ਰਹਿੰਦੇ ਆ ਜਾਂ ਫਿਰ ਫਿਸਲਣ/ਲੱਗਣ ਨੂੰ ਕਾਹਲੇ ਹੀ ਰਹਿੰਦੇ ਹਨ' (ਬੱਸ ਉਂਗਲੀ ਈ ਲੱਗ ਗਈ ਐਵੇਂ); 'ਸਵਾਸ, ਆਸ, ਵਿਸ਼ਵਾਸ ਅਤੇ ਅਰਦਾਸ ਦਿਖਦੇ ਤਾਂ ਨਹੀਂ, ਪਰ ਜ਼ਿੰਦਗੀ ਨੂੰ ਨਰੋਏ ਅਤੇ ਚਲਦੇ ਰੱਖਣ ਵਿਚ ਬੜੇ ਸਹਾਈ ਹੁੰਦੇ ਹਨ' (ਦੁਰਗਾ ਦਾਸ ਨਾ ਕਿਸੇ ਨੇ ਬਣ ਜਾਣਾ); 'ਉਹਨੂੰ ਭੌਂਕਦੇ ਸੁਣ ਕੇ ਗੁਆਂਢੀਆਂ ਦੇ ਕੁੱਤਿਆਂ ਨੇ ਵੀ ਖੌਰੂ ਪਾ ਦਿੱਤਾ। ਰਲ਼-ਮਿਲ ਕੇ ਮਾਹੌਲ ਇੰਜ ਬਣ ਗਿਆ ਜਿਵੇਂ ਸਿਆਲੂ ਰੁੱਤ ਦੀਆਂ ਧੁੱਪਾਂ ਵਿਚ ਪਿੰਡ ਦੀਆਂ ਹਰੀਆਂ ਕਣਕਾਂ ਅਤੇ ਕਮਾਦਾਂ ਵਿਚੋਂ ਸਹੇ, ਤਿੱਤਰ ਜਾਂ ਬਟੇਰੇ ਫੜਨ ਲਈ ਸ਼ਿਕਾਰੀ ਆਪਣੇ ਕੁੱਤਿਆਂ ਦਾ ਝੁੰਡ ਲੈ ਕੇ ਜਾਇਆ ਕਰਦੇ ਸਨ' (ਆਪਣਿਆਂ ਦਾ ਤਾਣਾ-ਬਾਣਾ); 'ਪਕੌੜੇ ਨੂੰ ਢਿੱਡ ਵਿਚ ਸੁੱਟਦਿਆਂ ਹੀ ਫਿਰ ਦੋਹਾਂ ਹੱਥਾਂ ਨਾਲ ਆਪਣੀਆਂ ਮੁੱਛਾਂ ਨੂੰ ਖੱਬਿਉਂ ਅਤੇ ਸੱਜਿਉਂ ਖਿੱਚ ਕੇ ਇੱਕੋ ਜਿਹਾ ਕਰਕੇ ਉਨ੍ਹਾਂ ਨੇ ਆਪਣੀ ਲੰਬੀ ਅਤੇ ਸਫੇਦ ਮਖ਼ਮਲੀ ਦਾਹੜੀ ਨੂੰ ਹੇਠਾਂ ਢਿੱਡ ਵੱਲ ਨੂੰ ਖਿੱਚ ਕੇ ਉਹਦੇ ਵਲ਼ ਕੱਢੇ। ਚਾਹ ਦਾ ਕੱਪ ਚੁੱਕ ਕੇ ਇਕ ਲੰਮਾ ਅਤੇ ਫੁਰਰ-ਫੁਰਰ ਕਰਦਾ ਘੁੱਟ ਭਰਿਆ' (ਮੇਰੇ ਪੇਂਡੂ ਦੇ ਸਹੁਰਾ ਸਾਹਿਬ) ਆਦਿ।

ਕੁਲਵਿੰਦਰ ਦੀ ਵਾਰਤਕ ਕਲਾ ਦੀ ਇਕ ਹੋਰ ਖ਼ੂਬੀ ਹੈ ਕਿ ਉਹ ਆਪਣੇ ਸ਼ਬਦਾਂ ਨਾਲ ਗੁੱਝਾ ਹਾਸ-ਰਸ ਪੈਦਾ ਕਰ ਦਿੰਦਾ ਹੈ। ਇਸ ਪੱਖੋਂ ਉਸਦਾ ਇਹ ਵਰਣਨ ਦੇਖਣ ਵਾਲਾ ਹੈ, 'ਦੇਖਦੇ ਹੀ ਦੇਖਦੇ ਫੁੱਫੜ ਨੇ ਪਰੌਂਠੇ ਅਤੇ ਭੁਰਜੀ ਬੰਨੇ ਲਾ ਦਿੱਤੀ ਅਤੇ ਫੁਰਰ-ਫੁਰਰ ਕਰ ਕੇ ਲੱਤ ਜਿੱਡਾ ਲੱਸੀ ਦਾ ਗਲਾਸ ਵੀ ਇੱਕੋ ਸਾਹੇ ਚਾੜ੍ਹ ਲਿਆ। ਫੇਰ ਲੰਬਾ ਸਾਰਾ ਅਤੇ 'ਗਿੱਲਾ ਡਕਾਰ' ਮਾਰ ਕੇ ਕੜਾਹ ਵਾਲੇ ਛੰਨੇ 'ਤੇ ਟੁੱਟ ਕੇ ਪੈ ਗਿਆ... ਅਤੇ 'ਕੜਾਹ ਸਵੀਟ ਡਿਸ਼' ਵੀ ਬੰਨੇ ਲਾ ਦਿੱਤੀ। ਉਸਨੇ ਚਮਚਾ ਥਾਲ ਵਿਚ ਰੱਖ ਕੇ ਉਂਗਲੀ ਨਾਲ ਕੜਾਹ ਵਾਲੇ ਛੰਨੇ ਨੂੰ ਮਾਂਜਣ ਵਾਂਗ ਚਮਕਾ ਦਿੱਤਾ। ਰਸੋਈ ਵਿਚ ਕੱਲ੍ਹ ਦੀ ਬੇਹੀ 'ਮਸਰਾਂ ਦੀ ਦਾਲ' ਨਾਲ ਰੋਟੀ 'ਅੰਦਰ ਸੁੱਟ' ਜਦ ਹਰਦੇਵ, ਫੁੱਫੜ ਨੂੰ ਚਾਹ ਫੜਾਉਣ ਗਿਆ ਤਾਂ... ਫੁੱਫੜ ਬਰਸਾਤੀ ਡੱਡੂ ਅਤੇ ਸੂਰਾਂ ਦੇ ਖੌਰੂ ਪਾਉਣ ਵਾਂਗ ਬਦਲ-ਬਦਲ ਕੇ ਘੁਰਾੜੇ ਮਾਰ ਰਿਹਾ ਸੀ, ਦੇਸੀ ਆਂਡਿਆਂ ਦੀ ਭੁਰਜੀ ਅਤੇ ਦੇਸੀ ਘਿਓ ਦੇ ਕੜਾਹ ਦੀ ਦੇਗ ਦੀ ਘੂਕੀ ਨੇ ... ਅੱਜ ਅੜਬ ਫੁੱਫੜ ਢਾਹ ਲਿਆ ਸੀ।' (ਰਿਸ਼ਤਿਆਂ ਦੇ ਤਾਣੇ ਬਾਣੇ ਦੀਆਂ ਤੰਦਾਂ)। ਲੇਖਕ ਦੀ ਵਿਅੰਗਕਲਾ ਵੀ ਦੇਖਣ ਵਾਲੀ ਹੈ— 'ਹਰ ਰੋਜ਼ ਅਰਦਾਸ ਕਰਦੇ ਹਾਂ ਸਾਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਬਚਾਉਣਾ। ਇਹ ਬਚਾਉਣ ਦੀ ਜ਼ੁੰਮੇਵਾਰੀ ਵੀ ਅਕਾਲ ਪੁਰਖ ਦੀ ਹੈ, ਸਾਡੀ ਥੋੜ੍ਹੀ ਆ। ਜ਼ੁਮੇਵਾਰੀ ਗੁਰੂ ਨੂੰ ਦੇ ਕੇ ਆਪ ਸੁਰਖ਼ਰੂ ਹੋ ਜਾਣ ਨਾਲੋਂ ਵਧੀਆ ਕੀ ਹੱਲ ਹੋ ਸਕਦਾ? (ਚਿੱਤ ਚੇਤਿਆਂ 'ਚ ਵੱਸਿਆ ਮੇਰਾ ਪਿੰਡ)। 'ਇਹ ਦੋ ਨੈਣ' ਲੇਖ ਵਿਚ ਫ਼ਰੀਦ ਜੀ ਦੇ ਸਲੋਕ, ਕਾਗਾ ਕਰੰਗ ਢੰਢੋਲਿਆ... ਦੀ ਵਿਆਖਿਆ ਬਹੁਤ ਵਧੀਆ ਕੀਤੀ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਉਸਦੀ ਗੁਰਬਾਣੀ 'ਤੇ ਵੀ ਚੰਗੀ ਪਕੜ ਹੈ।

ਪ੍ਰਸਤੁਤ ਪੁਸਤਕ ਭਾਵੇਂ ਵਾਰਤਕ ਦੀ ਹੈ, ਪਰ ਵਾਰਤਕ ਵਿਚੋਂ ਝਲਕਦੀ ਕਾਵਿਕਤਾ ਵੀ ਸਲਾਹੁਣਯੋਗ ਅਤੇ ਮਾਣਨਯੋਗ ਹੈ। ਜਿਵੇਂ:

ਸਿਰਫ ਕੰਧ-ਟੰਗੀ, ਹਾਰ ਪਾਈ ਮੂਰਤ ਨਹੀਂ ਹਾਂ ਮੈਂ/ ਨਾ ਹੀ ਕਦੇ ਕੈਦ ਕਰਨਾ ਮੈਨੂੰ ਇਨ੍ਹਾਂ ਧੂੜਾਂ-ਲੱਦੇ ਹਾਰਾਂ 'ਚ/ ਬਸ ਚੇਤਿਆਂ 'ਚ ਬਰਕਰਾਰ ਰੱਖਣਾ, ਉਦੋਂ ਤੱਕ/ ਜਦ ਤੱਕ ... ਨਹੀਂ ਮਿਲਦੇ ... ਆਪਾਂ ਦੋਬਾਰਾ...। (ਪੰਨਾ 49)

'ਸ਼ਗਨਾਂ ਵਾਲਾ ਲਿਫ਼ਾਫ਼ਾ' ਲੇਖ ਦੇ ਅੰਤ ਵਿਚ ਦਿੱਤੀਆਂ ਸਤਰਾਂ ਵਿਚ ਛੁਪੀ ਕਾਵਿਕਤਾ ਵੀ ਬਾ-ਕਮਾਲ ਹੈ:

ਕੱਲ੍ਹ, ਝੱਖੜ ਐਸੇ ਝੁੱਲ ਗਏ/ ਕੋਈ ਦਿਸਦਾ ਨਹੀਂ ਸੀ ਰਾਹ।

ਅੱਜ, ਉੱਠ ਸਵੇਰੇ ਦੇਖਿਆ/ ਪਈ ਵਗੇ ਪਿਆਰ ਦੀ ਵਾਅ।

ਆਪਣੇ ਇਨ੍ਹਾਂ ਦਰਵਾਜ਼ਿਆਂ ਨੂੰ/ਹੱਥੀਂ ਲਾਏ ਜਿੰਦਰੇ ਖੋਲ੍ਹਣ ਲਈ/ਬੂਹਿਆਂ ਦੀ 'ਸਰਦਲ' ਛੋਹਣ ਲਈ/ ਉਮਰ ਭਰ ਤਰਸਦੇ ਹੀ ਰਹਿ ਗਏ। ਪੰਨਾ (176)

ਐਵਿਸ ਪਬਲੀਕੇਸ਼ਨ ਵੱਲੋਂ ਪ੍ਰਕਾਸ਼ਿਤ 232 ਪੰਨਿਆਂ ਦੀ ਇਸ ਪੁਸਤਕ ਦੀ ਛਪਾਈ ਅਤੇ ਦਿੱਖ ਪ੍ਰਭਾਵਸ਼ਾਲੀ ਹੈ। ਪਾਠਕਾਂ ਦੀ ਸਾਹਿਤਕ ਭੁੱਖ ਨੂੰ ਤ੍ਰਿਪਤ ਕਰਦੀਆਂ ਅਜਿਹੀਆਂ ਸਾਹਿਤਕ ਪੁਸਤਕਾਂ ਨੂੰ ਭਰਵਾਂ ਹੁਲਾਰਾ ਮਿਲਣਾ ਚਾਹੀਦਾ ਹੈ।

ਕਹਾਣੀ

# ਪਹਿਲਾਂ ਸਾਡੀ ਵਾਰੀ ਹੀ ਆਊ

ਅਵਤਾਰ ਐਸ. ਸੰਘਾ, ਸਿਡਨੀ
ਫੋਨ:- +61 437 641 033

ਵੀਹਵੀਂ ਸਦੀ ਤੇ ਦੂਜੇ ਅੱਧ ਵਿਚ ਪੰਜਾਬ ਦੇ ਦੁਆਬਾ ਖੇਤਰ ਵਿਚ ਇੰਗਲੈਂਡ ਤੇ ਫਿਰ ਕੈਨੇਡਾ ਨੂੰ ਦੌੜਨ ਦੀ ਹਨੇਰੀ ਹੀ ਝੁੱਲ ਗਈ। 70ਵਿਆਂ, 80ਵਿਆਂ ਤੇ 90ਵਿਆਂ ਵਿਚ ਉਹੀ ਵਿਆਹ, ਵਿਆਹ ਸਮਝੇ ਜਾਂਦੇ ਸਨ ਜਿਹੜੇ ਇਨ੍ਹਾਂ ਦੇਸ਼ਾਂ ਨੂੰ ਜਾਣ ਦਾ ਜ਼ਰੀਆ ਬਣਨ। ਜੱਟਾਂ ਦੇ ਬਹੁਤੇ ਮੁੰਡੇ ਤਾਂ ਕਾਲਜਾਂ ਵਿਚ ਸਿਰਫ ਇਹ ਦਰਸਾਉਣ ਲਈ ਦਾਖਲਾ ਲੈ ਕੇ ਰੱਖਦੇ ਸਨ ਕਿ ਮਾਪੇ ਆਪਣੀ ਬਾਹਰੋਂ ਜਵਾਨ ਕੁੜੀ ਲੈ ਕੇ ਪੰਜਾਬ ਆਉਣ ਤੇ ਉਨ੍ਹਾਂ ਨੂੰ ਵਿਆਹ ਕੇ ਉੱਧਰ ਸੱਦ ਲੈਣ। ਕਾਲਜ ਵਿਚ ਦਾਖਲਾ ਤਾਂ ਇਸ ਲਈ ਹੁੰਦਾ ਸੀ ਕਿ ਬਾਹਰੋਂ ਆਉਣ ਵਾਲੀ ਪਾਰਟੀ ਨੂੰ ਦੱਸਿਆ ਜਾ ਸਕੇ ਕਿ ਮੁੰਡਾ ਬੀ.ਏ ਜਾਂ ਐਮ.ਏ ਕਰ ਰਿਹਾ ਏ। ਕਈ ਕੇਸਾਂ ਵਿਚ ਤਾਂ ਇੰਨੀ ਆਪੋ-ਧਾਪ ਪਈ ਹੁੰਦੀ ਕਿ ਐਮ.ਏ ਪੂਰੀ ਹੋਣ ਤੋਂ ਪਹਿਲਾਂ ਹੀ ਕਿਤੇ ਟਾਂਕਾ ਫਿੱਟ ਹੋ ਜਾਵੇ। ਜੇ ਐਮ.ਏ ਵਿਚੋਂ ਤੀਸਰੇ ਦਰਜੇ ਦੇ ਨੰਬਰ ਆ ਜਾਣ ਤਾਂ ਨਾ ਤਾਂ ਕਾਲਜ ਵਿਚ ਲੈਕਚਰਾਰਸ਼ਿੱਪ ਮਿਲਦੀ ਸੀ ਤੇ ਨਾ ਹੀ ਕੁੜੀ ਵਾਲਿਆਂ ਨੂੰ ਸਕੋਰ ਦੱਸਣ ਨੂੰ ਦਿਲ ਕਰਦਾ ਸੀ। ਜੇ ਲੋਹੇ ਤੇ ਤੱਤੇ ਤੱਤੇ ਘਾਹ ਸੱਟ ਵੱਜ ਜਾਵੇ ਤਾਂ ਕੰਮ ਵਧੀਆ ਰਾਸ ਆ ਜਾਂਦਾ ਸੀ।

ਮੇਰੇ ਨਾਲ ਪੜ੍ਹਦੇ 15 ਕੁ ਕੇਸ ਐਸੇ ਸਨ ਜਿਹੜੇ ਐਮ.ਏ ਕਰਦੇ ਹੀ ਸੌਹਣੇ ਵਕਤ ਜਹਾਜ ਚੜ੍ਹ ਗਏ, ਨਹੀਂ ਤਾਂ ਉਨ੍ਹਾਂ ਦਾ ਇਹ ਹਾਲ ਹੋਣਾ ਸੀ- ਨਾ ਖੁਦਾ ਹੀ ਮਿਲਾ, ਨਾ ਵਿਸਾਲੇ ਸਨਮ। ਨਾ ਕਿਤੇ ਨੌਕਰੀ ਮਿਲਣੀ ਸੀ ਤੇ ਨਾ ਹੀ ਨੌਕਰੀ ਬਗੈਰ ਚੰਗਾ ਰਿਸ਼ਤਾ ਟੱਕਰਨਾ ਸੀ। ਪੜ੍ਹਾਉਂਦੇ ਪੜ੍ਹਾਉਂਦੇ ਤਾਂ ਸ਼ਾਇਦ ਸੈਂਕੜੇ ਵਿਦਿਆਰਥੀ ਐਸੇ ਟੱਕਰੇ ਜਿਹੜੇ ਬਸ ਸਾਡੇ ਰਜਿਸਟਰ ਵਿਚ ਆਪਣਾ ਨਾਮ ਹੀ ਚਾਲੂ ਰੱਖਣਾ ਚਾਹੁੰਦੇ ਸਨ, ਜਮਾਤਾਂ ਭਾਵੇਂ ਲਗਾਉਣ ਜਾਂ ਨਾ ਲਗਾਉਣ ਤਾਂ ਕਿ ਬਾਹਰੋਂ ਆਉਣ ਵਾਲੀ ਪਾਰਟੀ ਨੂੰ ਦੱਸਿਆ ਜਾ ਸਕੇ ਕਿ ਲੜਕਾ ਗਰੈਜੂਏਸ਼ਨ ਜਾਂ ਪੋਸਟ ਗਰੈਜੂਏਸ਼ਨ ਕਰ ਰਿਹਾ ਏ। ਦੋ ਤਿੰਨ ਤਾਂ ਮੇਰਠ ਤੇ ਦੇਹਰਾਦੂਨ ਦਾਖਲਾ ਲੈ ਕੇ ਆਪਣਾ ਮਾੜਾ ਮੋਟਾ ਸਕੋਰ ਛੁਪਾ ਕੇ ਬੈਠੇ ਸਨ। ਜੇ ਕੋਈ ਲੜਕੀ ਦੇਖਣ ਨੂੰ ਥੋੜ੍ਹੀ ਜਿਹੀ ਵੀ ਚੰਗੀ ਹੋਵੇ ਤਾਂ ਉਸਦਾ ਵਿਆਹ ਕਦੀ ਠੀਕ ਜਿਹੇ ਥਾਂ ਹੋ ਜਾਂਦਾ ਸੀ ਤੇ ਕਦੀ ਉਹ ਨਿਰ੍ਹੇ ਬੇਜੋੜ ਬੰਧਨ ਵਿਚ ਬੰਨ੍ਹ ਦਿੱਤੀ ਜਾਂਦੀ ਸੀ। ਇੰਗਲੈਂਡ ਤੋਂ ਆਏ ਮਾੜੇ-ਮੋਟੇ ਪੜ੍ਹੇ ਬੰਦਿਆਂ ਨਾਲ ਐਮ.ਏ ਪਾਸ ਕੁੜੀਆਂ ਅਕਸਰ ਵਿਆਹ ਦਿੱਤੀਆਂ ਜਾਂਦੀਆਂ ਸਨ। ਕਈ ਵਾਰ ਲੜਕੇ-ਲੜਕੀ ਦੀ ਉਮਰ ਵਿਚ 15-20 ਸਾਲਾਂ ਦਾ ਫਰਕ ਵੀ ਹੁੰਦਾ ਸੀ। ਜਿਹੜੀਆਂ ਕੁੜੀਆਂ ਇੰਗਲੈਂਡ ਤੇ ਕੈਨੇਡਾ ਤੋਂ ਆ ਕੇ ਪੰਜਾਬ ਵਿਚ ਵਿਆਹ ਕਰਵਾਉਂਦੀਆਂ, ਉਹ ਦਿਮਾਗੀ ਤੌਰ 'ਤੇ ਤਾਂ ਤਕਰੀਬਨ ਖਾਲੀ ਹੀ ਹੁੰਦੀਆਂ ਸਨ। ਬਸ ਮਾੜੇ-ਮੋਟੇ ਤਿੰਨ ਰਾਰੇ (3 R's - reading, friting And Arithmatic) ਹੀ ਜਾਣਦੀਆਂ ਸਨ। ਹਾਂ, ਕਲਫ ਲਾ ਕੇ ਤੇ ਸੋਹਣੇ ਕੱਪੜੇ ਪਹਿਨ ਕੇ ਉਹ ਵੱਡਿਆਂ ਘਰਾਂ ਦੇ ਦੇਸੀ ਕਾਕਿਆਂ ਨੂੰ ਮੋਹ ਲੈਣ ਦੇ ਕ੍ਰਿਸ਼ਮੇ ਦੀਆਂ ਮਾਲਕ ਜਰੂਰ ਹੁੰਦੀਆਂ ਸਨ। ਜਿੰਨਾ ਚਿਰ ਚੁੱਪ ਉਨਾਂ ਚਿਰ ਕਮਾਲ ਦੀ ਮੂਰਤ ਸਨ। ਜਦੋਂ ਬੋਲਦੀਆਂ ਤਾਂ ਨਿਰੀ ਘੈਂ ਘੈਂ ਤੇ ਤੈਂ ਤੈਂ।

ਉਨ੍ਹਾਂ ਦਿਨਾਂ ਵਿਚ ਮੇਰੇ ਕਈ ਸਮਕਾਲੀਆਂ ਨੇ ਸਾਵੀਂ ਸਿੱਕੀ ਬੀ.ਏ ਕਰਕੇ ਐਮ.ਏ ਅੰਗਰੇਜ਼ੀ, ਅਰਥ ਸ਼ਾਸਤਰ ਤੇ ਨਾਗਰਿਕ ਸ਼ਾਸਤਰ ਵਿਚ ਦਾਖਲਾ ਲੈ ਰੱਖਿਆ ਸੀ। ਇਨ੍ਹਾਂ ਸਭ ਦੀਆਂ ਬਾਹਰਲਾ ਰਿਸ਼ਤਾ ਲੱਭਣ ਦੀਆਂ ਕੋਸ਼ਿਸ਼ਾਂ ਜਾਰੀ ਸਨ। ਬਾਹਰ ਦੇ ਰਿਸ਼ਤੇ ਦੀ ਝਾਕ ਵਿਚ ਇਹ ਕਾਕੇ ਐਮ.ਏ ਦੀ ਪੜ੍ਹਾਈ ਵੱਲ ਬਹੁਤਾ ਧਿਆਨ ਨਹੀਂ ਦੇ ਰਹੇ ਸਨ। ਸਿੱਟੇ ਵਜੋਂ ਐਮ.ਏ ਵਿਚ ਥਰਡ ਡਿਵੀਜ਼ਨ ਲੈ ਕੇ ਬੈਠ ਗਏ। ਇਨ੍ਹਾਂ ਵਿਚੋਂ ਦੋ ਤਿੰਨ ਘਰੋਂ ਚੰਗੇ ਸਨ। ਇਨ੍ਹਾਂ ਦੇ ਬਾਪ ਛੋਟੀਆਂ-ਮੋਟੀਆਂ ਸਰਕਾਰੀ ਨੌਕਰੀਆਂ 'ਤੇ ਸਨ।

ਇਨ੍ਹਾਂ ਵਿਚੋਂ ਸੇਮੀ ਦਾ ਟਾਂਕਾ ਭਰਿਆ ਗਿਆ। ਇੱਕ ਪਾਰਟੀ ਕੈਨੇਡਾ 'ਤੋਂ ਆਈ ਸੀ। ਝੱਟ ਮੰਗਣੀ ਪੱਟ ਵਿਆਹ ਦੀ ਦੁਹਾਈ ਪੈ ਗਈ। ਇਹ ਪਟਾਕਾ ਪੈਣ ਤੋਂ ਬਾਅਦ ਸੇਮੀ ਨੇ ਆਮ ਜਿਹੇ ਦੋਸਤਾਂ ਜਾਂ ਵਾਕਫਾਂ ਨੂੰ ਤਾਂ ਮਿਲਣਾ ਹੀ ਬੰਦ ਕਰ ਦਿੱਤਾ। ਉਹ ਆਪਣੇ ਆਪ ਨੂੰ ਇਵੇਂ ਸਮਝਣ ਲੱਗ ਪਿਆ ਜਿਵੇਂ ਜੋਸਫ ਟਰੂਡੋ ਹੋਵੇ। ਜੋਸਫ ਟਰੂਡੋ ਉਦੋਂ ਕੈਨੇਡਾ ਦਾ ਪ੍ਰਧਾਨ ਮੰਤਰੀ ਹੁੰਦਾ ਸੀ। ਖੈਰ ਉਹ ਮੇਰੇ ਨਾਲ ਠੀਕ ਠਾਕ ਪੇਸ਼ ਆਉਂਦਾ, ਕਿਉਂਕਿ ਮੇਰੀ ਅੰਗਰੇਜ਼ੀ ਚੰਗੀ ਸੀ ਤੇ ਮੈਂ ਫਸਟ ਜਮਾਤ ਤੇ ਅੰਗਰੇਜ਼ੀ ਦੀ ਬੀ.ਏ ਆਨਰਜ਼ ਕਰਕੇ ਅੰਗਰੇਜ਼ੀ ਦੀ ਐਮ.ਏ ਸੋਹਣੇ ਨੰਬਰਾਂ 'ਚ ਪਾਸ ਕਰ ਲਈ ਸੀ। ਮੈਨੂੰ ਐਮ.ਏ ਕਰਦੇ ਸਾਰ ਕਾਲਜ ਵਿਚ ਲੈਕਚਰਾਰਸ਼ਿਪ ਮਿਲ ਗਈ। ਸਾਂ ਮੈਂ ਅਜੇ ਆਰਜੀ ਨੌਕਰੀ 'ਤੇ ਹੀ ਤੇ ਘਰੋਂ ਸੇਮੀ ਤੋਂ ਨੀਵਾਂ ਵੀ ਸਾਂ। ਮੇਰੇ ਮਾਪੇ ਅਨਪੜ੍ਹ ਸਨ ਤੇ ਜ਼ਮੀਨ ਵੀ ਘਟੀਆ ਤਰੀਕੇ ਨਾਲ ਵੰਡ ਹੋ ਕੇ ਸਾਨੂੰ ਥੋੜ੍ਹੀ ਹੀ ਆਈ ਸੀ।

ਮੇਰੇ ਇਨ੍ਹਾਂ ਸਮਕਾਲੀਆਂ ਨੂੰ ਲਗਦਾ ਸੀ ਕਿ ਜਨਰਲ ਕੈਟਾਗਰੀ ਵਾਲੇ ਭਾਵੇਂ ਚੰਗਾ ਸਕੋਰ ਵੀ ਲੈ ਲੈਣ ਤਾਂ ਵੀ ਚੰਗੀਆਂ ਨੌਕਰੀਆਂ ਤੋਂ ਵਿਰਵੇ ਰਹੀ ਜਾ ਰਹੇ ਸਨ। ਰਾਖਵੀਂ ਕੈਟਾਗਰੀ ਵਾਲੇ ਚੰਗੀਆਂ ਮੱਲਾਂ ਮਾਰੀ ਜਾ ਰਹੇ ਸਨ। ਸੇਮੀ ਮੈਨੂੰ ਸ਼ਹਿਰ ਵਿਚ ਇੱਕ ਧੋਬੀ ਦੀ ਦੁਕਾਨ 'ਤੇ ਆਮ ਮਿਲਦਾ ਹੁੰਦਾ ਸੀ।

'ਸੇਮੀ, ਮੈਂ ਜੋ ਸੁਣਦਾ ਹਾਂ? ਕੀ ਇਹ ਸੱਚ ਏ?'

'ਭਾਜੀ, ਮੈਨੂੰ ਤਾਂ ਆਪ ਯਕੀਨ ਨਹੀਂ ਆਉਂਦਾ। ਲੱਗਦਾ ਤਾਂ ਸੱਚ ਹੀ ਏ।'

'ਪਾਰਟੀ ਕਿਹੜੇ ਪਿੰਡ ਦੀ ਏ?'

'ਹੁਸ਼ਿਆਰਪੁਰ ਨੇੜੇ ਬਸੀ ਮਹਿਮਾ ਸਿੰਘ ਦੇ ਨੇ। ਕਿਸੇ ਹੋਰ ਨੂੰ ਪਿੰਡ ਦਾ ਨਾਮ ਨਾ ਦੱਸੀਂ।'

'ਰਿਸ਼ਤਾ ਦੇਖ ਪਰਖ ਵੀ ਲਿਆ ਏ ਜਾਂ ਨਹੀਂ?'

'ਭਾਜੀ, ਬਾਹਰੋਂ ਆਏ ਰਿਸ਼ਤੇ ਨੂੰ ਬਹੁਤਾ ਠੋਕ ਵਜਾ ਕੇ ਨਹੀਂ ਪਰਖਿਆ ਜਾ ਸਕਦਾ। ਬਾਹਰ ਵਾਲਿਆਂ ਨੂੰ ਤਾਂ ਲੋਕ ਲੱਭਦੇ ਫਿਰਦੇ ਨੇ।'

'ਲੜਕੀ ਦੀ ਤਸਵੀਰ ਤਾਂ ਦੇਖੀ ਹੋਊ?'

'ਭਾਜੀ, ਬਾਹਰਲਿਆਂ ਤੋਂ ਤਸਵੀਰ ਸਿੱਧੀ ਨਹੀਂ ਮੰਗ ਹੁੰਦੀ। ਅਗਲਿਆਂ ਲਈ ਸਾਡੇ ਜਿਹੇ ਹੋਰ ਬਥੇਰੇ। ਮੈਂ ਤਾਂ ਐਮ.ਏ ਵੀ ਮਸਾਂ ਮਸਾਂ ਕੀਤੀ ਏ। ਅਗਲਿਆਂ ਨੂੰ ਤਾਂ ਇੱਥੇ ਇੰਜੀਨੀਅਰ ਡਾਕਟਰ ਡੂੰਗਣ ਨੂੰ ਫਿਰਦੇ ਨੇ। ਮੈਂ ਇਸ ਲਈ ਪੂਰਾ ਆਸਮੰਦ ਹਾਂ ਕਿਉਂਕਿ ਮੇਰੀ ਭੀਖੋਵਾਲ ਵਾਲੀ ਭੂਆ ਵਿਚ ਪਈ ਹੋਈ ਏ। ਉਹ ਉਨ੍ਹਾਂ ਤੇ ਬਹੁਤ ਨੇੜੇ ਹੈ। ਇਸ ਲਈ ਇੱਥੇ ਕਿਸੇ ਭਾਨੀਮਾਰ ਨੇ ਕਾਮਯਾਬ ਨਹੀਂ ਹੋਣਾ। ਮੈਂ ਤੈਨੂੰ ਵੀ ਤਾਂ ਹੀ ਪੂਰਾ ਪਤਾ ਦੱਸ ਦਿੱਤਾ। ਨਹੀਂ ਤਾਂ ਮੈਂ ਪੂਰਾ ਲੁਕੋਅ ਰੱਖਣਾ ਸੀ।'

'ਤੇਰਾ ਖਿਆਲ ਏ, ਮੈਂ ਵੀ ਦਾਅ ਮਾਰ ਸਕਦਾ ਹਾਂ?'

'ਕੀ ਪਤਾ ਹੁੰਦੈ। ਤੇਰੇ ਨਾਲ ਤਾਂ ਹੁਣ ਪ੍ਰੋਫੈਸਰੀ ਦੀ ਪੂਛ ਵੀ ਲੱਗ ਗਈ ਏ। ਤੇਰੀ ਐਮ.ਏ ਅੰਗਰੇਜ਼ੀ ਉਹ ਵੀ ਚੰਗੇ ਨੰਬਰਾਂ 'ਤੇ ਮੇਰੀ ਥਰਡ ਡਿਵੀਜ਼ਨ ਦੀ ਐਮ.ਏ ਪੋਲੀਟੀਕਲ ਸਾਇੰਸ ਨਾਲੋਂ ਤਾਂ ਸੌ ਗੁਣਾ ਚੰਗੀ ਏ।' ਉਹ ਹੱਸਦਾ ਹੋਇਆ ਕਹਿਣ ਲੱਗਾ।

'ਜੇ ਅਗਲੇ ਅਖਬਾਰ ਵਿਚ ਦੇ ਦੇਣ ਤਾਂ ਰਿਸ਼ਤਿਆਂ ਦੀਆਂ ਲਾਈਨਾਂ ਲੱਗ ਜਾਣਗੀਆਂ। ਸਾਰਾ ਦੁਆਬਾ ਬਾਹਰ ਜਾਣ ਲਈ ਤਰਲੋ-ਮੱਛੀ ਹੋਇਆ ਪਿਆ ਏ। ਪਿਛਲੇ ਹਫਤੇ ਇੱਕ ਨਵਾਂ ਹੀ ਭਾਣਾ ਵਰਤ ਗਿਐ।'

'ਕੀ ਹੋ ਗਿਐ?'

'ਮੇਰੇ ਨਾਨਕਿਆਂ ਦਾ ਇੱਕ ਟੱਬਰ ਜਲੰਧਰ ਰਹਿੰਦਾ ਏ। ਉਨ੍ਹਾਂ ਦੀ ਸੋਹਣੀ-ਸੁਨੱਖੀ ਕੁੜੀ ਨੇ ਐਮ.ਐਸ.ਸੀ. ਕੀਤੀ, ਉਹ ਵੀ ਫਿਜ਼ਿਕਸ ਦੀ। ਇੰਗਲੈਂਡ ਤੋਂ ਇੱਕ ਜਨੌਰ ਆਇਆ। ਸੁਣਿਐ, ਮਸਾਂ ਦਸ ਜਮਾਤਾਂ ਪਾਸ ਸੀ। ਲੈ ਕੇ ਉੱਡ ਗਿਐ। ਵੀਹ ਗਜ ਦਾ ਘੱਗਰਾ ਸੱਠ ਗਜ ਦੀ ਗੇੜੀ ਦੇ ਗਿਐ।'

'ਮੇਰੀ ਭੂਆ ਪੂਰੀ ਸ਼ਾਤਰ ਦਿਮਾਗ ਏ। ਕੋਈ ਜਿੰਨਾ ਮਰਜ਼ੀ ਜ਼ੋਰ ਲਗਾ ਲਵੇ ਉਹਦੇ ਹੱਥੋਂ ਰਿਸ਼ਤਾ ਨਹੀਂ ਖੋਹ ਸਕਦਾ।'

'ਯਾਰ ਤੂੰ ਐਮ.ਏ ਪਾਸ ਏਂ। ਐਮ.ਏ ਪਾਸ ਦਾ ਦਿਮਾਗੀ ਪੱਧਰ ਸੋਹਣਾ ਉੱਚਾ ਹੁੰਦਾ ਏ। ਤੇਰੀ ਘਰਵਾਲੀ ਦਾ ਤੇਰੇ ਨਾਲ ਕੁਝ ਤਾਂ ਮੇਲ ਹੋਣਾ ਹੀ ਚਾਹੀਦਾ ਏ?'

'ਵੀਰੇ, ਇੰਗਲੈਂਡ ਕੈਨੇਡਾ ਵਿਚ ਪਹੁੰਚ ਜਾਣਾ ਹੀ ਕਾਫੀ ਏ। ਉੱਥੇ ਸਾਡਾ ਕਾਹਦਾ ਸਟੈਂਡਰਡ ਏ? ਨਾਲੇ ਪਿੰਡੋਂ ਹੁਸ਼ਿਆਰਪੁਰ 25 ਮੀਲ ਏ। ਰਸਤੇ ਵਿਚ 25 ਹੀ ਚੋਅ ਹਨ। ਮਾੜਾ ਜਿਹਾ ਮੀਂਹ ਪੈ ਜਾਵੇ ਬੱਸਾਂ ਚੋਆਂ ਵਿਚ ਫਸੀਆਂ ਅੱਧਾ-ਅੱਧਾ ਘੰਟਾ ਘੈ ਘੈਂ ਕਰਦੀਆਂ ਰਹਿੰਦੀਆਂ ਹਨ। ਕਿੱਥੇ ਹੁਸ਼ਿਆਰਪੁਰ ਤੇ ਕਿੱਥੇ ਟਰਾਂਟੋ!! ਕੈਨੇਡਾ ਦੇ ਸਕੂਲ ਦੀ ਪੜ੍ਹਾਈ ਹੀ ਸਾਡੀਆਂ ਇੱਧਰ ਦੀਆਂ ਪੀ.ਐਚ.ਡੀਆਂ ਦੇ ਬਰਾਬਰ ਏ।'

'ਸੱਚੀਂ?'

'ਕੋਈ ਸ਼ੱਕ ਏ? ਮੇਰੇ ਤਾਂ ਜ਼ਮੀਨ 'ਤੇ ਪੈਰ ਨਹੀਂ ਲੱਗਦੇ। ਉਹ ਅਗਲੇ ਹਫਤੇ ਦਿੱਲੀ ਉਤਰਨਗੇ। ਹਫਤੇ ਬਾਅਦ ਮੰਗਣੀ ਕਰ ਜਾਣਗੇ। ਮੈਂ ਛੇ ਮਹੀਨੇ ਵਿਚ ਹੀ ਟੋਰਾਂਟੋ ਹੋਵਾਂਗਾ।'

ਹਫਤਾ ਗੁਜ਼ਰ ਗਿਆ। ਪਾਰਟੀ ਪੰਜਾਬ ਆ ਗਈ। ਹੌਲੀ ਹੌਲੀ ਕਣਸੋਆਂ ਮਿਲਣ ਲੱਗ ਪਈਆਂ ਕਿ ਲੜਕੀ ਦੀਆਂ ਚਾਰ ਭੈਣਾਂ ਸਨ। ਪੰਜੇ ਭੈਣਾਂ ਹੀ ਭੈਣਾਂ ਸਨ ਭਰਾ ਕੋਈ ਨਹੀਂ ਸੀ। ਮਾਪੇ ਅਨਪੜ੍ਹ ਸਨ। ਪਿਓ ਦਸ ਕੁ ਸਾਲ ਪਹਿਲਾਂ ਕਿਸੇ ਤਰੀਕੇ ਨਾਲ ਕੈਨੇਡਾ ਚਲਾ ਗਿਆ ਸੀ। ਪੰਜਾਬ ਵਿਚ ਉਹ ਰਾਜਗਿਰੀ ਕਰਦਾ ਹੁੰਦਾ ਸੀ। ਉਦੋਂ ਉਹਦੀਆਂ ਤਿੰਨ ਕੁੜੀਆਂ ਪੰਜਾਬ ਵਿਚ ਸਨ। ਘਰਵਾਲੀ ਹੱਲਿਆਂ ਵੇਲੇ ਮੁਸਲਮਾਨਾ ਦੀ ਕੁੜੀ ਇੱਧਰ ਰਹਿ ਗਈ ਸੀ। ਪਿਓ ਨੇ ਉਸ'ਤੇ ਚਾਦਰ ਪਾ ਲਈ ਸੀ। ਬਾਅਦ ਵਿਚ ਘਰਵਾਲੀ ਇਨ੍ਹਾਂ ਤਿੰਨਾਂ ਨੂੰ ਲੈ ਕੇ ਟੋਰਾਂਟੋ ਚਲੀ ਗਈ। ਦੋ ਕੁੜੀਆਂ ਉੱਥੇ ਜਾ ਕੇ ਹੋਈਆਂ। ਸਭ ਤੋਂ ਵੱਡੀ ਹੁਣ ਸੇਮੀ ਨਾਲ ਵਿਆਹੀ ਜਾ ਰਹੀ ਸੀ। ਇਹ ਪੰਜਾਬ ਵਿਚੋਂ ਪੰਜਵੀਂ ਜਮਾਤ ਕਰਕੇ ਕੈਨੇਡਾ ਚਲੀ ਗਈ ਸੀ। ਉੱਥੇ ਜਾ ਕੇ ਮਾੜੀ ਮੋਟੀ ਪੜ੍ਹੀ ਸੀ। ਹੁਣ ਇਹ 26 ਸਾਲ ਦੀ ਸੀ। ਸੇਮੀ 23 ਸਾਲ ਦਾ ਸੀ। ਸੇਮੀ ਦੀ ਭੂਆ ਨੇ ਰਿਸ਼ਤਾ ਅੰਤਾਂ ਦਾ ਸੰਭਾਲ ਸੰਭਾਲ ਕੇ ਰੱਖਿਆ ਸੀ। ਕਿਸੇ ਨੂੰ ਲੜਕੀ ਦੇ ਪਿਛੋਕੜ ਬਾਰੇ ਦੱਸਿਆ ਹੀ ਨਹੀਂ ਸੀ।

ਸਾਨੂੰ ਸਭ ਮਿੱਤਰਾਂ ਤੇ ਵਾਕਫਾਂ ਨੂੰ ਮੰਗਣੀ ਜਮ੍ਹਾਂ ਵਿਆਹ ਦੇ ਕਾਰਡ ਮਿਲ ਗਏ। ਸੇਮੀ ਦੇ ਜ਼ਮੀਨ ਤੇ ਪੱਬ ਨਹੀਂ ਸਨ ਲੱਗ ਰਹੇ। ਉਹਦੇ ਤੇ ਮੇਰੇ ਸਾਂਝੇ ਮਿੱਤਰ ਜੈਬੀ, ਜੀਤੀ, ਭੀਰਾ, ਦੇਵ ਤੇ ਜੱਸ ਸਭ ਸੋਚਾਂ ਵਿਚ ਸਨ- ਨਾ ਕਿਸੇ ਨੇ ਚੱਜ ਨਾਲ ਪੜ੍ਹਾਈ ਕੀਤੀ ਸੀ, ਨਾ ਕਿਤੇ ਨੌਕਰੀ ਮਿਲਣ ਦਾ ਹੀਲਾ ਬਣਨਾ ਸੀ, ਨਾ ਹੀ ਘਰੋਂ ਅਮੀਰ ਸਨ, ਥੋੜ੍ਹੀ ਥੋੜ੍ਹੀ ਜ਼ਮੀਨ ਸੀ, ਨਾ ਹੀ ਕੋਈ ਖਾਸ ਰਿਸ਼ਤੇਦਾਰ ਬਾਹਰ ਗਿਆ ਹੋਇਆ ਸੀ। ਬੀ.ਐਡ ਵਿਚ ਦਾਖਲਾ ਮਿਲਣਾ ਵੀ ਔਖਾ ਸੀ। ਇੱਥੋਂ ਤੱਕ ਕਿ ਕਿਸੇ ਨੇ ਵੀ ਟਾਈਪ ਤੇ ਸ਼ਾਰਟਹੈਂਡ ਦਾ ਕੋਰਸ ਵੀ ਨਹੀਂ ਸੀ ਕੀਤਾ। ਸਾਰੇ ਬਾਹਰ 'ਤੇ ਆਸ ਰੱਖੀ ਬੈਠੇ ਸਨ।

ਆਖਰ ਸੇਮੀ ਦੇ ਕਾਗਜ਼ ਪੂਰੇ ਹੁੰਦੇ ਗਏ। ਜਦ ਵੀ ਉਸ ਮਿਲਣਾ ਤਾਂ ਆਪਣੀ ਖੁਸ਼ੀ ਤਾਂ ਬੜਾ ਇਜ਼ਹਾਰ ਕਰਨਾ। ਦੋ ਕੁ ਵਾਰ ਤਾਂ ਸਾਨੂੰ ਕਾਕਟੇਲ ਪਾਰਟੀ ਵੀ ਦਿੱਤੀ। ਸਾਰਿਆਂ ਮਿੱਤਰਾਂ ਤੇ ਜਾਣਕਾਰਾਂ ਨੇ ਸੇਮੀ ਦੀ ਬੜੀ ਚਾਪਲੂਸੀ ਕਰਨੀ। ਹੁਣ ਉਹ ਅੱਕਾਂ ਵਿਚ ਰਿੰਡ ਪ੍ਰਧਾਨ ਵਾਂਗ ਲੱਗਦਾ ਹੁੰਦਾ ਸੀ। ਕੈਨੇਡਾ ਤੋਂ ਉਸਨੂੰ ਉਹਦੀ ਮੰਗੇਤਰ/ਪਤਨੀ ਦੇ ਫੋਨ ਆਉਣੇ। ਫੋਨ ਤੇ ਹੋਈਆਂ ਗੱਲਾਂ ਦੱਸ ਦੱਸ ਕੇ ਉਹਨੇ ਫੁੱਲਾ ਨਾ ਸਮਾਉਣਾ। ਮੈਨੂੰ ਆਪਣੇ ਸੈੱਟ ਹੋਣ ਦੀ ਆਸ ਦੀ ਕਿਰਨ ਤਾਂ ਕੁਝ ਨਜ਼ਰ ਆ ਹੀ ਰਹੀ ਸੀ। ਆਫਟਰ ਆਲ ਮੈ ਐਮ.ਏ ਅੰਗਰੇਜ਼ੀ ਕਰ ਗਿਆ ਸਾਂ। ਲੋੜੀਂਦੀ ਡਿਵੀਜ਼ਨ ਵੀ ਬਣਾ ਗਿਆ ਸਾਂ। ਮੈਂ ਮਾੜੇ ਬਾਹਰਲੇ ਰਿਸ਼ਤਿਆਂ ਨਾਲੋਂ ਢੁੱਕਵੇਂ ਰਿਸ਼ਤਿਆਂ ਬਾਰੇ ਵੱਧ ਸੋਚਦਾ ਸਾਂ। ਉਹ ਸੋਚਦੇ ਸਨ ਕਿ ਬਾਹਰੋਂ ਆਈ ਪਾਰਟੀ ਮੈਨੂੰ ਤਾਂ ਪਸੰਦ ਕਰ ਹੀ ਲਊ ਕਿਉਂਕਿ ਮੈਂ ਅੰਗਰੇਜ਼ੀ ਦੀ ਐਮ.ਏ ਸਾਂ। ਉਨ੍ਹਾਂ ਨੂੰ ਇਹ ਬਹੁਤ ਘੱਟ ਗਿਆਨ ਸੀ ਕਿ ਸਾਹਿਤ ਦੀ ਦਿਲ ਲਗਾ ਕੇ ਕੀਤੀ ਪੜ੍ਹਾਈ ਨੇ ਮੇਰਾ ਜੀਵਨ ਅਤੇ ਵਿਆਹ ਪ੍ਰਤੀ ਰਵੱਈਆ ਬਿਲਕੁਲ ਬਦਲ ਕੇ ਦਿੱਤਾ ਸੀ। ਉਨ੍ਹਾਂ ਅੰਦਰ ਤਾਂ ਬਾਹਰ ਜਾਣ ਦੀ ਜਵਾਲਾ ਦੇ ਭਾਂਬੜ ਮਚੇ ਹੋਏ ਸਨ।



ਇੱਕ ਦਿਨ ਸੇਮੀ ਦਾ ਜਹਾਜ਼ ਫੜ੍ਹਨ ਦਾ ਵਕਤ ਆ ਗਿਆ। ਜੈਬੀ, ਜੀਤੀ, ਭੀਰਾ, ਦੇਵ ਤੇ ਜੱਸ ਸੇਮੀ ਨਾਲ ਪਰਛਾਵਾਂ ਬਣ ਕੇ ਘੁੰਮਦੇ ਰਹੇ। ਮੈਂ ਨੌਕਰੀ ਕਰਦਾ ਸਾਂ ਤੇ ਸੇਮੀ ਨੂੰ ਮਿਲਣ ਦਾ ਸਮਾਂ ਕਦੀ ਹੀ ਕੱਢਦਾ ਸਾਂ। ਸੇਮੀ ਦੇ ਇਹ ਸਾਰੇ ਮਿੱਤਰ ਉਸ ਨਾਲ ਸ਼ਾਪਿੰਗ ਕਰਵਾਉਂਦੇ ਫਿਰਨ, ਕਚਹਿਰੀ ਵਿਚੋਂ ਵਿਆਹ ਦਾ ਸਰਟੀਫਿਕੇਟ ਬਣਵਾਉਂਦੇ ਫਿਰਨ, ਕਾਲਜ ਵਿਚੋਂ ਸਰਟੀਫਿਕੇਟ ਲੈਂਦੇ ਫਿਰਨ ਤੇ ਇੱਥੋਂ ਤੱਕ ਕਿ ਦਿੱਲੀ ਜਾਣ ਲਈ ਆਪਣੇ ਕਿਸੇ ਵਾਕਫ ਟੈਕਸੀ ਡਰਾਈਵਰ ਨੂੰ ਬੁੱਕ ਵੀ ਕਰਦੇ ਫਿਰਨ। ਇਵੇਂ ਲੱਗ ਰਿਹਾ ਸੀ ਜਿਵੇਂ ਸੇਮੀ ਕੋਈ ਮਹਾਰਾਜਾ ਹੋਵੇ, ਬਾਕੀ ਸਭ ਉਸ ਦੇ ਅਹਿਲਕਾਰ। ਉਨ੍ਹਾਂ ਦੀ ਤਰਸਯੋਗ ਹਾਲਤ ਦੇਖ ਕੇ ਮੈਨੂੰ ਇੱਕ ਦ੍ਰਿਸ਼ ਯਾਦ ਆ ਗਿਆ। ਅਸੀਂ ਛੋਟੇ ਹੁੰਦੇ ਪਿੰਡੋਂ ਸਿਵਾਲਕ ਦੀਆਂ ਪਹਾੜੀਆਂ 'ਤੇ ਜਾਇਆ ਕਰਦੇ ਸਾਂ। ਗੱਡਾ ਲੈ ਕੇ ਜਾਣਾ ਰਾਹ ਵਿਚ ਇੱਕ ਟਾਹਲੀ ਦਾ ਬੜਾ ਵਡਾ ਦਰੱਖਤ ਹੁੰਦਾ ਸੀ। ਉਸਦਾ ਮੋਟਾ ਤਣਾ ਜ਼ਮੀਨ ਤੋਂ ਥੋੜ੍ਹਾ ਉੱਪਰ ਜਾ ਕੇ ਦੋ ਸਾਂਗੜਾਂ ਵਿਚ ਵੰਡ ਹੋ ਜਾਂਦਾ ਸੀ। ਇਨ੍ਹਾਂ ਸਾਂਗੜਾਂ ਦੇ ਵਿਚ ਇੱਕ ਪਿੱਪਲ ਦਾ ਹਰਾ ਭਰਾ ਬੂਟਾ ਉੱਗਿਆ ਹੁੰਦਾ ਸੀ। ਪਿੱਪਲ ਦੇ ਛੋਟੇ ਜਿਹੇ ਬੂਟੇ ਨੂੰ ਸਾਰੀ ਖੁਰਾਕ ਟਾਹਲੀ ਦੇ ਬੂਟੇ ਦੀ ਖੋੜ ਵਿਚੋਂ ਹੀ ਜਾਂਦੀ ਸੀ। ਅਸੀਂ ਸੋਚਣਾ ਦੇਖੋ ਟਾਹਲੀ ਕਿਵੇਂ ਇੱਕ ਹੋਰ ਬੂਟਾ ਪਾਲ ਰਹੀ ਏ। ਇਹ ਪਿੱਪਲ ਦਾ ਬੂਟਾ ਟਾਹਲੀ ਦਾ ਪਰਜੀਵੀ ਹੁੰਦਾ ਸੀ। ਹੁਣ ਮੈਨੂੰ ਸੇਮੀ ਦੇ ਤੇ ਮੇਰੇ ਇਹ ਸਭ ਮਿੱਤਰ ਤੇ ਵਾਕਫਕਾਰ ਸੇਮੀ ਦੁਆਲੇ ਸਿਮਟੇ ਪੈਰਾਸਾਈਟ ਲੱਗ ਰਹੇ ਸਨ। ਉਨ੍ਹਾਂ ਨੂੰ ਯਕੀਨ ਸੀ ਕਿ ਉਨ੍ਹਾਂ ਦਾ ਇਹ ਮਿੱਤਰ ਟੋਰਾਂਟੋ ਪਹੁੰਚ ਕੇ ਉਨ੍ਹਾਂ ਦਾ ਕੋਈ ਜੁਗਾੜ ਕਰ ਦੇਊ। ਆਫਟਰ ਆਲ ਅਗਲੇ ਦੀਆਂ ਚਾਰ ਸਾਲੀਆਂ ਸਨ। ਜੈਬੀ ਤੇ ਜੀਤੀ ਤਾਂ ਪੂਰੀ ਤਰ੍ਹਾਂ ਠਾਣ ਚੁੱਕੇ ਸਨ ਕਿ ਉਨ੍ਹਾਂ ਦਾ ਕੰਮ ਬਣਿਆ ਕਿ ਬਣਿਆ। ਉਹ ਤਾਂ ਹੁਣ ਸੇਮੀ ਦੀ ਧੁਰ ਏਅਰਪੋਰਟ ਤੱਕ ਸੰਗਤ ਕਰਨਗੇ ਹੀ। ਮੈਂ ਵੀ ਸੇਮੀ ਨੂੰ ਸਧਾਰਨ ਤੌਰ 'ਤੇ ਮਿਲੀ ਗਿਲੀ ਜਾ ਰਿਹਾ ਸਾਂ। ਜੈਬੀ ਤਾਂ ਜੀਤੀ ਨੂੰ ਪੂਰਾ ਸ਼ੱਕ ਸੀ ਕਿ ਮੈਂ ਵੀ ਸੇਮੀ ਦੇ ਵੱਧ ਨੇੜੇ ਆ ਰਿਹਾ ਹਾਂ ਤਾਂ ਕਿ ਉਹ ਮੇਰਾ ਵੀ ਬਾਹਰ ਟਾਂਕਾ ਫਿੱਟ ਕਰਵਾ ਦੇਵੇ। ਉਨ੍ਹਾਂ ਨੂੰ ਇਹ ਨਹੀਂ ਪਤਾ ਸੀ ਕਿ ਮੈਨੂੰ ਅੰਗਰੇਜ਼ੀ ਸਾਹਿਤ ਦੇ ਸ਼ਿੱਦਤ ਨਾਲ ਕੀਤੇ ਅਧਿਐਨ ਨੇ ਕਿੰਨਾ ਬਦਲ ਦਿੱਤਾ ਸੀ। ਮੇਰੇ ਦਿਮਾਗ ਵਿਚ ਤਾਂ ਸ਼ੇਕਸਪੀਅਰ, ਕੀਟਸ, ਸ਼ੈਲੀ, ਮਿਲਟਨ ਤੇ ਟੈਨੀਸਨ ਨੇ ਇੱਕ ਇਨਕਲਾਬ ਲੈ ਆਂਦਾ ਸੀ। ਮੇਰਾ ਸ਼ਾਦੀ ਲਈ ਚੋਣ ਦਾ ਦਾਇਰਾ ਹੁਣ ਕਾਫੀ ਵੱਧ ਚੁੱਕਾ ਸੀ। ਜੈਬੀ ਐਂਡ ਪਾਰਟੀ ਨੂੰ ਮੇਰੇ ਅੰਦਰਲੀ ਇਸ ਤਬਦੀਲੀ ਦਾ ਬਹੁਤਾ ਅਹਿਸਾਸ ਨਹੀ ਸੀ। ਉਹ ਤਾਂ ਉਲਟ ਇਹ ਸੋਚਦੇ ਸਨ ਕਿ ਮੇਰੀ ਅੰਗਰੇਜ਼ੀ ਸਾਹਿਤ ਦੀ ਪੜ੍ਹਾਈ ਨੇ ਮੇਰੇ ਇੰਗਲੈਂਡ ਕੈਨੇਡਾ ਨੂੰ ਵਿਆਹ ਦੇ ਅਧਾਰ 'ਤੇ ਜਾਣ ਦੇ ਆਸਾਰ ਵਧਾ ਦਿੱਤੇ ਸਨ। ਹਾਂ, ਮੈਂ ਬਾਹਰ ਜਾਣ ਦੀ ਇੰਨੀ ਕੁ ਲਾਲਸਾ ਜਰੂਰ ਰੱਖੀ ਬੈਠਾ ਸਾਂ ਕਿ ਮੈਨੂੰ ਉੱਧਰ ਕੋਈ ਕਿਸੇ ਯੂਨੀਵਰਸਿਟੀ ਵਿਚ ਫੈਲੋਸ਼ਿਪ ਦੁਆ ਦੇਵੇ। ਇਸ ਕੰਮ ਵਿਚ ਭਾਵੇਂ ਸੇਮੀ ਜਿਹਾ ਨਵਾਂ ਬੰਦਾ ਉੱਧਰ ਜਾ ਕੇ ਕੁਝ ਵੀ ਕਰਨ ਦੇ ਯੋਗ ਨਹੀਂ ਸੀ ਫਿਰ ਵੀ ਮਨ ਵਿਚ ਸੀ ਕਿ ਜੇ ਆਪਣਾ ਮਿੱਤਰ ਬਾਹਰ ਸੈਟ ਹੋ ਕੇ ਮੇਰੇ ਕਿਸੇ ਕੰਮ ਵੀ ਆ ਸਕਦਾ ਹੈ।

ਮੈਂ ਸੇਮੀ ਨੂੰ ਇੱਥੋਂ ਹੀ ਅਲਵਿਦਾ ਕਹਿ ਦੇਣਾ ਸੀ ਪਰ ਮੈਂ ਵੀ ਏਅਰਪੋਰਟ ਤੱਕ ਜਾ ਕੇ ਛੱਡਣ ਦਾ ਇਰਾਦਾ ਬਣਾ ਲਿਆ। ਜਦ ਜੈਬੀ ਤੇ ਜੀਤੀ ਨੂੰ ਮੇਰੇ ਦਿੱਲੀ ਜਾਣ ਦਾ ਪਤਾ ਲੱਗਾ ਉਹ ਮੇਰੇ ਤੇ ਹੱਸਣ ਵੀ ਤੇ ਮੇਰੇ ਨਾਲ ਈਰਖਾ ਵੀ ਕਰਨ। ਉਹ ਸੋਚਣ ਕਿ ਉਹ ਸੇਮੀ ਦੇ ਵੱਧ ਨੇੜੇ ਸਨ ਤੇ ਐਮ.ਏ ਦਾ ਸਕੋਰ ਪ੍ਰਾਪਤ ਕਰਨ ਵਿਚ ਵੀ ਉਹਦੇ ਜਿਹੇ ਹੀ ਸਨ। ਉਹ ਮੇਰੇ ਨਾਲ ਇਹ ਸੋਚ ਕੇ ਈਰਖਾ ਕਰਦੇ ਸਨ ਕਿ ਮੈਂ ਚੰਗਾ ਭਲਾ ਲੈਕਚਰਾਰ ਲੱਗਾ ਹੋਇਆਂ - ਉਹ ਵੀ ਅੰਗਰੇਜ਼ੀ ਦਾ - ਸੇਮੀ ਤੇ ਪੈਰਾਸਾਈਟ ਕਿਉਂ ਬਣ ਰਿਹਾ ਸਾਂ। ਉਹ ਤਾਂ ਸੇਮੀ ਦੀ ਚਾਪਲੂਸੀ ਲਈ ਅੱਡੀਆਂ ਗੋਡੇ ਰਗੜ ਰਹੇ ਸਨ। ਮੇਰਾ ਸੇਮੀ ਨੂੰ ਦਿੱਲੀ ਤੱਕ ਪਹੁੰਚ ਕੇ ਅਲਵਿਦਾ ਕਹਿਣਾ ਉਨ੍ਹਾਂ ਨੂੰ ਅਜੀਬ ਲੱਗ ਰਿਹਾ ਸੀ।

ਜਿਸ ਦਿਨ ਜਾਣਾ ਸੀ ਮੈਨੂੰ ਪਤਾ ਲੱਗਾ ਕਿ ਉਹ ਮੈਨੂੰ ਆਪਣੇ ਨਾਲ ਨਹੀਂ ਲਿਜਾਉਣਗੇ। ਮੈਨੂੰ ਉਨ੍ਹਾਂ ਤੋਂ ਮਾੜਾ ਮਾੜਾ ਡਰ ਵੀ ਲੱਗਣ ਲੱਗ ਪਿਆ ਸੀ। ਉਨ੍ਹਾਂ ਨੂੰ ਇੰਜ ਲੱਗਦਾ ਸੀ ਕਿ ਮੈਂ ਉਨ੍ਹਾਂ ਦਾ ਸ਼ਰੀਕ ਹੋਵਾਂ। ਮੈਨੂੰ ਸੇਮੀ ਦੀ ਉਡਾਨ ਦੇ ਸਮੇਂ ਅਤੇ ਤਾਰੀਖ ਦਾ ਪਤਾ ਸੀ। ਮੈਂ ਹੁਸ਼ਿਆਰਪੁਰ ਤੋਂ ਸਿੱਧੀ ਪਠਾਨਕੋਟ ਦਿੱਲੀ ਵਾਲੀ ਬੱਸ ਫੜ੍ਹੀ। ਦਿੱਲੀ ਅੰਤਰਰਾਜੀ ਬੱਸ ਅੱਡੇ 'ਤੋਂ ਮੈਂ ਆਟੋ ਲਿਆ ਤੇ ਹਵਾਈ ਅੱਡੇ ਤੇ ਪਹੁੰਚ ਗਿਆ। ਉਹ ਮੇਰੇ ਤੋਂ ਘੰਟਾ ਕੁ ਬਾਅਦ ਪਹੁੰਚੇ। ਜਦ ਉਹ ਪਹੁੰਚੇ ਤਾਂ ਮੈਂ ਹਵਾਈ ਅੱਡੇ ਦੇ ਨਜ਼ਾਰੇ ਦੇਖ ਰਿਹਾ ਸਾਂ। ਸੇਮੀ ਜਿਹੇ ਕੇਸ ਮੈਨੂੰ ਉੱਥੇ ਕਈ ਦਿਖ ਰਹੇ ਸਨ। ਅਲਵਿਦਾ ਕਹਿਣ ਵਾਲੇ ਤੇ ਉੱਤਰਦਿਆਂ ਨੂੰ ਜੀ ਆਇਆ ਕਹਿਣ ਵਾਲੇ। ਲੋਕਾਂ ਦੀਆਂ ਨਮ ਅੱਖਾਂ ਮੇਰੇ ਜਿਹੇ ਆਮ ਸ਼ਹਿਰੀ ਨੂੰ ਵੀ ਭਾਵੁਕ ਕਰ ਰਹੀਆਂ ਸਨ।

ਜਦ ਸੇਮੀ ਹੋਰੀਂ ਪਹੁੰਚੇ ਤਾਂ ਮੇਰੀ ਉਨ੍ਹਾਂ ਨਾਲ ਹੈਲੋ ਹੈਲੋ ਹੋਈ। ਜੈਬੀ ਤੇ ਜੀਤੀ ਮੈਨੂੰ ਦੇਖ ਕੇ ਹੈਰਾਨ ਸਨ। ਸੇਮੀ ਖੁਸ਼ੀ ਨਾਲ ਫੂਲਾ ਨਹੀਂ ਸੀ ਸਮਾ ਰਿਹਾ। ਆਖਰ ਉਸਨੂੰ ਵਿਦਾ ਕਰ ਦਿੱਤਾ ਗਿਆ। ਬਾਹਰ ਸੇਮੀ ਦੇ ਮਾਪਿਆਂ ਤੋਂ ਇਲਾਵਾ ਅਸੀਂ ਤਿੰਨ ਰਹਿ ਗਏ।

'ਅਵਤਾਰ, ਬੜੀ ਦੂਰ ਤੱਕ ਸਾਥ ਦਿੱਤਾ ਸੇਮੀ ਦਾ', ਜੈਬੀ ਲਾਚੜ ਕੇ ਬੋਲਿਆ, 'ਚਮਚਾਗਿਰੀ ਦੀ ਵੀ ਕੋਈ ਹੱਦ ਹੁੰਦੀ ਏ।'

'ਮੈਂ ਤਾਂ ਚਮਚਾ ਹੀ ਹਾਂ, ਤੁਸੀਂ ਕੜਛੇ ਬਣ ਕੇ ਪੇਸ਼ ਹੋਏ ਹੋ। ਤੁਹਾਡੀ ਹਾਲਤ ਉਸ ਮੱਖੀ ਜਿਹੀ ਏ ਜਿਹੜੀ ਮੱਝ ਉੱਪਰ ਬੈਠੀ ਹੋਈ ਆਪਣੇ ਆਪ ਨੂੰ ਮੱਝ ਤੋਂ ਵੀ ਉੱਚੀ ਸਮਝਣ ਲੱਗ ਪੈਂਦੀ ਏ।'

'ਤੂੰ ਐਮ.ਏ ਦੇ ਚੰਗੇ ਭਲੇ ਨੰਬਰ ਲੈ ਕੇ ਨੌਕਰੀ ਵੀ ਲੱਭ ਚੁੱਕਾ ਏਂ। ਜਿੰਨੀਆਂ ਮਰਜ਼ੀ ਸੇਧਾਂ ਲਗਾਈ ਜਾਹ, ਅਗਲੇ ਚਲਦੇ ਪੁਰਜੇ ਘਰ ਵੀ ਦੇਖਦੇ ਆ। ਤੇਰੇ ਜਿਹੇ ਠਿਠਪੂੰਝੀਆਂ ਨੂੰ ਕੁੜੀ ਨਹੀਂ ਦਿੰਦੇ। ਅਗਲੇ ਨਿਰੀ ਪੜ੍ਹਾਈ ਨਹੀਂ ਦੇਖਦੇ। ਅੱਡੀ ਚੋਟੀ ਦਾ ਜ਼ੋਰ ਲਗਾ ਲੈ, ਸੇਮੀ ਨੇ ਤੇਰਾ ਕੁਝ ਨਹੀਂ ਕਰਨਾ। ਉਹ ਸਾਡਾ ਯਾਰ ਏ। ਪਹਿਲਾਂ ਸਾਡੀ ਵਾਰੀ ਹੀ ਆਊ!'

ਮੈਂ ਸੋਚਿਆ, ਬਹਿਸ ਮੂਰਖਾਂ ਨਾਲ ਬਹਿਸ ਕਰਨ ਦਾ ਕੋਈ ਫਾਇਦਾ ਨਹੀਂ। ਉਹ ਤਾਂ ਇੰਨੇ ਭੂਤਰੇ ਪਏ ਸਨ ਕਿ ਕੋਈ ਨੁਕਸਾਨ ਵੀ ਕਰ ਸਕਦੇ ਸਨ। ਨਾਲੇ ਉਨ੍ਹਾਂ ਨੂੰ ਕੀ ਪਤਾ ਕਿ ਮੈਂ ਦਿੱਲੀ ਅਸਲ ਕਿਸ ਮਕਸਦ ਲਈ ਆਇਆ ਸਾਂ।

ਸੇਮੀ ਨੂੰ ਅਲਵਿਦਾ ਕਹਿਣਾ ਤਾਂ ਮੇਰੇ ਲਈ ਦੂਸਰੇ ਦਰਜੇ ਦਾ ਕੰਮ ਸੀ। ਮੇਰਾ ਪਹਿਲੇ ਦਰਜੇ ਦਾ ਕੰਮ ਤਾਂ ਯੂ.ਪੀ.ਐਸ.ਸੀ ਦਫਤਰ ਜਾ ਕੇ ਭਾਰਤੀ ਪ੍ਰਸ਼ਾਸਨਿਕ ਸੇਵਾਵਾਂ ਦੀ ਪ੍ਰੀਖਿਆ ਦਾ ਫਾਰਮ ਜਮ੍ਹਾਂ ਕਰਵਾਉਣਾ ਸੀ ਜਿਸ ਦੀ ਉਸ ਦਿਨ ਆਖਰੀ ਤਾਰੀਖ ਸੀ। ਮੈਂ ਕਿਸੇ ਕਾਰਨ ਕਰਕੇ ਫਾਰਮ ਡਾਕ ਰਾਹੀਂ ਭੇਜਣ ਤੋਂ ਖੁੰਝ ਗਿਆ ਸਾਂ। ਮੈਂ ਸੋਚਿਆ ਜਦ ਫਾਰਮ ਜਮ੍ਹਾਂ ਕਰਵਾਉਣ ਜਾਣਾ ਹੀ ਹੈ ਤਾਂ ਕਿਉਂ ਨਾ ਇੱਕ ਸਨੇਹੀ ਨੂੰ ਅੰਤਰਰਾਜੀ ਬੱਸ ਸਾਡੇ ਤੋਂ ਕੁਝ ਦੂਰ ਜਾ ਕੇ ਅਲਵਿਦਾ ਵੀ ਕਹਿ ਦਈਏ। ਇੱਕ ਪੰਥ ਦੋ ਕਾਜ ਹੋ ਜਾਣਗੇ। ਅੰਬਾਂ ਦੇ ਅੰਬ ਗੁਠਲੀਆਂ ਦੇ ਦਾਮ!

ਮੈਂ ਅਸਲ ਵਿਚ ਜੈਬੀ ਤੇ ਜੀਤੀ ਜਿਹੇ ਚਿੱਚੜਾਂ ਨੂੰ ਮੂਰਖ ਬਣਾਇਆ ਸੀ। ਮੈਂ ਬਾਹਰਲੇ ਬੇਜੋੜ ਤੇ ਨਰੜ ਰੂਪੀ ਰਿਸ਼ਤੇ ਨੂੰ ਕਦੀ ਵੀ ਤਰਜੀਹ ਨਹੀਂ ਸੀ ਦਿੱਤੀ।



# ਫ਼ਿਲਮ ਲੋਕ



## ਤੁਰ ਗਿਆ ਅੰਗਰੇਜ਼ਾਂ ਦੇ ਜ਼ਮਾਨੇ ਦਾ ਜੇਲ੍ਹਰ

# ਅਲਵਿਦਾ ਅਸਰਾਨੀ ਜੀ !



ਡਾ. ਕ੍ਰਿਸ਼ਨ ਕੁਮਾਰ ਰੱਤੂ

ਹਿੰਦੀ ਸਿਨੇਮਾ ਦੇ ਬਿਹਤਰੀਨ ਸਿਤਾਰੇ ਗੋਵਰਧਨ ਅਸਰਾਨੀ ਇਸ ਦੁਨੀਆ ਤੋਂ ਦੀਵਾਲੀ ਵਾਲੇ ਦਿਨ ਵਿਦਾ ਹੋ ਗਏ ਹਨ। ਅਸਰਾਨੀ ਅਦਾਕਾਰੀ ਦਾ ਉਹ ਸਿਤਾਰਾ ਸੀ ਜਿਸ ਨੇ ਆਪਣੇ ਹਰਫ਼ਨਮੌਲਾ ਅੰਦਾਜ਼ ਨਾਲ ਲੋਕਾਂ ਦੇ ਦਿਲਾਂ ‘ਚ ਥਾਂ ਬਣਾਈ। ਇਹ ਵੀ ਇਕ ਇਤਫ਼ਾਕ ਹੀ ਰਿਹਾ ਹੈ ਦਿਵਾਲੀ ਦੀਆਂ ਸ਼ੁਭਕਾਮਨਾਵਾਂ ਦਾ ਸੰਦੇਸ਼ ਆਪਣੇ ਸੋਸ਼ਲ ਮੀਡੀਆ ‘ਤੇ ਪੋਸਟ ਕਰਨ ਤੋਂ ਬਾਅਦ ਉਸ ਸ਼ਾਮ ਹੀ ਉਸ ਦਾ ਦੇਹਾਂਤ ਹੋਇਆ। ਜੋ ਕਰੋੜਾਂ ਫ਼ਿਲਮੀ ਦਰਸ਼ਕਾਂ ਤੇ ਅਸਰਾਨੀ ਦੇ ਪਿਆਰਿਆਂ ਲਈ ਇਕ ਸਦਮੇ ਦੀ ਤਰ੍ਹਾਂ ਹੋਇਆ ਅਤੇ ਦਿਵਾਲੀ ਵਾਲੇ ਦਿਨ ਹੀ ਉਸਦਾ ਮੁੰਬਈ ‘ਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ।

**ਜਨਮ** – ਦੇਸ਼ ਦੇ ਗੁਲਾਬੀ ਸ਼ਹਿਰ ਜੈਪੁਰ ‘ਚ ਉਸ ਦਾ ਜਨਮ 1 ਜਨਵਰੀ 1941 ਨੂੰ ਹੋਇਆ ਤੇ ਇੱਥੇ ਦੇ ਹੀ ਪ੍ਰਸਿੱਧ ਸੈਂਟ ਜੇਵੀਅਰ ਸਕੂਲ ਅਤੇ ਕਾਲਜ ‘ਚ ਉਸ ਦੀ ਪੜ੍ਹਾਈ ਹੋਈ ਅਤੇ ਆਕਾਸ਼ਵਾਣੀ ਜੈਪੁਰ ‘ਚ ਨੇ ਉਸਨੇ ਕਈ ਸਾਲ ਕੰਮ ਵੀ ਕੀਤਾ। ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਅਦਾਕਾਰ ਅਸਰਾਨੀ ਹਰਫ਼ਨਮੌਲਾ ਸ਼ਖ਼ਸੀਅਤ ਹੋਣ ਦੇ ਨਾਲ-ਨਾਲ ਵਧੀਆ ਗਾਇਕ ਵੀ ਸੀ ਅਤੇ ਜਿਸ ਨੇ ਕਈ ਫ਼ਿਲਮਾਂ ‘ਚ ਹਿੰਦੀ ਤੇ ਗੁਜਰਾਤੀ ‘ਚ ਗਾਇਆ ਵੀ ਹੈ। ਉਸਨੇ ਕੱਪੜਾ ਵਪਾਰ ਤੋਂ ਲੈ ਕੇ ਫ਼ਿਲਮ ਨਿਰਮਾਣ ਤੇ ਨਿਰਦੇਸ਼ਨ ਦੇ ਨਾਲ ਅਜਿਹੇ ਕਲਾਕਾਰ ਦੀ ਭੂਮਿਕਾ ਨਿਭਾਈ ਜੋ ਬਹੁਤ ਜ਼ਹੀਨ ਲੋਕਾਂ ਦੇ ਸੰਘਰਸ਼ ਦਾ ਹਿੱਸਾ ਰਹਿੰਦੀ ਹੈ।

**ਫਿਲਮਾਂ ‘ਚ ਵੱਡੇ ਕਿਰਦਾਰ ਨਿਭਾਏ** – ਲਗਪਗ 460 ਤੋਂ ਜ਼ਿਆਦਾ ਫਿਲਮਾਂ ‘ਚ ਕੰਮ ਕਰਨ ਵਾਲਾ ਗੋਵਰਧਨ ਅਸਰਾਨੀ 1966 ਤੋਂ ਲੈ ਕੇ ਆਪਣੇ ਜੀਵਨ ਦੇ ਅੰਤਿਮ ਸਮੇਂ ਤੱਕ ਭਾਰਤੀ ਸਿਨਮਾ ਇਤਿਹਾਸ ਦਾ ਇਕ ਉਹ ਨਾਮਵਰ ਅਦਾਕਾਰ ਸੀ, ਜਿਸਨੇ ਆਪਣੀ ਸ਼ਖ਼ਸੀਅਤ ਦਾ ਲੋਹਾ ਆਪਣੀ ਮਿਹਨਤ ਸੰਘਰਸ਼ ਤੇ ਆਪਣੀ ਸਿੱਖਿਆ ਦੇ ਨਾਲ ਅਰਜਿਤ ਗਿਆਨ ਨਾਲ ਹਾਸਲ ਕੀਤਾ ਸੀ। ਉਹ ਖ਼ੁਦ ਕਹਿੰਦੇ ਸਨ ਕਿ ਸਿਨੇਮਾ ਇਕ ਸਾਇੰਸ ਹੈ ਤੇ ਇਸ ਸਾਇੰਸ ਨੂੰ ਸਮਝਣ ਤੇ ਪੜ੍ਹਨ ਲਈ ਮੈਂ ਭਾਰਤੀ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਪੁਣੇ ‘ਚ ਐਡਮਿਸ਼ਨ ਲਿਆ ਤੇ ਫਿਰ ਰਿਸ਼ੀਕੇਸ਼ ਮੁਖਰਜੀ ਵਰਗੇ ਪਾਰਖੂ ਫ਼ਿਲਮ ਨਿਰਮਾਤਾ ਦੀ ਫ਼ਿਲਮ ਗੁੱਡੀ ਨਾਲ ਉਸ ਦੀ ਐਸੀ ਗੁੱਡੀ ਚੜ੍ਹੀ ਕਿ ਉਸ ਨੇ ਫ਼ਿਲਮਾਂ ਦਾ ਇਕ ਇਤਿਹਾਸ ਬਣਾ ਦਿੱਤਾ।

**ਇਹ ਯਾਦਗਾਰ ਕਿਰਦਾਰ ਨਿਭਾਉਣ ਮਗਰੋਂ ਮਿਲੀ ਪ੍ਰਸਿੱਧੀ** – ਗੋਵਰਧਨ ਅਸਰਾਨੀ ਨੂੰ ਸ਼ੋਅਲੇ ਵਰਗੀ ਫ਼ਿਲਮ ‘ਚ ਅੰਗਰੇਜ਼ਾਂ ਦੇ ਜਮਾਨੇ ਦੇ ਜੇਲ੍ਹਰ ਦੇ ਤੌਰ ‘ਤੇ ਉਹ ਪ੍ਰਸਿੱਧੀ ਮਿਲੀ ਕਿ ਅੱਜ ਵੀ ਬੱਚੇ-ਬੱਚੇ ਦੀ ਜ਼ੁਬਾਨ ਤੇ ਸ਼ੋਅਲੇ ‘ਚ ਉਸ ਦਾ ਉਹ ਡਾਇਲੋਗ ਯਾਦ ਹੈ। ਅਸਲ ‘ਚ ਅਸਰਾਨੀ ਇਕ ਬਹੁਭਾਂਤੀ ਤੇ ਬਹੁਵਿਧਾਵਾਂ ਵਾਲੇ ਮਜ਼ਾਕੀਆ ਲਹਿਜ਼ੇ ਵਾਲੇ ਉਸ ਪਾਤਰ ਦਾ ਨਾਮ ਹੈ, ਜਿਸ ਨੇ ਆਪਣੀਆਂ ਫਿਲਮਾਂ ‘ਚ ਆਪਣੇ ਸੰਘਰਸ਼ ਅਤੇ ਅਸਲੀ ਹਾਸਰੱਸ ਨੂੰ ਜਿੰਦਾ ਰੱਖਿਆ ਅਤੇ ਉਸਨੂੰ ਜੀਵਿਆ ਵੀ। ਕਾਮਿਕ ਟਾਈਮਿੰਗ ਅਤੇ ਬੇਸ਼ੁਮਾਰ ਯਾਦਗਾਰੀ ਕਿਰਦਾਰਾਂ ਨਾਲ ਉਨ੍ਹਾਂ ਨੇ ਦਹਾਕਿਆਂ ਤੱਕ ਦਰਸ਼ਕਾਂ ਦਾ ਮਨੋਰੰਜਨ ਤੇ ਪ੍ਰਸ਼ੰਸਕਾਂ ਦੇ ਦਿਲਾਂ ਵਿਚ ਰਾਜ ਕੀਤਾ।

### ਜ਼ਿੰਦਗੀ ਦਾ ਅਹਿਮ ਮੋੜ

ਉਸ ਨੇ ਸਾਫ਼ ਕਿਹਾ ਕਿ ਉਸ ਨੂੰ ਸ਼ਾਇਦ ਸਿਨੇਮਾ ‘ਚ ਕੰਮ ਨਹੀਂ ਮਿਲਦਾ ਜੇ ਉਹ ਇਸਦੀਆਂ ਬਰੀਕੀਆਂ ਸਮਝਣ ਲਈ ਭਾਰਤੀ ਫ਼ਿਲਮ ਇੰਡਸਟਰੀ ਜੁਆਇਨ ਕਰਨ ਤੋਂ ਪਹਿਲਾਂ ਭਾਰਤੀ ਫ਼ਿਲਮ ਅਤੇ ਟੈਲੀਵਿਜ਼ਨ ਸੰਸਥਾਨ ਪੂਣੇ ‘ਚ ਨਹੀਂ ਜਾਂਦਾ। ਇਹ ਉਸ ਦਾ ਇਕ ਟਰਨਿੰਗ ਪੁਆਇੰਟ ਸੀ ਤੇ ਫਿਰ ਜੋ ਕਰੀਅਰ ਉਸ ਨੇ ਕਮਾਇਆ ਹੈ ਉਹ ਬੱਲੇ-ਬੱਲੇ ਵਾਲਾ ਹੈ।

**ਗੀਤ ਵੀ ਗਾਏ** – ਗਾਇਕ ਦੇ ਤੌਰ ਤੇ 1977 ‘ਚ ਅਸਰਾਨੀ ਨੇ ਫਿਲਮ ‘ਅਲਾਪ’ ਵਿੱਚ ਦੋ ਗੀਤ ਗਾਏ, ਜੋ ਉਨ੍ਹਾਂ ‘ਤੇ ਫਿਲਮਾਏ ਗਏ ਸਨ। ਉਨ੍ਹਾਂ ਨੇ ਫਿਲਮ ਫੂਲ ਖਿਲੇ ਹੈਂ ਗੁਲਸ਼ਨ ਗੁਲਸ਼ਨ’ ‘ਚ ਮਸ਼ਹੂਰ ਪਲੇਬੈਕ ਗਾਇਕ ਕਿਸ਼ੋਰ ਕੁਮਾਰ ਨਾਲ ਇੱਕ ਗੀਤ ਗਾਇਆ।


**ਯਾਦਗਾਰ ਮੁਲਾਕਾਤਾਂ ਦਾ ਗਵਾਹ** – ਆਪਣੇ ਲੰਬੇ ਸਿਨੇਮਾ ਸਫ਼ਰ ਦੇ ਕਾਰਨ ਹਰ ਵਾਰ ਜਦੋਂ ਵੀ ਉਹ ਜੈਪੁਰ ਆਉਂਦਾ ਸੀ ਤਾਂ ਉਸ ਦੇ ਨਾਲ ਮੁਲਾਕਾਤ ਹੁੰਦੀਆਂ ਸਨ ਕਈ ਵਾਰ ਜਵਾਹਰਕਲਾ ਕੇਂਦਰ, ਪ੍ਰਦੇਸ਼ ਯੂਨੀਵਰਸਿਟੀ ਬਾਜ਼ਾਰ ਅਤੇ ਦੂਰਦਰਸ਼ਨ ਕੇਂਦਰ ਵਿਚਲੀਆਂ ਮੁਲਾਕਾਤਾਂ ‘ਚ ਉਸ ਦੇ ਸੁਭਾਅ ਨੂੰ ਪਰਖਦੇ ਪੂਰੀ ਦੁਨੀਆਂ ਦਾ ਜ਼ਿਕਰ ਉਸਦੀਆਂ ਗੱਲਾਂ ‘ਚ ਸ਼ਾਮਿਲ ਹੁੰਦਾ ਸੀ। ਆਪਣੀਆਂ ਕਈ ਭਾਵਪੂਰਨ ਮੁਲਾਕਾਤਾਂ ‘ਚ ਅਸਰਾਨੀ ਨੇ ਕਿਹਾ ਕਿ ਜਿੰਦਗੀ ਇਕ ਵਿਗਿਆਨ ਹੈ ਤੇ ਇਸ ਨੂੰ ਇਸੇ ਤਰ੍ਹਾਂ ਹੀ ਨਿਭਾਉਣਾ ਚਾਹੀਦਾ ਹੈ।



**ਕਈ ਪੁਰਸਕਾਰ ਮਿਲੇ**– ਉਸਦੀਆਂ ਪ੍ਰਸਿੱਧ ਫ਼ਿਲਮਾਂ ਲਈ ਕਈ ਪੁਰਸਕਾਰ ਮਿਲੇ। ਉਸ ਨੂੰ ‘ਸਾਤ ਕੈਦੀ’’ (ਗੁਜਰਾਤੀ) ਲਈ ਸਰਵੋਤਮ ਅਦਾਕਾਰ ਅਤੇ ਸਰਵੋਤਮ ਨਿਰਦੇਸ਼ਕ ਲਈ ਗੁਜਰਾਤ ਸਰਕਾਰ ਦਾ ਪੁਰਸਕਾਰ ਅਤੇ 1973 ਸਰਬੋਤਮ ਕਾਮੇਡੀਅਨ ਲਈ ਅਨਹੋਨੀ ਸ਼ਮਾ-ਸੁਸ਼ਮਾ ਪੁਰਸਕਾਰ ਤੇ 1974 ਅਭਿਮਾਨ ਫਿਲਮਫੇਅਰ ਸਰਬੋਤਮ ਪੁਰਸਕਾਰ ਅਤੇ ਅੱਜ ਦੀਆ ਤਾਜ਼ਾ ਖ਼ਬਰਾਂ ਫ਼ਿਲਮਫੇਅਰ ਸਰਬੋਤਮ ਕਾਮੇਡੀਅਨ ਪੁਰਸਕਾਰ ਜਿੱਤਿਆ ਸੀ। ਪੁਣੇ ‘ਚ ਅਸਰਾਨੀ ਨੂੰ ਮਸ਼ਹੂਰ ਅਦਾਕਾਰੀ ਅਧਿਆਪਕ ਰੋਸ਼ਨ ਤਨੇਜਾ ਦੁਆਰਾ ਪੜ੍ਹਾਇਆ ਗਿਆ। ਉਸ ਦੇ ਸ਼ਬਦਾਂ ‘ਚ, ‘ਫਿਲਮ ਇੰਸਟੀਚਿਊਟ ਜਾਣ ਤੋਂ ਬਾਅਦ, ਮੈਨੂੰ ਅਹਿਸਾਸ ਹੋਇਆ ਕਿ ਅਦਾਕਾਰੀ ਦੇ ਪਿੱਛੇ ਤਰੀਕੇ ਹਨ।

ਇਹ ਪੇਸ਼ਾ ਇਕ ਵਿਗਿਆਨ ਵਰਗਾ ਹੈ। ਤੁਹਾਨੂੰ ਪ੍ਰਯੋਗਸ਼ਾਲਾ ‘ਚ ਜਾਣਾ ਪੈਂਦਾ ਹੈ ਅਤੇ ਪ੍ਰਯੋਗ ਕਰਨਾ ਪੈਂਦਾ ਹੈ। ਉਸਨੇ ਕਿਹਾ ਕਿ ਉਸਨੂੰ ਅਹਿਸਾਸ ਹੋਇਆ ਕਿ ਬਾਹਰੀ ਮੇਕਅਪ ਤੋਂ ‘ਇਲਾਵਾ ਅਦਾਕਾਰੀ ‘ਚ ਅੰਦਰੂਨੀ ਮੇਕਅਪ ਵੀ ਬਹੁਤ ਮਹੱਤਵਪੂਰਨ ਹੈ।

ਅਸਰਾਨੀ ਨੇ ਆਪਣੇ ਇਕ ਇੰਟਰਵਿਊ ‘ਚ ਅਦਾਕਾਰ ਮੋਤੀਲਾਲ ਤੋਂ ਸਿੱਖੇ ਇਕ ਸਬਕ ਨੂੰ ਵੀ ਯਾਦ ਕੀਤਾ। ਉਸਨੇ ਕਿਹਾ, ‘ਇਕ ਵਾਰ ਅਦਾਕਾਰ ਮੋਤੀਲਾਲ ਪੁਣੇ ਦੇ ਫਿਲਮ ਇੰਸਟੀਚਿਊਟ ‘ਚ ਮਹਿਮਾਨ ਵਜੋਂ ਆਇਆ ਸੀ। ਇਕ ਛੋਟੀ ਜਿਹੀ ਅਦਾਕਾਰੀ ਦੀ ਝਲਕ ਦੇਖਣ ਤੋਂ ਬਾਅਦ ਉਸ ਨੇ ਮੈਨੂੰ ਪੁੱਛਿਆ, ‘ਤੁਸੀਂ ਰਾਜਿੰਦਰ ਕੁਮਾਰ ਦੀਆਂ ਬਹੁਤ ਸਾਰੀਆਂ ਫਿਲਮਾਂ ਦੇਖਦੇ ਹੋ। ਕੀ ਤੁਸੀਂ ਉਸਦੀ ਨਕਲ ਕਰ ਰਹੇ ਹੋ? ਸਾਨੂੰ ਫਿਲਮਾਂ ‘ਚ ਕਾਪੀ ਨਹੀਂ ਚਾਹੀਦੀ?’ ‘ਇਹ ਇਕ ਵੱਡਾ ਸਬਕ ਸੀ। ਮੋਤੀਲਾਲ ਦਾ ਮਤਲਬ ਸੀ, ਆਪਣੇ ਅੰਦਰਲੀ ਪ੍ਰਤਿਭਾ ਨੂੰ ਬਾਹਰ ਕੱਢੋ। ਅਸਰਾਨੀ ਨੇ ਯਾਦ ਕਰਦੇ ਹੋਏ ਕਿਹਾ ਕਿ ਨਿਰਦੇਸ਼ਕ ਰਿਸ਼ੀਕੇਸ਼ ਮੁਖਰਜੀ ਪੂਣੇ ਦੇ ਫਿਲਮ ਇੰਸਟੀਚਿਊਟ ‘ਚ ਸੰਪਾਦਨ ਸਿਖਾਉਣ ਲਈ ਆਉਂਦੇ ਸਨ। ਇੱਕ ਦਿਨ, ਉਸਨੇ ਮੁਖਰਜੀ ਨੂੰ ਮੌਕਾ ਦੇਣ ਲਈ ਕਿਹਾ, ਕੁਝ ਦਿਨਾਂ ਬਾਅਦ ਰਿਸ਼ੀਕੇਸ਼ ਮੁਖਰਜੀ ਫਿਲਮ ‘ਗੁੱਡੀ’ ‘ਚ ਗੁੱਡੀ ਦਾ ਕਿਰਦਾਰ ਨਿਭਾਉਣ ਲਈ ਇਕ ਕੁੜੀ ਦੀ ਭਾਲ ‘ਚ ਫਿਲਮ ਇੰਸਟੀਚਿਊਟ ‘ਚ ਆਏ ਤੇ ਫ਼ਿਰ ਉਂਸ ਨੂੰ ਜਦੋਂ ਰੋਲ ਮਿਲਿਆ ਤਾਂ ਫ਼ਿਰ ਉਸ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ।



### ਵਾਇਸ ਕਲਾਕਾਰ ਵਜੋਂ ਕੀਤਾ ਆਲ ਇੰਡੀਆ ਰੇਡੀਓ ‘ਚ ਕੰਮ

ਹਿੰਦੂ ਪਰਿਵਾਰ ‘ਚ ਜਨਮੇ, ਅਸਰਾਨੀ ਨੇ ਅੱਲੜ੍ਹ ਉਮਰ ਦੌਰਾਨ ਕਾਰੋਬਾਰ ਜਾਂ ਅਕਾਦਮਿਕ ਖੇਤਰ ‘ਚ ਬਹੁਤ ਘੱਟ ਦਿਲਚਸਪੀ ਦਿਖਾਈ। ਸਗੋਂ ਇਸ ਦੀ ਬਜਾਏ, ਕਲਾ ਅਤੇ ਸਿਨੇਮਾ ਦਾ ਸ਼ੈਦਾਈ ਰਹੇ ਹੋਣਹਾਰ ਕਲਾਕਾਰ ਨੇ ਰਾਜਸਥਾਨ ਕਾਲਜ ‘ਚ ਪੜ੍ਹਦੇ ਹੋਏ ਆਲ ਇੰਡੀਆ ਰੇਡੀਓ ‘ਚ ਇਕ ਵਾਇਸ ਕਲਾਕਾਰ ਵਜੋਂ ਵੀ ਕੰਮ ਕੀਤਾ। 1960 ਦੇ ਦਹਾਕੇ ਦੇ ਸ਼ੁਰੂ ‘ਚ ਅਸਰਾਨੀ ਮੁੰਬਈ ਚਲੇ ਗਏ ਅਤੇ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਆਫ਼ ਇੰਡੀਆ, ਪੁਣੇ ਤੋਂ ਐਕਟਿੰਗ ਦੀ ਸਿਖਲਾਈ ਵੀ ਲਈ।

**50 ਸਾਲਾਂ ਦਾ ਲੰਬਾ ਫ਼ਿਲਮੀ ਕਰੀਅਰ** – ਅਸਰਾਨੀ ਨੇ ਆਪਣੇ 50 ਸਾਲ ਲੰਬੇ ਕਰੀਅਰ ਦੇ ‘ਚ 400 ਤੋਂ ਜ਼ਿਆਦਾ ਫ਼ਿਲਮਾਂ ‘ਚ ਕੰਮ ਕਰਕੇ ਇਕ ਰਿਕਾਰਡ ਬਣਾਇਆ। ਉਸ ਦੇ ਕਰੀਅਰ ‘ਤੇ 1970 ਦਾ ਦਹਾਕਾ ਸਿਖਰਲਾ ਸਮਾਂ ਸੀ ਜਦੋਂ ਉਸ ਨੇ ਬਹੁਤ ਹੀ ਵਧੀਆ ਫ਼ਿਲਮਾਂ ਜਿਵੇਂ ‘ਮੇਰੇ ਆਪਨੇਂ’, ਕੋਸ਼ਿਸ਼, ਬਾਬਰਚੀ, ਪਰਿਚਯ, ਅਭਿਮਾਨ, ਚੁੱਪਕੇ-ਚੁੱਪਕੇ, ਛੋਟੀ ਸੀ ਬਾਤ ਰਫੂ ਚੱਕਰ ਵਰਗੀਆਂ ਫਿਲਮਾਂ ‘ਚ ਅਹਿਮ ਕਿਰਦਾਰ ਨਿਭਾਏ। ਅਸਲ ‘ਚ ਉਹ ਇਕ ਐਸਾ ਬਹੁਮੁਖੀ ਕਲਾਕਾਰ ਸੀ ਜਿਸ ਦੀ ਟਾਈਮਿੰਗ ਸੰਵਾਦ ਬੋਲਣ ਦਾ ਤਰੀਕਾ ਦਰਸ਼ਕਾਂ ਨੂੰ ਹਮੇਸ਼ਾ ਯਾਦ ਰਹੇਗਾ। ਸ਼ੋਅਲੇ ਫ਼ਿਲਮ ਦੇ ਨਾਲ ‘ਚਲਾ ਮਰਾਰੀ ਹੀਰੋ ਬਨਨੇ’ ਵਰਗੀਆਂ ਫ਼ਿਲਮਾਂ ਦੀ ਗੱਲ ਕਰਦਾ ਉਹ ਰਸ਼ਕ ਨਾਲ ਭਰ ਜਾਂਦਾ ਸੀ। ਗੁਜਰਾਤੀ ਸਿਨੇਮਾ ਦੇ ‘ਚ ਵੀ ਆਪਣੀ ਪ੍ਰਤਿਭਾ ਦਿਖਾਈ ਸੀ। ਉਸਨੇ ਹਾਸਰੱਸ ਦੀਆਂ ਫ਼ਿਲਮਾਂ ‘ਚ ਵੀ ਕੰਮ ਕੀਤਾ ਤੇ ਉਸਦੀ ਇਕ ਮਿਸਾਲ ਵੀ ਸੀ।

**ਜੈਪੁਰ ਨਾਲ ਸੀ ਮੋਹ** –ਆਪਣੀਆਂ ਜੈਪੁਰ ਵਾਲੀਆਂ ਮੁਲਾਕਾਤਾਂ ‘ਚ ਅਸਰਾਨੀ ਨੂੰ ਮਿਲਦਿਆਂ ਹੋਇਆ ਇਹ ਮਹਿਸੂਸ ਕੀਤਾ ਜਾ ਸਕਦਾ ਹੈ ਕਿ ਜੇ ਤੁਸੀਂ ਇਕ ਵਿਗਿਆਨਿਕ ਢੰਗ ਨਾਲ ਸਿੱਖਿਅਤ ਹੋ ਕੇ ਕਿਸੇ ਕੰਮ ਨੂੰ ਕਰੋਗੇ ਤੇ ਫ਼ਿਰ ਕਿਸਮਤ ਵੀ ਤੁਹਾਡਾ ਸਾਥ ਦਿੰਦੀ ਹੈ ਤੇ ਇਹ ਅਸਰਾਨੀ ਨੇ ਸਿੱਧ ਕੀਤਾ ਹੈ। ਅਸਰਾਨੀ ਦੇ ਚਲੇ ਜਾਣ ਦੇ ਨਾਲ ਅਦਾਕਾਰੀ ਦੀ ਦੁਨੀਆ ਵਿਚ ਇਕ ਸੁੰਨਾਪਨ ਆ ਗਿਆ ਹੈ। ਅਸਰਾਨੀ ਦੇ ਕੋਈ ਬੱਚਾ ਨਹੀਂ ਸੀ। ਇਸ ਲਈ ਆਖ਼ਰੀ ਉਮਰ ‘ਚ ਉਸ ਨੂੰ ਕਦੀ-ਕਦੀ ਇਕੱਲ ਮਹਿਸੂਸ ਹੁੰਦੀ ਸੀ। ਜੈਪੁਰ ਉਸ ਨੂੰ ਹਮੇਸ਼ਾ ਉਸਦੀਆਂ ਯਾਦਾਂ ‘ਚ ਤਾਜ਼ਾ ਰਿਹਾ ਹੈ। ਉਸ ਦਾ ਮਨ ਸੀ ਕਿ ਉਹ ਜੈਪੁਰ ਦੇ ਇਤਿਹਾਸ ਬਾਰੇ ਜਿਸ ‘ਚ ਮਜ਼ਾਕੀਆ ਪਾਤਰ ਹੋਣ ਉਸ ਤੇ ਇਕ ਫ਼ਿਲਮ ਬਣਾਏ ਜੋ ਪੂਰੀ ਨਹੀਂ ਹੋ . ਸਕੀ। ਉਹ ਇਕ ਖ਼ੂਬਸੂਰਤ ਦਿਲ ਵਾਲਾ ਦਿਲਖ਼ੁਸ਼ ਦੋਸਤ ਸੀ, ਉਸਦੇ ਚਲੇ ਜਾਣ ਨਾਲ ਜੋ ਸਿਨਮਾ ਜਗਤ ‘ਚ ਜਗ੍ਹਾ ਖਾਲੀ ਹੋਈ ਹੈ ਉਹ ਜਲਦੀ ਕਿਸੇ ਹੋਰ ਅਸਰਾਨੀ ਨਾਲ ਨਹੀਂ ਭਰੀ ਜਾ ਸਕਦੀ।ਅਸਲ ‘ਚ ਉਹ ਇਕ ਕ੍ਰਿਸ਼ਮਈ ਤੇ ਸੰਘਰਸ਼ਸ਼ੀਲ ਸ਼ਖਸ਼ੀਅਤ ਦਾ ਮਾਲਕ ਸੀ। ਉਸ ਦੀਆਂ ਮਿਲਟੀਆਂ ਤੋਂ ਸਿੱਖਿਆ ਜਾ ਸਕਦਾ ਹੈ ਕਿ ਇਕ ਸੰਘਰਸ਼ਸ਼ੀਲ ਆਦਮੀ ਵੀ ਸਲੀਕੇ ਨਾਲ ਮੁਸਕਰਾਅ ਸਕਦਾ ਹੈ। ਹੁਣ ਅਸਰਾਨੀ ਦੇ ਚਲੇ ਜਾਣ ਨਾਲ ਭਾਰਤੀ ਫ਼ਿਲਮ ਜਗਤ ਤੋਂ ਇੱਕ ਐਸਾ ਸਿਤਾਰਾ ਚਲਾ ਗਿਆ ਹੈ। ਜਿਸ ਦੀ ਭਰਪਾਈ ਜਲਦੀ ਪੂਰੀ ਨਹੀਂ ਹੋਏਗੀ। ਮੇਰੀਆਂ ਨਿੱਜੀ ਯਾਦਾਂ ‘ਚ ਉਹ ਇਕ ਐਸਾ ਦੋਸਤ ਸੀ ਜਿਸ ਤੋਂ ਬਹੁਤ ਕੁੱਝ ਸਿੱਖਿਆ ਜਾ ਸਕਦਾ ਸੀ ।

ਅਲਵਿਦਾ ਅਸਰਾਨੀ ਜੀ!

**ਰਾਜੇਸ਼ ਖੰਨਾ ਨਾਲ ਕੀਤੀਆਂ ਲਗਪਗ 25 ਫਿਲਮਾਂ** – 1970 ਤੇ 1980 ਦੇ ਦਹਾਕੇ ਦੌਰਾਨ ਉਹ ਕਰੀਅਰ ਦੇ ਸਿਖਰ ‘ਤੇ ਰਹੇ, ਜਿਨ੍ਹਾਂ ਨੇ 100 ਤੋਂ ਵੱਧ ਸਫਲ ਫਿਲਮਾਂ ‘ਚ ਕੰਮ ਕੀਤਾ, ਜਿਸ ਦੌਰਾਨ ਅਪਣੇ ਜ਼ਮਾਨੇ ਦੇ ਸੁਪਰ ਸਟਾਰ ਰਾਜੇਸ਼ ਖੰਨਾ ਨਾਲ ਉਹ 25 ਦੇ ਲਗਪਗ ਫਿਲਮਾਂ ‘ਚ ਨਜ਼ਰ ਆਏ, ਜਿਨ੍ਹਾਂ ‘ਚ ‘ਬਾਵਰਚੀ’, ‘ਨਮਕ ਹਰਾਮ’ ਅਤੇ ‘ਮਹਿਬੂਬਾ’ ਵਰਗੀਆਂ ਹਿੱਟ ਫਿਲਮਾਂ ਸ਼ਾਮਲ ਰਹੀਆ ਹਨ।

**ਫਿਲਮਾਂ ‘ਚ ਨਿਭਾਈਆਂ ਯਾਦਗਾਰ ਭੂਮਿਕਾਵਾਂ**–ਸਭ ਤੋਂ ਯਾਦਗਾਰ ਕਾਮਿਕ ਪ੍ਰਦਰਸ਼ਨਾਂ ਨਾਲ ਸਜੀਆਂ ਫਿਲਮਾਂ ‘ਗੁੱਡੀ’, ‘ਚੁਪਕੇ ਚੁਪਕੇ, ‘ਰੋਟੀ, ‘ਛੋਟੀ ਸੀ ਬਾਤ’, ‘ਬਾਲਿਕਾ ਬਧੂ’, ‘ਪਤੀ ਪਤਨੀ ਔਰ ਤੋਂ, ‘ਰਫੂ ਚੱਕਰ’ ਆਦਿ ‘ਚ ਉਨ੍ਹਾਂ ਦੇ ਕਿਰਦਾਰ ਬੇਹੱਦ ਸਰਾਹੇ ਗਏ। ਉਨ੍ਹਾਂ ਨੇ ਫਿਲਮਾਂ ‘ਚ ਅਣਗਿਣਤ ਯਾਦਗਾਰ ਭੂਮਿਕਾਵਾਂ ਕੀਤੀਆਂ। ਕਾਮਿਕ ਟਾਈਮਿੰਗ ਅਤੇ ਬੇਸ਼ੁਮਾਰ ਯਾਦਗਾਰੀ ਕਿਰਦਾਰਾਂ ਨਾਲ ਉਨ੍ਹਾਂ ਨੇ ਦਹਾਕਿਆਂ ਤੱਕ ਦਰਸ਼ਕਾਂ ਦਾ ਮਨੋਰੰਜਨ ਤੇ ਪ੍ਰਸ਼ੰਸਕਾਂ ਦੇ ਦਿਲਾਂ ‘ਚ ਰਾਜ ਕੀਤਾ।

**ਕਈ ਫਿਲਮਾਂ ‘ਚ ਨਿਭਾਈ ਨਿਰਦੇਸ਼ਕ ਵਜੋਂ ਜ਼ਿੰਮੇਵਾਰੀ**– ‘ਚਲਾ ਮੁਰਾਰੀ ਹੀਰੋ ਬਨਨੇ’ (1977) ਵਰਗੀਆਂ ਫਿਲਮਾਂ ‘ਚ ਮੁੱਖ ਭੂਮਿਕਾਵਾਂ ਵੀ ਨਿਭਾਈਆਂ, ਜਿਸ ਦਾ ਨਿਰਦੇਸ਼ਨ ਵੀ ਉਨਾਂ ਖੁਦ ਕੀਤਾ। ਉਪਰੰਤ ਇਸੇ ਲੜੀ ਨੂੰ ਜਾਰੀ ਰੱਖਦਿਆ 1974 ਅਤੇ 1997 ਦੇ ਵਿਚਕਾਰ ਉਨਾਂ ਕੁੱਲ 6 ਫਿਲਮਾਂ ਦਾ ਨਿਰਦੇਸ਼ਨ ਕੀਤਾ। ਗੁਜਰਾਤੀ ਸਿਨੇਮਾ ‘ਚ ਉਹ 1972 ਤੋਂ 1984 ਤੱਕ ਇਕ ਪ੍ਰਮੁੱਖ ਹੀਰੋ ਦੇ ਤੌਰ ‘ਤੇ ਛਾਏ ਰਹੇ, ਜਿਨ੍ਹਾਂ ਨੇ ਬਹੁ-ਭਾਸ਼ਾਈ ਸਿਨੇਮਾਂ ਨੂੰ ਹੁਲਾਰਾ ਦੇਣ ਵਿਚ ਸਮੇਂ ਦਰ ਸਮੇਂ ਅਹਿਮ ਭੂਮਿਕਾ ਨਿਭਾਈ।

**ਲੋਕ ਸਭਾ ਚੋਣਾਂ ‘ਚ ਲਿਆ ਸਰਗਰਮੀ ਨਾਲ ਹਿੱਸਾ**–ਅਸਰਾਨੀ ਨਾ ਸਿਰਫ਼ ਇਕ ਅਦਾਕਾਰ ਸਨ ਸਗੋਂ ਇਕ ਸਿਆਸਤਦਾਨ ਵੀ ਸਨ। ਉਹ 2004 ‘ਚ ਕਾਂਗਰਸ ਪਾਰਟੀ ‘ਚ ਸ਼ਾਮਲ ਹੋਏ ਤੇ ਲੋਕ ਸਭਾ ਚੋਣਾਂ ‘ਚ ਸਰਗਰਮੀ ਨਾਲ ਹਿੱਸਾ ਲਿਆ। ਹਾਲਾਂਕਿ ਬਾਲੀਵੁੱਡ ‘ਚ ਉਨ੍ਹਾਂ ਦੀ ਸ਼ੁਰੂਆਤ ਆਸਾਨ ਨਹੀਂ ਸੀ।

ੴ ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣ ਹੋਆ॥ ੴ

ਸਮੂਹ ਸੰਗਤ ਨੂੰ ਜਗਤ ਗੁਰੂ ਬਾਬਾ

# ਧੰਨ ਧੰਨ ਗੁਰੂ ਨਾਨਕ ਦੇਵ ਜੀ ਦੇ

## 556ਵੇਂ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ

ਸ਼ਾਲਾ! ਬਾਬੇ ਨਾਨਕ ਦਾ ਉਪਦੇਸ਼ 'ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ' ਸੰਗਤ ਦੇ ਹਿਰਦੇ ਵਿਚ ਵਸਿਆ ਰਹੇ। ਦੁਨੀਆ ਵਿਚੋਂ ਵਹਿਮਾਂ-ਭਰਮਾਂ, ਜਾਤੀਵਾਦ ਦਾ ਨਾਸ ਹੋਵੇ। ਸਿੱਖ ਸੰਗਤ ਜਿੱਥੇ ਗੁਰੂ ਨਾਨਕ ਦੇਵ ਜੀ ਨੂੰ ਤਾਂ ਮੰਨਦੀ ਹੀ ਹੈ, ਉਥੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਵੀ ਆਪਣੇ ਹਿਰਦੇ ਵਿਚ ਵਸਾਵੇ।



ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਸਮੂਹ ਰੱਖੜਾ ਪਰਿਵਾਰ